93 ਵਾਂ
ਸਾਲ
ਅੰਕ 1
ਕੁਲ ਅੰਕ
#938

ਪ੍ਰੀਤ ਲੜੀ

Since 1933
Preet Lari Magazine
The Oldest Punjabi Literary Journal

ਜਨਵਰੀ 2026 | ₹ 50

ਗੋਆ ਤੋਂ ਸੰਪਾਦਕਾ ਦਾ ਖ਼ਤ (ਸੇਰੇਂਡਿਪਿਟੀ ਮੇਲਾ, ਗੋਆ) ਕਲਾਕਾਰ ਦੀ ਦੁਚਿੱਤੀ-ਦੁਬਿਧਾ- ਉਸਦੇ ਡੋਬੂ - *ਕਿਹੜੇ ਅਤੇ ਕਿਓਂ? ਕਦੋਂ ਕਲਾ-ਕਮਾਲ ਦਾ ਰੁਤਬਾ ਹਾਸਲ ਹੁੰਦਾ ਹੈ? ਅਤੇ ਕਿਵੇਂ?*

ਸਾਲ ਦੇ ਅਖੀਰਲੇ ਪੰਦਰਵਾੜੇ ਵਿਚ, ਗੋਆ, 10ਵੇਂ "ਸੇਰੇਂਡਿਪਿਟੀ" ਕਲਾ ਮੇਲੇ ਵਿਚ ਹਾਜ਼ਰੀ ਲੱਗ ਰਹੀ ਹੈ, ਜਿਸ ਮੇਲੇ ਦਾ ਦਸ ਸਾਲਾਂ ਤੋਂ ਨਾਂ ਸੁਣਦੇ ਆ ਰਹੇ ਸੀ। ਰਹਾਬ ਅੱਲਾਨਾ ਦਾ ਵਿਓਂਤਿਆ।

ਸਾਲ ਦਾ ਅਖ਼ੀਰ ਹੈ- ਜਦੋਂ ਕਿਸੇ ਅਣਵੇਖੀ ਨਵੀਨਤਾ ਲਈ ਉਤਸ਼ਾਹ ਵੀ ਹੁੰਦਾ ਹੈ ਅਤੇ ਅਸੀਂ ਕੀ ਹਾਂ ਅਤੇ ਕੀ ਬਣ ਰਹੇ ਹਾਂ ਪੱਖੋਂ ਇੱਕ ਵਿਚਾਰਸ਼ੀਲਤਾ ਅਤੇ ਧੁਖਧੁਖੀ ਵੀ।

ਇਸ ਆਲਮ ਵਿਚ, ਘਰ ਤੋਂ ਏਨੀ ਦੂਰ ਆ ਕੇ ਸਮੁੱਚੇ ਪਣਜੀ (ਪੰਜਿਮ) ਸ਼ਹਿਰ ਵਿਚ ਥਾਂ-ਥਾਂ ਫੈਲੇ ,,.ਸਮੁੰਦਰ ਵਿਚ ਵੀ ਇੱਕ ਪੁਰਾਣੇ ਸਮਾਨ-ਲੱਦੂ ਜਹਾਜ਼ ਉੱਤੇ, ਇਸ ਮੇਲੇ ਦੇ, ਹਰ ਰੋਜ਼, ਕੁਝ ਨਾ ਕੁਝ ਹਿੱਸੇ ਵੇਖਣੇ ਮਾਨਣੇ- ਜਿਸ ਨੂੰ ਵੇਖਣ ਲਈ ਅਤੇ ਆਪਣੀ ਆਪਣੀ ਕੀਤੀ ਸਾਧਨਾ ਦੀ ਪੇਸ਼ਕਾਰੀ ਕਰਨ ਲਈ- ਭਾਰਤ ਵਿੱਚੋਂ, ਅਤੇ ਬਾਹਰੋਂ ਵੀ -ਤਰ੍ਹਾਂ ਤਰ੍ਹਾਂ ਦੀਆਂ ਕਲਾਵਾਂ, ਵਿਧਾਵਾਂ ਦੇ ਕਲਾ-ਸਾਧਕ ਆਏ ਹੋਏ ਹਨ, ਅਤੇ ਦਰਸ਼ਕ, ਜਿਨ੍ਹਾਂ ਵਿਚ ਸਾਡੀ ਟੋਲੀ ਵੱਲੋਂ ਘੁੰਮਣਾ ਫਿਰਨਾ, ਖਾਣਾ ਪੀਣਾ ਅਤੇ ਜਿਸ ਮਰਜ਼ੀ ਆਪਣੇ ਜਿਹੇ ਨਾਲ, ਆਉਂਦਿਆਂ ਜਾਂਦਿਆਂ, ਮੁਸਕ੍ਰਾਹਟਾਂ ਅਤੇ ਜਾਂ ਕੋਈ ਵਿਚਾਰ ਸਾਂਝੇ ਕਰਨਾ, ਕੋਈ ਲੈ ਦੇ, ਪਿਆਰੇ ਪਲ ਸਾਂਝੇ ਕਰਨੇ - ਆਪਣੇ ਆਪ ਵਿਚ ਇੱਕ ਤਜਰਬਾ ਹੈ। ਨਾਟਕ ਹਨ, ਫ਼ਿਲਮਾਂ ਹਨ, ਦਸਤਾਵੇਜ਼ੀ ਫ਼ਿਲਮਾਂ, ਪਰਦਰਸ਼ਨੀਆਂ, ਕਠਪੁਤਲੀ ਨਾਟਕ, ਗੱਲਬਾਤ, ਕਲਾ-ਨੁਮਾਇਸ਼ਾਂ, ਨਾਗਾ ਬੈਂਡ; ਸੰਗੀਤ ਹੈ, ਇਤਿਹਾਸ ਹੈ, ਖੋਜਾਂ ਹਨ, ਨਮਦਾ ਕਿਵੇਂ ਬਣਦਾ ਹੈ ਵਾਂਗ ਪ੍ਰਤੱਖ ਜਾਨਣ ਦੇ ਮੌਕੇ ਹਨ...ਤਸਵੀਰਾਂ, ਫ਼ਿਲਮੀਕਰਨ ਅਤੇ ਲਿਖਤਾਂ ਆਦਿ ਰਾਹੀਂ ਬਹੁ-ਮਾਧਿਅਮੀ ਕੁਝ ਨਿੱਜੀ ਕਹਾਣੀਆਂ... 5-6 ਕਿਸਮ ਦੇ ਲੂਣ ਉੱਤੇ ਛੋਟੀ ਜਿਹੀ ਨੁਮਾਇਸ਼ ਅਤੇ ਚਖਣ ਦਾ ਮੌਕਾ।... ਅਤੇ ਕੌਂਬੂਚਾ! ਚਾਹ ਦੀ ਪੱਤੀ ਕਈ ਦਿਨ ਖ਼ਮੀਰ ਕੇ ਅੰਬ ਜਿਹੇ ਕਿਸੇ ਸੁਆਦ ਨਾਲ ਰਲਾਈ ਜਾਂਦੀ ਹੈ- ਪੀਣ ਵਾਲੀ ਸਿਹਤ ਲਈ ਬਹੁਤ ਲਾਹੇਵੰਦ ਚੀਜ਼ ਬਣਦੀ ਹੈ। ਚੀਨ ਦੇ ਮਨਚੂਰੀਆ ਤੋਂ ਚੱਲੀ, ਕੋਰੀਆ ਦੇ ਡਾ. ਕੋਂਬੂ ਵੱਲੋਂ ਸੁਧਾਰ ਕੇ ਜਪਾਨ ਵਿਚ ਫੈਲਾਈ (ਕੋਂਬੂ- ਚਾਹ) ਅਤੇ ਦੁਨੀਆ ਵਿਚ ਪ੍ਰਸਿੱਧ ਹੋ ਰਹੀ ਪੀਣ ਵਾਲੀ ਚੀਜ਼। ਇੱਕ ਨੌਜਵਾਨ ਆਪ ਬਣਾਉਂਦਾ ਹੈ ਅਤੇ ਮੁਫ਼ਤ ਚਖਾਅ ਰਿਹਾ ਸੀ। ਉਸਦੀਆਂ ਕਿੰਨੀਆਂ ਹੀ ਬੋਤਲਾਂ ਲੋਕਾਂ ਪੀਣ ਲਈ ਖਰੀਦੀਆਂ। ਮਹੀਨਿਆਂ-ਸਾਲਾਂ-ਦਹਾਕਿਆਂ-ਸੈਂਕੜਿਆਂ ਦੀ ਸਾਧੀ ਕਲਾ ਵੇਖਣ ਆਏ ਲੋਕ ਕਦੇ ਡੂੰਘੇ ਟੁੰਬੇ ਜਾਂਦੇ ਵਿਖੇ, ਕਦੇ ਹੱਲਾਸ਼ੇਰੀ ਦਿੰਦੇ, ਕਦੇ ਕਿਸੇ ਚੀਜ਼ ਤੋਂ ਬੇਦਿਲੀ / ਨਿਰਾਸ਼ਾ ਵੀ ਵਿਖਾਂਦੇ। ਕਲਾ ਦੇ ਉਸ ਸਮੁੰਦਰ ਵਿਚ ਤੁਰੇ ਫਿਰਦਿਆਂ- ਗੋਆ ਦੇ ਸਮੁੰਦਰ ਦੇ ਨਾਲ ਨਾਲ ਵਾਪਰ ਰਹੇ- ਮਨ ਵਿਚ ਸੁਆਲ ਪੈਦਾ ਹੋਇਆ ਕਿ ਪੈਸਾ ਅਤੇ ਸਮਾਂ ਲਾ ਕੇ ਸਾਰੇ ਏਨੀ ਏਨੀ ਦੂਰੋਂ ਇੱਥੇ ਕਿਉਂ ਆਏ ਹਾਂ, ਇੱਥੇ ਕੀ ਕਰ ਰਹੇ ਹਾਂ? ਅਤੇ- **ਫ਼ਰਕ ਕੀ ਹੈ? ਸਫ਼ਲ-ਟੁੰਬਵੀਂ ਅਤੇ ਬੱਸ ਚੰਗੀ-ਕੋਸ਼ਿਸ਼ ਵਿਚ? ਸਾਧਨਾ ਅਤੇ ਸਫ਼ਲਤਾ ਨੂੰ ਪੁੱਜਣ ਲਈ ਕੀ ਚਾਹੀਦਾ ਹੁੰਦਾ ਹੈ?** ਜੁਆਬ ਮਿਲਿਆ ਕਿ "ਪਿਆਰ ਅਤੇ ਸਰਲਤਾ ਅਤੇ ਭੋਲਾਪਣ ਜਦੋਂ ਇਨਸਾਨ ਅੰਦਰਲੀ ਇਸੇ ਹਾਲਤ ਨਾਲ ਮੇਲ ਖਾ ਜਾਏ, ਤਾਂ ਓਦੋਂ ਜੋ ਰੱਜ ਅਤੇ ਰੂਹ ਦੀ ਅਜ਼ਾਦੀ ਮਿਲਦੀ ਹੈ- ਉਹੀ ਮਹਾਨ ਕਲਾ ਹੈ। ਯਾਨੀ ਕਲਾਕਾਰ ਦਾ ਆਪਣੇ ਅੰਦਰ, ਮਨੁੱਖੀ ਪਿਆਰ ਦੀ ਸਿਖ਼ਰ ਨੂੰ ਪੁੱਜਣਾ ਸ਼ਾਇਦ ਲਾਜ਼ਮੀ ਹੈ! ਕੀ ਉਸ ਵਿਚ ਪਿਆਰ ਦੀ ਸਰਲਤਾ ਆ ਗਈ ਹੈ? ਜਾਂ ਅਜੇ ਹਉਮੈਂ/ ਅਣਸੁਲਝੇ ਜਜ਼ਬਿਆਂ ਦੀਆਂ ਠੋਕਰਾਂ ਹੀ ਖਾ ਰਿਹਾ ਹੈ? ਦਹਾਕਿਆਂ ਤੋਂ ਕਲਾ ਸਾਧਨਾ ਕਰਦੀ ਆ ਰਹੀ ਮਾਇਆ ਰਾਓ ਦੀ ਪੌਣੇ ਘੰਟੇ ਦੀ (ਕਥਾਕਲੀ ਨਾਚ-ਨੁਮਾ) ਨਾਟਕੀ ਪੇਸ਼ਕਾਰੀ- ਦਹਾਕਿਆਂ ਦੇ ਦਹਾਕੇ ਜੇਲ੍ਹਾਂ ਵਿਚ ਔਖ, ਤਸੀਹੇ ਝੱਲਦੇ ਅਤੇ ਬਿਨਾ ਫ਼ੈਸਲਾ ਲਟਕੀ ਆ ਰਹੇ, ਜ਼ਿੰਦਗੀ ਦਾ ਮੌਕਾ "ਇੱਕ ਵਾਰ ਫੇਰ ਦੇਣ" ਲਈ ਤਰਲੇ ਕਰ ਰਹੇ ਅਧਖੜ ਦੀ ਗਾਥਾ - ਹਮੇਸ਼ਾ ਲਈ ਇੱਕ ਬਿੰਬ ਛੱਡ ਗਈ। ਬੰਗਾਲ ਤੋਂ ਬੰਗਾਲੀ ਵਿਚ ਹੀ ਡੇਢ ਘੰਟੇ ਦੀ ਬੜੀਆਂ ਭਾਵਨਾਵਾਂ ਨਾਲ ਓਤ ਪੋਤ ਪੇਸ਼ਕਾਰੀ: ਕਿ ਮਹਾਭਾਰਤ ਤੋਂ ਬਾਅਦ ਇਕੱਲੇ ਰਹਿ ਗਏ 'ਭਗਵਾਨ ਕ੍ਰਿਸ਼ਣ' ਨਾਲ ਕੀ ਵਾਪਰਿਆ, ਉਹ ਕੋਈ ਨਹੀਂ ਜਾਨਣਾ ਚਾਹੁੰਦਾ? ਕਿਸ ਤਰ੍ਹਾਂ ਗੰਧਾਰੀ ਦੇ ਦਿੱਤੇ ਸ਼ਰਾਪ ਕਰਕੇ ਮੌਤ ਹੋਈ: ਕ੍ਰਿਸ਼ਣ ਦੀ ਮਹਾਨਤਾ, ਦੁਬਿਧਾ ਅਤੇ ਉਸਦੀਆਂ ਇਨਸਾਨੀ-ਕਮਜ਼ੋਰੀਆਂ ਕੀ ਸਨ- ਉਨ੍ਹਾਂ ਬਾਰੇ ਉਸੇ ਵੱਲੋਂ ਅਖੀਰਲੇ ਪਲਾਂ ਵਿਚ ਮੰਥਨ- ਕਮਾਲ ਦੀ ਤਾਜ਼ਗੀ ਵਾਲੀ ਪੇਸ਼ਕਾਰੀ ਰਹੀ।

ਪਰ- ਸਿਰਫ਼ ਅੱਧੇ ਘੰਟੇ ਦੀ ਇੱਕ ਨਾਟਕੀ ਪੇਸ਼ਕਾਰੀ ਨੇ ਸਭ ਤੋਂ ਵੱਧ ਕੀਲਿਆ। ਅਫ਼ਰੀਕੀ ਲੋਕਾਂ ਦੇ ਹੰਢਾਏ ਅਸਲੀ-ਦਰਦ ਨਾਲ ਅਰਥ-ਭਰਪੂਰ ਹੋ ਗਏ ਪਲਾਂ ਕਰਕੇ, ਇਸ ਨੇ ਪੂਰਾ ਹਿਲਾਅ ਕੇ ਰੱਖ ਦਿੱਤਾ। ਆਉਣਾ ਪੂਰੀ ਤਰ੍ਹਾਂ ਸਫ਼ਲ ਕਰ ਦਿੱਤਾ- ਕੋਈ ਦੁਚਿੱਤੀ ਨਾ ਰਹੀ ਕਿ ਕਲਾ ਕੀ ਹੈ, ਕਿਉਂ ਹੈ, ਕਿਵੇਂ ਹੈ। ਮੋਜ਼ਾਂਬੀਕ ਦੇਸ਼ ਦੇ ਇਸ ਲੰਮੇ ਪਤਲੇ ਗੰਢੇ ਹੋਏ ਸਰੀਰ ਦੇ ਨੌਜਵਾਨ ਵੱਲੋਂ, ਅੱਧਾ ਘੰਟਾ, ਨੰਗੇ ਧੜ, ਸਿਰਫ਼ ਆਧੁਨਿਕ ਨਾਚ-ਹਿਲਜੁਲ ਰਾਹੀਂ, ਜੋ ਤਿਲਮਿਲਾਹਟ ਅਤੇ ਗੁੱਸਾ, ਅਤੇ ਹਾਰ ਕੇ ਵੀ ਹਾਰ ਨਾ ਕਬੂਲ ਸਕਣ ਵਰਗਾ ਕੁਝ, ਵਿਖਾਇਆ ਗਿਆ, ਉਹ, ਹੌਲੀ ਹੌਲੀ ਦਰਸ਼ਕ ਦੇ ਦਿਲ ਨੂੰ ਆਪਣੇ ਨਾਲ ਲੈਂਦਾ ਹੋਇਆ ਉਸਦੀ ਵੀ ਤਿਲਮਿਲਾਹਟ ਬਣ ਗਿਆ। ਉਸ ਕਈ ਵਾਰ ਹਤਾਸ਼ਾ ਨਾਲ ਜਿਵੇਂ ਬਾਈਬਲ ਵਰਗੀ ਕਿਤਾਬ ਵਿਚ ਵੀ ਸਿਰ ਮਾਰਿਆ, ਛਾਤੀ 'ਤੇ ਸਲੀਬ ਦਾ ਨਿਸ਼ਾਨ ਵੀ ਬਣਾਇਆ ਸੀ...ਇਨਸਾਨੀ ਵਕਾਰ ਅਤੇ ਸੁਤੰਤਰ ਹਸਤੀ ਦੇ ਹੱਕ ਲਈ ਤਿਲਮਿਲਾਹਟ?- ਫਿਰ ਉਸ ਆਪਣੇ ਸਾਰੇ ਪਿੰਡੇ 'ਤੇ ਆਟੇ ਵਰਗਾ ਕੁਝ ਚਿੱਟਾ ਮਲ ਲਿਆ ਅਤੇ ਇਓਂ ਚਿੱਟਾ ਦਿਸ ਕੇ ਵੀ ਕਲਪਿਆ-ਤਿਲਮਿਲਾਇਆ ਹੀ। ਟੌਰਚ ਅਤੇ ਬਾਈਬਲ ਚੁੱਕੀ ਦਰਸ਼ਕਾਂ ਵਿਚ ਆ ਕੇ ਕਿਸੇ ਕਿਸੇ ਨੂੰ ਪੁੱਛਣ ਲੱਗਾ - "ਤੁਹਾਡਾ ਰੰਗ ਕੀ ਹੈ?"। "ਅਤੇ ਮੇਰਾ ਰੰਗ ਕੀ ਹੈ?" ਦਰਸ਼ਕ ਜੁਆਬ ਦਿੰਦੇ- ਭੂਰਾ, ਕਾਲਾ। ਚਿੱਟਾ! ਬਾਈਬਲ ਜਿਹੀ ਕਿਤਾਬ ਦਰਸ਼ਕਾਂ ਦੇ ਹੱਥ ਫੜਾਅ ਦਰਸ਼ਕਾਂ ਨੂੰ ਵਾਰੀ ਵਾਰੀ ਉਸ ਵਿੱਚੋਂ ਕੁਝ ਸ਼ਬਦ ਪੜ੍ਹਨ ਲਈ ਕਿਹਾ। ਸ਼ਬਦ! ਜੋ ਕਹਿ ਰਹੇ ਸਨ ਕਿ 'ਸੁਣ ਜਣਿਆ, ਜੇ ਤੂੰ ਕਿਸੇ ਨਾਲ ਧੱਕਾ ਕਰੇਂਗਾ ਤਾਂ ਸਰਾਪਿਆ ਜਾਏਂਗਾ, ਕਰੋਪੀਆਂ ਆਉਣਗੀਆਂ, ਤੇਰੇ ਬਲਦ ਮਰ ਜਾਣਗੇ, ਤੇਰੀਆਂ ਫ਼ਸਲਾਂ ਮਾਰੀਆਂ ਜਾਣਗੀਆਂ, ਤੇਰੇ ਬੱਚੇ ਤੇਰੇ ਸਾਹਮਣੇ ਕੋਈ ਲੈ ਜਾਏਗਾ"...ਵਗੈਰਾ, ਵਗੈਰਾ। ਦਸ ਕੁ ਦਰਸ਼ਕਾਂ ਵੱਲੋਂ ਵਾਰੀ ਵਾਰੀ ਇਹ ਸਭ ਪੜ੍ਹਦੇ ਜਾਣ ਦੇ ਦੌਰਾਨ ਵੀ ਇਹ ਮੰਚ 'ਤੇ ਜਾ ਕੇ ਤਿਲਮਿਲਾਉਂਦਾ ਹੀ ਰਿਹਾ। ਅਤੇ ਫਿਰ -ਜਿੱਥੋਂ ਨਿੱਕਲਿਆ ਸੀ, ਆਪਣੀ ਹੀ ਬੁਨੈਣ ਨਾਲ ਕੱਜੇ ਸਿਰ-ਮੂੰਹ ਵਿਚੋਂ- ਉਸੇ ਬੁਨੈਣ ਵਿਚ ਮੁੜ ਲੁਕਦਾ, ਮੰਚ ਤੋਂ ਭੱਜ ਗਿਆ! ਇੱਕ ਅਭੁੱਲ ਅਤੇ ਤਕੜੀ ਯਾਦ -ਉਸ ਦਰਦ ਦੀ, ਜਿਸ ਵਿਚ ਕੁਝ ਵੀ ਬਨਾਵਟੀ ਨਹੀਂ ਸੀ, ਨਾਟਕ ਹੋਣ ਦੇ ਬਾਵਜੂਦ ਕੁਝ ਵੀ ਨਾਟਕੀ ਨਹੀਂ ਸੀ। ਬੱਸ "ਦਿਲ ਦਾ ਰੁਗ਼ ਭਰਿਆ ਗਿਆ ਸੀ" (ਨਵਤੇਜ ਸਿੰਘ)। ਮੇਲਿਆਂ ਗੇਲਿਆਂ ਦੀ ਕਾਮਨਾ ਹੈ।

ਨਵੇਂ ਸਾਲ ਦੀ ਸ਼ੁਭ ਇੱਛਾ

ਜੰਗਾਂ ਮਾਰੀ ਦੁਨੀਆ ਵਿਚ ਮੁੜ ਪਿਆਰ ਨੂੰ ਚੇਤੇ ਕੀਤੇ ਜਾਣ ਦੀ ਗੱਲ? ਆਓ ਪੜ੍ਹੀਏ ਹੱਸਾਸ-ਕਲਮ "ਮਾਰੀਆ ਪੋਪੋਵਾ" ਵੱਲੋਂ ਲਿਖਿਆ- ਸੰ.:

"Beatitude" (ਪਰਮ ਖ਼ੁਸ਼ੀ) : ਕਵੀ ਜੌਨ੍ਹ ਕੀਨ ਦਾ "ਸਿਰਲੱਥ ਨਿਰਾਸ਼ਾ ਦੇ ਸੱਪ ਨੂੰ ਕੀਲਣ ਦਾ ਮੰਤਰ ਹੈ" – ਇੱਕ ਟੁੱਟ ਭੱਜ ਰਹੀ ਦੁਨੀਆ ਵਿਚ ਸਾਬਤੇ ਕਿਵੇਂ ਜੀਵੀਏ? ਇੱਥੇ ਇਸ ਤੋਂ ਕੁਝ ਮਦਦ ਮਿਲਦੀ ਹੈ ਕਿ ਅਸੀਂ 'ਜੋ ਕੁਝ ਹੈ ਉਸ ਦੇ ਹੋਣ ਲਈ ਹੀ ਬੱਸ ਉਸ ਲਈ ਖ਼ੁਸ਼ਕਿਸਮਤੀ ਮੰਗੀਏ। ਇਸ ਤੋਂ ਕੁਝ ਸਹਾਰਾ ਮਿਲਦਾ ਹੈ ਕਿ ਹਰੇਕ ਚੀਜ਼ ਦਾ 'ਉਸ ਦੇ ਸਭ-ਕੁਝ-ਪੁਣੇ ਲਈ ਸ਼ੁਕਰਾਨਾ ਕਰੀਏ, ਭਾਵੇਂ ਉਹ ਮੰਗਿਆ ਨਾ ਸੀ। ਅਤੇ ਫੇਰ ਵੀ ਅਜੇ ਸਾਨੂੰ ਹੋਰ ਮਦਦ ਦੀ ਲੋੜ ਹੁੰਦੀ ਹੈ- ਵਹਿਸ਼ੀਪੁਣੇ ਦੇ ਆਲਮ ਵਿਚ ਸੁਹਜ-ਸੁਹੱਪਣ ਦਾ ਲੜ ਫੜੀ ਰੱਖਣ ਲਈ, ਪੱਕੇ-ਪਕਾਏ ਖ਼ਿਆਲਾਂ ਦੀਆਂ ਬਖ਼ਤਰਬੰਦੀਆਂ ਉਧੇੜ ਕੇ ਵਿਰੋਧਾਂ ਦੀ ਗੁੰਝਲਦਾਰੀ ਲਿਆਉਣ ਅਤੇ ਇੱਕ ਦੂਜੇ ਨਾਲ ਵਧੇਰੇ ਕੋਮਲ-ਸਾਂਭਣਵਾਲੇ ਹੋਣ ਲਈ। ਦੁਨੀਆ ਦੇ ਬਹੁਰੰਗੇਪਣ ਨੂੰ ਵਧੇਰੇ ਸਪੱਸ਼ਟਤਾ ਨਾਲ ਵੇਖ ਸਕਣ ਲਈ ਤਾਂ ਜੋ ਹੋਰ ਵੀ ਡੂੰਘਿਆਈ ਨਾਲ ਇਸਨੂੰ ਪਿਆਰ ਸਕੀਏ।

ਇਸ ਪੱਖੋਂ ਸਾਨੂੰ ਜ਼ਿੰਦਗੀ ਵਿਚ ਇੱਕ ਵਿਰਲੇ ਮੌਕੇ ਵਾਂਗ ਮਦਦ ਮਿਲਦੀ ਹੈ ਜੌਨ੍ਹ ਕੀਨ ਦੀ ਇਸ ਕਵਿਤਾ "Beatitude" ਵਿੱਚੋਂ- ਜੋ ਕਵਿਤਾ ਵੀ ਹੈ ਅਤੇ ਐਲਾਨਿਆ-ਇਰਾਦਾ ਵੀ, ਪ੍ਰਾਰਥਣਾ ਦੀ ਸ਼ਕਲ ਵਿਚ ਇੱਕ ਰੋਸ-ਮੁਜ਼ਾਹਰਾ ਵੀ, ਬੇਦਿਲੀ ਦੇ ਸੱਪ ਤੋਂ ਬਚਣ ਲਈ ਇੱਕ ਟੂਣਾ ਵੀ। ਇਸ ਕਵਿਤਾ ਨੂੰ "ਅਮੀਰੀ ਬਾਰਾਕਾ" ਦੀ ਉਸ ਹਿਦਾਇਤ ਦਾ ਖੁਲਾਸਾ ਸਮਝੋ ਕਿ "ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਪਿਆਰੋ ਜੋ ਤੁਹਾਨੂੰ ਤਕੜਿਆਂ ਕਰਨ", ਅਤੇ "ਲਿਓਨਾਰਡ ਕੋਹੇਨ" ਦੀ ਉਸ ਹਿਦਾਇਤ ਦੀ ਪਕੜ ਨੂੰ ਹੋਰ ਪੱਕੀ ਬਣਾਉਂਦੀ ਹੈ ਕਿ – ਕਿ 'ਉਨ੍ਹਾਂ ਦਾ ਕੀ ਕਰੀਏ ਜਿਹੜੇ ਤੁਹਾਨੂੰ ਨੁਕਸਾਨ ਪਹੁੰਚਾਉਂਦੇ ਹਨ', ਅਤੇ "ਵੌਲਟ ਵ੍ਹਿਟਮੈਨ" ਵਾਲੀ ਉਹ ਮਸ਼ਾਲ ਬੁਲੰਦ ਕਰਨਾ ਵੀ ਕਿ ਜਿਸ ਨੇ ਸਾਨੂੰ ਹਲਾਸ਼ੇਰੀ ਦਿੱਤੀ ਸੀ ਕਿ "ਪਿਆਰੋ ਧਰਤੀ ਅਤੇ ਸੂਰਜ ਅਤੇ ਜਾਨਵਰਾਂ ਨੂੰ" ਤੇ ਇੱਕ ਦੂਜੇ ਦੇ ਜ਼ੱਰੇ ਜ਼ੱਰੇ ਨੂੰ, ਅਤੇ ਇਸ ਸਭ ਦੇ ਨਾਲ ਹੀ ਇਹ ਕਵਿਤਾ ਇੱਕ ਪੂਰੀ ਹੀ ਮੌਲਿਕ ਅਤੇ ਸਾਡੇ-ਅੰਦਰਲੇ-ਸਰਵਵਿਆਪੀ ਨਾਲ ਮੇਲ ਖਾਂਦੀ ਅਵਾਜ਼ ਵਿਚ ਹਰ ਵੇਲੇ ਸਾਡੇ ਨਾਲ ਗੱਲ ਕਰਦੀ ਰਹਿੰਦੀ ਹੈ।

ਪਰਮ ਖ਼ੁਸ਼ੀ, ਜਾਂ ਮਿਹਰ*

ਜੌਨ੍ਹ ਕੀਨ

ਹਰ ਚੀਜ਼ ਨੂੰ ਪਿਆਰ ਕਰੋ
ਪਿਆਰੋ ਅਸਮਾਨ ਤੇ ਸਮੁੰਦਰ, ਰੁੱਖਾਂ ਤੇ ਦਰਿਆਵਾਂ,
ਪਹਾੜਾਂ ਤੇ ਖੱਡਾਂ ਨੂੰ।
ਜਾਨਵਰਾਂ ਨੂੰ ਪਿਆਰੋ, ਤੇ ਸਿਰਫ਼ ਇਸ ਲਈ ਨਹੀਂ
ਕਿ ਤੁਸੀਂ ਵੀ ਇੱਕ ਹੋ।
ਆਪਣੇ ਮਾਪਿਆਂ ਨੂੰ ਪਿਆਰੋ ਤੇ ਆਪਣੇ ਬੱਚਿਆਂ ਨੂੰ,
ਭਾਵੇਂ ਤੁਹਾਡੇ ਨਾ ਵੀ ਹੋਣ ਕੋਈ।
ਆਪਣੇ ਜੀਵਨ ਸਾਥੀ ਨੂੰ ਪਿਆਰੋ ਜਾਂ ਨਾਲਦੇ/ ਦੀ ਨੂੰ,
ਭਾਵੇਂ ਇਸ ਸ਼ਬਦ ਦਾ ਤੁਹਾਡੇ ਲਈ ਕੋਈ ਵੀ ਅਰਥ ਹੋਏ।
ਪਿਆਰੋ ਜਦੋਂ ਤੱਕ ਕਿ ਤੁਸੀਂ ਪਹਾੜ ਵਿਚ ਇੱਕ ਗੁਫ਼ਾ ਨਹੀਂ ਕੱਢ ਲੈਂਦੇ
ਆਪਣੇ ਪਿਆਰਨ ਨਾਲ,
ਜਦੋਂ ਤੱਕ ਕਿ ਇਹ ਪਿਆਰ ਕਿਸੇ ਜਵਾਲਾਮੁਖੀ ਵਾਂਗ ਫਟ ਫਟ ਨਹੀਂ ਹੋ ਪੈਂਦਾ,
ਹਰ ਵੇਲੇ ਪਿਆਰੋ।
ਆਪਣੇ ਦੁਸ਼ਮਣਾਂ ਨੂੰ ਪਿਆਰੋ।
ਆਪਣੇ ਦੁਸ਼ਮਣਾਂ ਦੇ ਦੁਸ਼ਮਣਾਂ ਨੂੰ ਪਿਆਰੋ।
ਪਿਆਰੋ ਉਨ੍ਹਾਂ ਨੂੰ ਜਿਨ੍ਹਾਂ ਵਾਸਤੇ ਪਿਆਰ ਦਾ ਮਤਲਬ ਨਫ਼ਰਤ ਹੀ ਹੁੰਦਾ ਹੈ।
ਝੂਠਿਆਂ ਅਤੇ ਫ਼ਰੇਬੀਆਂ ਨੂੰ।
ਪਿਆਰੋ ਲੂਤੀਲਾਊਆਂ ਤੇ ਪਖੰਡੀਆਂ ਨੂੰ, ਝੂਠ ਦੀਆਂ ਪੰਡਾਂ ਅਤੇ ਦਗ਼ਾਬਾਜ਼ਾਂ ਨੂੰ।
ਪਿਆਰੋ ਚੋਰਾਂ ਨੂੰ ਕਿਉਂਕਿ ਹਰੇਕ ਨੇ
ਘੱਟੋਘੱਟ ਇੱਕ ਵਾਰ ਕੁਝ ਚੁਰਾਉਣ ਦੀ ਸੋਚੀ ਹੈ।
ਪਿਆਰੋ ਅਮੀਰਾਂ ਨੂੰ ਜੋ ਜਿਉਂਦੇ ਨੇ ਬੱਸ ਤੁਹਾਡਾ ਬਟੂਆ/ ਬੋਝਾ ਖਾਲੀ ਕਰਨ ਨੂੰ।
ਪਿਆਰੋ ਆਪਣੇ ਬਿਨ-ਸਿੱਕਿਆਂ ਵਾਲੇ ਬਟੂਏ / ਬੋਝੇ ਨੂੰ।
ਪਿਆਰੋ ਆਪਣੇ ਮੂਤਰ ਅਤੇ ਪਸੀਨੇ ਤੇ ਮਲ ਨੂੰ।
ਪਿਆਰੋ ਆਪਣੀ ਤੇ ਹੋਰਾਂ ਦੀ ਚਟਰ ਪਟਰ
ਤੇ ਇਸਦੇ ਇਸਦਾ ਸਬੂਤ ਹੋਣ ਦੀ ਕਿ ਕੁਝ-ਵੀ-ਨਹੀਂ ਵੀ ਕਿੰਨਾ ਫੈਲਰਿਆ ਹੈ ਹੁੰਦਾ।
ਆਪਣੇ ਪਰਛਾਵੇਂ ਨੂੰ ਪਿਆਰੋ ਤੇ ਇਨ੍ਹਾਂ ਦੀ ਚੁਪੀਤਿਆਂ ਲਾਈ ਪੜਚੋਲਵੀਂ-ਰੋਕ ਨੂੰ।
ਪਿਆਰੋ ਆਪਣੇ ਖ਼ੌਫ਼ਾਂ ਨੂੰ, ਬੀਤੇ ਕੱਲ੍ਹ ਵਾਲੇ ਤੇ ਆਉਣ ਵਾਲੇ ਕੱਲ੍ਹ ਦੇ ਵੀ।
ਆਪਣੇ ਬੀਤੇ ਕੱਲ੍ਹ ਤੇ ਆਉਣ ਵਾਲੇ ਕੱਲ੍ਹ ਨੂੰ ਪਿਆਰੋ।
ਪਿਆਰੋ ਆਪਣੀ ਸ਼ੁਰੂਆਤ ਤੇ ਆਪਣੇ ਅਖੀਰ ਨੂੰ।
ਪਿਆਰੋ ਇਸ ਸੱਚਾਈ ਨੂੰ ਕਿ ਤੁਹਾਡਾ ਅਖੀਰ ਹੀ ਹੈ ਇੱਕ ਹੋਰ ਸ਼ੁਰੂਆਤ,
ਜਾਂ ਹੋ ਸਕਦੀ ਹੈ, ਕਿਸੇ ਹੋਰ ਲਈ।
ਪਿਆਰੋ ਆਪਣੇ ਆਪ ਨੂੰ, ਪਰ ਬਹੁਤ ਜ਼ਿਆਦਾ ਨਹੀ
ਕਿ ਹੋਰ ਸਾਰੀਆਂ ਚੀਜ਼ਾਂ ਤੇ ਹੋਰ ਸਾਰੇ ਜਣਿਆਂ ਨੂੰ ਪਿਆਰ ਹੀ ਨਾ ਸਕੋ।
ਪਿਆਰੋ ਹਰ-ਥਾਂ।   ਪਿਆਰ ਦੀ ਗ਼ੈਰ-ਮੌਜੂਦਗੀ ਵਿਚ ਪਿਆਰੋ।
ਪਿਆਰੋ ਦਰਿੰਦੇ ਜੋ ਪੱਲਰ ਰਹੇ ਨੇ ਸ਼ਹਿਰ ਦੀ ਹਰ ਨੁੱਕਰੇ ਤੇ ਸ਼ਹਿਰੋਂ ਬਾਹਰਵਾਰ
ਪੇਂਡਾਂ ਪਾਸਿਆਂ ਦੀ ਸਾਰੀ ਦੀ ਸਾਰੀ ਮਿੱਟੀ ਵਿਚ ਹੀ।
ਪਿਆਰੋ ਆਪਣੇ ਅੰਦਰ ਪੱਲਰ ਰਹੇ ਦਰਿੰਦੇ ਨੂੰ ਤੇ ਉਸਦਾ ਟੋਟਾ ਟੋਟਾ ਕਰ ਦਿਓ
ਪਿਆਰ ਨਾਲ।
ਪਿਆਰੋ ਆਪਣੇ ਸਰੀਰ ਦੇ ਟੁੱਟੇ ਭੱਜੇ ਬੇੜੇ ਨੂੰ,
ਆਪਣੇ ਦਿਮਾਗ਼ ਦੇ ਲੂਣੇ ਬੰਜਰ ਬਾਗ ਬਗੀਚੇ ਨੂੰ।
ਪਿਆਰੋ ਪਿਆਰ ਨੂੰ।

*ਅਸਲ ਵਿਚ, ਈਸਾ ਵੱਲੋਂ ਗਿਣਾਈਆਂ ਗਈਆਂ 8 ਮਿਹਰਾਂ।   (ਅਨੁ: ਪੂਨਮ ਸਿੰਘ)

ਪ੍ਰੀਤ ਲੜੀ

THE OLDEST
LITERARY
PUNJABI MAGAZINE
IN THE WORLD

ਅੰਕ # 1
ਕੁਲ ਅੰਕ 938
ਜਨਵਰੀ 2026
ਸਾਲ 93ਵਾਂ

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਅਤੇ ਸ੍ਰੀ ਪੀ ਐੱਚ ਵੈਸ਼ਨਵ (IAS) ਮਰਹੂਮ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

₹ 50	ਮੁੱਲ
₹ 600	ਸਾਲਾਨਾ ਚੰਦਾ
₹ 25,000	ਜੀਵਨ ਸਾਥ (ਭਾਰਤ)
₹ 4,000	ਵਿਦੇਸ਼ ਸਲਾਨਾ
₹ 8,000	ਵਿਦੇਸ਼ ਸੰਸਥਾਵਾਂ ਸਲਾਨਾ

https://preetlari.in
Preet Lari's Blog

@preetlarimagazine on Instagram

facebook.com/groups/preetlari

email: preetlarhi@gmail.com

youtube: @preetlaripreetnagar

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

CONTACT:
PREET LARI,
VILLAGE PREET NAGAR
(DISTT AMRITSAR) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

FOR BANK TRANSFER,
OUR BANK ACCOUNT :
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
FOR UPI/GOOGLEPAY
9876263725

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ।"

ਮੁੱਖ ਸਫ਼ਾ: PRAVAHA': THE FLOW OF LIFE BY LEELA SAMSON AND SP ANDA DANCE COMPANY, CURATED BY SANJEEV BHARGAVA AT SERENDIPITY ARTS FESTIVAL, 2016

ਨਵਤੇਜ ਸਿੰਘ ਦੀਆਂ ਸਮੁੱਚੀਆਂ ਕਹਾਣੀਆਂ ਦਾ ਪੰਧ ਉਸਦੀ ਕਲਾਤਮਕ ਕਲਾ ਜੁਗਤ, ਡੂੰਘਾ ਸਮਾਜਕ, ਰਾਜਨੀਤਕ ਅਨੁਭਵ ਤੇ ਤੀਖਣ ਬੁੱਧੀ ਵਾਲੀ ਸੂਝ-ਸਮਝ ਨਾਲ ਸ਼ੁਰੂ ਹੋਇਆ ਤੇ ਇਹ ਪ੍ਰਤੀਬੱਧਤਾ ਤਾ-ਉਮਰ ਬਰਕਰਾਰ ਰਹੀ। ...ਬਹੁ-ਪੱਖੀ ਸ਼ਖ਼ਸੀਅਤ ਨਵਤੇਜ ਸਿੰਘ ਨੂੰ ਨਿੱਘੀ ਸਾਹਿੱਤਕ ਸ਼ਰਧਾਂਜਲੀ।

\- ਬਲਬੀਰ ਮਾਧੋਪੁਰੀ

03 ਸ ਨਵੇਂ ਸਾਲ ਦੀ ਸ਼ੁਭ ਇੱਛਾ (ਜੌਨ ਕੀਨ ਦੀ ਕਵਿਤਾ ਨਾਲ) — ਪੂਨਮ ਸਿੰਘ

37 ਦ ਬਲੋਚਿਸਤਾਨ ਦੀਆਂ ਛੇ ਯਾਦਾਂ- ਅਖੀਰਲੀ ਕੜੀ — ਗੁਰਬਖ਼ਸ਼ ਸਿੰਘ

17 ਖ ਨਵਤੇਜ ਸਿੰਘ- ਮੇਰੇ ਝਰੋਖੇ 'ਚੋਂ — ਵਰਿਆਮ ਸਿੰਘ ਸੰਧੂ

17 ਖ ਨਵਤੇਜ ਸਿੰਘ ਦੀਆਂ ਸਾਰੀਆਂ ਕਹਾਣੀਆਂ - ਸਾਰੇ ਸਾਰ
-100ਵਾਂ ਜਨਮਦਿਨ ਅਖੀਰੀ ਅੰਕ-

32 ਖ ਮਿਹਰਬਾਨੀ ਧਰਮ, ਤੁਹਾਡੀ ਉਸ ਹੌਲੀ-ਫੁੱਲ ਰੌਸ਼ਨੀ ਦੇ ਲਈ — ਸ਼ਰਮਿਲਾ ਟੈਗੋਰ

39 ਕ ਨਵਤੇਜ ਸਿੰਘ ਯਾਦਗਾਰੀ ਪੁਰਸਕਾਰ ਦੇ ਰੂ-ਬ-ਰੂ — ਜਸਵੀਰ ਸਿੰਘ ਰਾਣਾ

35 ਯ ਨਵਤੇਜ, ਪ੍ਰੀਤ ਲੜੀ ਪ੍ਰੋ.ਸਵਰਨਜੀਤ ਕੌਰ ਮਹਿਤਾ

02 ਖ ਸੇਰੇਂਡਿਪਿਟੀ ਮੇਲੇ, ਗੋਆ, ਤੋਂ ਸੰਪਾਦਕਾ ਦਾ ਖਤ

06 ਯ ਇੱਕ ਸ਼ਹਿਰ, ਇੱਕ ਰਾਬਤਾ — ਰੱਤੀ ਕੰਤ ਸਿੰਘ

07 ਕ ਰਸ ਕੱਢ ਕੇ ਦੀਵਾ ਬਾਲਿਆ (ਲੋਕ ਰੰਗ) — ਵਿਜੇਦਾਨ ਦੇਥਾ

11 ਕ ਮੇਰੇ ਪਿੰਡ ਦੇ ਮੀਰਜ਼ਾਦੇ — ਸਾਂਵਲ ਧਾਮੀ

14 ਕ ਅਜਨਬੀ (ਬੰਗਾਲੀ ਕਹਾਣੀ) — ਅਭਿਗਿਆਨ ਰੌਇ ਚੌਧਰੀ

24 ਕਿ ਕਵਿਤਾ — ਜਸਵੀਰ ਤਿਆਗੀ

36 ਕਿ ਐ ਮੇਰੀ ਕਲਮ — ਸੁਰਿੰਦਰ ਗੀਤ

39 ਕਿ ਇਸ ਤਰ੍ਹਾਂ ਨਾ ਪੁੱਛਿਆ ਕਰ — ਹਰਜਿੰਦਰ ਸਿੰਘ ਸ਼ਮੀਰ

43 ਕਿ ਬਚਪਨ — ਪੰਪੋਸ਼ ਕਲਸੀ

42 ਜ ਮੁੰਡੇ ਰੋਂਦੇ ਨਹੀਂ ਹੁੰਦੇ — ਦਲਵੀਰ ਕੌਰ, ਯੂ ਕੇ

25-28 ***ਨਿੱਕਿਆਂ ਦੀ ਨੁੱਕਰ***
ਗੋਵਿੰਦ ਸ਼ਰਮਾ, ਰਾਜਸਥਾਨ; Sikhville;
ਸੰਜੀਵ ਵਰਮਾਨੀ, ਇਕਬਾਲ ਸਿੰਘ ਸਰੋਆ

33 ਲ ਉਹ ਜਿਊਂਦੀ ਏ -29 ਅੰਗ੍ਰੇਜ਼ੀ ਕਿਤਾਬ (2018)
(ਇਮਰੋਜ਼ ਨਾਲ ਅੰਮ੍ਰਿਤਾ, ਪਿਆਰ ਬਾਰੇ ਗੱਲਾਂ) — ਡਾ. ਉਮਾ ਤ੍ਰਿਲੋਕ

32 ਲ ਰੇਡੀਓ ਦੀਆਂ ਯਾਦਾਂ -23 — ਦੇਵਿੰਦਰ ਮਹਿੰਦਰੂ

40 ਲ ਅਤਿ ਗਰੀਬ ਕਿਸਾਨ ਤੋਂ 6000 ਕਰੋੜੀ — ਬਲਰਾਜ ਸਿੰਘ ਸਿੱਧੂ ਏਡੀਜੀ (ਰਿਟ.)

44 ਲ ਪੂਰਕ ਸੁਆਦ ਸੋਫ਼ੀ ਦਾ ਸੰਸਾਰ — ਯੌਸਤੀਨ ਗਾਰਦਰ

47 E The Unrolled Bedding — Navtej Singh

ਇੱਕ ਸ਼ਹਿਰ, ਇੱਕ ਰਾਬਤਾ

ਰੱਤੀ ਕੰਤ ਸਿੰਘ

ਇੱਕ ਅਜ਼ੀਜ਼ਾ ਨੇ ਗੋਆ ਵਿਚ ਘਰ ਲੈਣ ਦਾ ਮਨ ਬਣਾਅ ਲਿਆ ਸੀ। ਗੱਲਬਾਤ ਹੋ ਗਈ ਸੀ, ਬੱਸ ਰਜਿਸਟਰੀ ਹੋਣੀ ਰਹਿ ਗਈ ਸੀ, ਜਿਸ ਵਾਸਤੇ ਉਸ ਸਾਨੂੰ ਵੀ ਨਾਲ ਲਿਜਾਣਾ ਜ਼ਰੂਰੀ ਸਮਝਿਆ। ਦੂਜੇ ਪਾਸੇ ਨਾਲ ਤਾਰੀਖ਼ ਤਹਿ ਕਰ ਕੇ ਅਤੇ ਸਮਾਂ ਮਿੱਥ ਕੇ, ਐਨ ਟਾਈਮ ਸਿਰ ਅਸੀਂ ਪਹੁੰਚ ਗਏ। ਜਿਸ ਜੋੜੇ ਕੋਲੋਂ ਇਹ ਘਰ ਖਰੀਦਣਾ ਸੀ, ਉਸ ਦੇ ਨਾਲ, ਕੁਝ ਸਮਾਂ ਪਹਿਲੋਂ ਹੀ ਆ ਜਾਣ ਕਰਕੇ, ਅਸੀਂ ਆਰਾਮ ਨਾਲ ਬੈਠ ਕੇ ਕੌਫ਼ੀ ਪੀਣ ਲਈ ਥਾਂ ਲੱਭੀ। ਉਨ੍ਹਾਂ ਪੁੱਛਿਆ ਕਿ ਤੁਸੀਂ ਕਿੱਥੋਂ ਆਏ ਹੋ, ਕਿਹੜਾ ਇਲਾਕਾ ਹੈ ਤੁਹਾਡਾ, ਓਥੇ ਮੌਸਮ ਕਿਸ ਤਰ੍ਹਾਂ ਦਾ ਹੈ, ਕੀ ਕਰਦੇ ਹੋ? ਕੀ ਤੁਸੀਂ ਇੱਥੇ ਪੱਕੇ ਰਹੋਗੇ ਕਿ ਆਉਂਦੇ ਜਾਂਦੇ ਰਹੋਗੇ? ਅਤੇ ਉਨ੍ਹਾਂ ਕਿਹਾ ਕਿ ਇਹ ਘਰ ਸਾਡੇ ਲਈ ਬੜਾ ਖ਼ੁਸ਼ਕਿਸਮਤ ਰਿਹਾ ਹੈ। ਸਾਡੇ ਬੱਚੇ ਹੁਣ ਵੱਡੇ ਹੋ ਗਏ ਹਨ ਅਤੇ ਉਨ੍ਹਾਂ ਦੇ ਰੁਝੇਵੇਂ ਅਤੇ ਸ਼ੌਕ ਬਦਲ ਗਏ ਹਨ...ਹੁਣ ਉਹ ਇੱਥੇ ਘੱਟ ਆਉਣਾ ਚਾਹੁੰਦੇ ਹਨ। ਇਹ ਪਾਰਸੀ ਮੂਲ ਦਾ ਜੋੜਾ- ਮਿੱਠੀ ਮਿੱਠੀ ਗੱਲਬਾਤ ਕੌਫ਼ੀ ਦੇ ਦੌਰਾਨ ਇਸ ਤਰ੍ਹਾਂ ਦੀ ਕਰਦਿਆਂ ਕਰਦਿਆਂ, ਵਿਚ ਵਿਚ, ਘਰ ਬਾਰੇ ਛੋਟੀ ਛੋਟੀ ਗੱਲ ਕਰਦੇ ਸੀ, ਜਿਸ ਤਰ੍ਹਾਂ ਕਿ- ਇਹ ਸਫ਼ਾਈ ਵਾਲੀ ਕੁੜੀ ਦਾ ਨੰਬਰ ਹੈ, ਲੈ ਲਓ; ਇਹ ਰਾਸ਼ਨ ਵਾਲੇ ਦਾ। ਅਤੇ ਇਸ ਤਰ੍ਹਾਂ ਦਾ ਫ਼ਿਕਰ, ਘਰ ਬਾਰੇ ਨਿੱਘਾ ਜਿਹਾ ਅਹਿਸਾਸ, ਸਾਨੂੰ ਕਰਾਅ ਰਹੇ ਸੀ। ਇੱਥੋਂ ਦੇ ਤੌਰ ਤਰੀਕੇ ਨੂੰ ਸਮਝਾਅ ਰਹੇ ਸੀ।

ਏਨੇ ਨੂੰ ਪ੍ਰੌਪਰਟੀ ਡੀਲਰ ਵੀ ਆ ਗਏ। ਉਨ੍ਹਾਂ ਦੋ ਜਣਿਆਂ ਨੂੰ ਵੀ ਅਸੀਂ ਕੌਫ਼ੀ ਦੀ ਸੁਲਹ ਮਾਰੀ। ਇਹ ਪ੍ਰੌਪਰਟੀ ਡੀਲਰ ਇੱਕ ਪੰਜਾਬੀ ਨੌਜਵਾਨ, ਅਤੇ ਇੱਕ ਗੋਆ ਦਾ ਨੌਜਵਾਨ ਸੀ। ਉਨ੍ਹਾਂ ਨਾਲ ਮੈਂ ਆਪਣੇ ਤਜਰਬੇ ਦੀਆਂ ਗੱਲਾਂ ਬਾਤਾਂ ਕਰਨ ਦੇ ਨਾਲ ਹਿਸਾਬ ਲਾਇਆ ਕਿ ਉਹ ਪੰਜਾਬੀ ਨੌਜਵਾਨ ਥੋੜ੍ਹੇ ਜਿਹੇ ਕੰਮ ਤੋਂ ਸ਼ੁਰੂ ਕਰ ਕੇ ਅੱਜ ਕੱਲ੍ਹ ਕਾਫ਼ੀ ਕਾਰੋਬਾਰ ਵਾਲਾ ਬਣ ਚੁੱਕਾ ਹੈ। ਉਸ ਨੇ ਮੇਰੇ ਨਾਲ ਇਨਵੈਸਟਮੈਂਟਾਂ ਬਾਰੇ, ਪੰਜਾਬੀਆਂ ਦੇ ਸੁਭਾਅ ਬਾਰੇ, ਗੋਆ ਦੇ ਕਨੂੰਨਾਂ ਬਾਰੇ ਅਤੇ ਐਕਟਰਾਂ, ਡਾਇਰੈਕਟਰਾਂ, ਲੀਡਰਾਂ, ਅਫ਼ਸਰਾਂ ਦੀਆਂ ਇਨਵੈਸਟਮੈਂਟਾਂ ਬਾਰੇ ਗੱਲਾਂ ਕੀਤੀਆਂ। ਮੈਂ ਵੀ ਜੋ ਕੁਝ ਇਸ ਖੇਤਰ ਦਾ ਤਜਰਬਾ ਰੱਖਦਾ ਸੀ ਉਸ ਨਾਲ ਸਾਂਝਾ ਕੀਤਾ, ਕਿਉਂਕਿ ਮੈਨੂੰ ਵੀ ਥੋੜ੍ਹੀ ਜਿਹੀ ਮੱਸ ਹੈ, ਅਜਿਹਾ ਲੈਣ ਦੇਣ ਕਰਨ ਦੀ। ਮੈਂ ਕੁਝ ਗੱਲਾਂ ਤਫ਼ਸੀਲ ਵਿਚ ਦੱਸੀਆਂ ਅਤੇ ਕਿਹਾ ਕਿ ਅੰਦਰ ਸਾਡੇ ਕਾਗ਼ਜ਼ਾਂ ਦੀ ਰੀਡਿੰਗ ਹੋ ਚੁੱਕੀ ਹੋਏਗੀ- ਜੇ ਕੋਈ ਕਮੀ ਪੇਸ਼ੀ ਹੁੰਦੀ ਤਾਂ ਉਨ੍ਹਾਂ ਸਾਨੂੰ ਹੁਣ ਤੱਕ ਅਵਾਜ਼ ਦੇ ਦੇਣੀ ਸੀ; ਲੱਗਦਾ ਹੈ ਕਿ ਹੁਣ ਅਸੀਂ ਇੱਥੋਂ ਛੇਤੀ ਫ਼ਾਰਗ ਹੋਣ ਵਾਲੇ ਹੀ ਹਾਂ! ਮੁਕਤਸਰ ਵਾਲੇ ਪਾਸੇ ਦਾ ਉਹ ਨੌਜਵਾਨ ਹੱਸ ਕੇ ਮੈਨੂੰ ਕਹਿੰਦਾ ਕਿ ਤੁਸੀਂ ਤਾਂ ਲੱਗਦਾ ਹੈ ਇਸ ਕੰਮ ਵਿਚ ਪੀਐੱਚਡੀ ਹੋ। ਮੈਂ ਵੀ ਹੱਸ ਕੇ ਕਿਹਾ ਕਿ ਇਸ ਕੰਮ ਵਿਚ ਪੀਐੱਚਡੀ ਨਹੀਂ ਹੋ ਸਕਦੀ, ਬੱਸ ਠੀਕ ਠਾਕ ਨਿੱਕਲਦੇ ਚੱਲੋ ਤਾਂ ਚੰਗਾ ਲੱਗਦਾ ਹੈ।

ਏਨੇ ਨੂੰ ਉਸ ਪਾਰਸੀ ਜੋੜੇ ਨੂੰ ਰਜਿਸਟਰੀ ਲਈ ਫ਼ੋਟੋ ਕਰਾਉਣ ਦੀ ਅਵਾਜ਼ ਪੈ ਗਈ। ਅਤੇ ਕੰਮ ਸਿਰੇ ਲੱਗ ਗਿਆ।

ਅਸੀਂ ਸਭ ਨੇ ਆਪਸ ਵਿਚ ਵਧਾਈ ਸਾਂਝੀ ਕੀਤੀ ਅਤੇ ਕੁਝ ਚਿਰ ਲਈ ਹੋਰ, ਫੇਰ ਬੈਠ ਗਏ। ਪਾਰਸੀ ਜੋੜੇ ਨੇ ਸਾਰੀਆਂ ਚਾਬੀਆਂ ਸਮਝਾਅ ਕੇ ਮੁੱਖ ਦਰਵਾਜ਼ੇ ਵਾਲੀ ਚਾਬੀ ਵੱਖ ਕਰ ਕੇ ਦਿੱਤੀ। ਆਦਮੀ ਨੇ ਕਿਹਾ ਕਿ ਫ਼ਰਿੱਜ ਕੋਲ ਵਾਇਫ਼ਾਇ ਦਾ ਸਵਿੱਚ ਹੈ...ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਇਹ ਸਾਰਾ ਕੁਝ ਓਥੇ ਲੱਗਾ ਲਗਾਇਆ ਸੀ, ਫ਼ਰਨੀਚਰ ਵਗੈਰਾ, ਜਦੋਂ ਤੁਸੀਂ ਲਿਆ ਸੀ? ਉਨ੍ਹਾਂ ਕਿਹਾ ਕਿ ਨਹੀਂ, ਉਨ੍ਹਾਂ ਦਾ ਦਿੱਤਾ ਤਾਂ ਥੋੜ੍ਹਾ ਹੋਰ ਤਰ੍ਹਾਂ ਦਾ ਸਮਾਨ ਸੀ, ਅਸੀਂ ਆਪਣੇ ਲਈ ਆਪ, ਬਿਹਤਰ, ਲਗਾਇਆ ਹੈ। ਤੇ ਇੱਥੋਂ ਅਸੀਂ ਕੁਝ ਵੀ ਲੈ ਕੇ ਨਹੀਂ ਚੱਲੇ, ਸਭ ਕੁਝ ਛੱਡ ਕੇ ਜਾ ਰਹੇ ਹਾਂ- ਇਹ ਸਾਡੇ ਲਈ ਬਹੁਤ ਚੰਗਾ ਰਿਹਾ ਹੈ ਤੇ ਜ਼ਰੂਰ ਤੁਹਾਡੇ ਲਈ ਵੀ ਚੰਗਾ ਰਹੇਗਾ। ਵਿੱਛੜਣ ਲੱਗਿਆਂ ਮੈਂ ਉਨ੍ਹਾਂ ਨੂੰ ਕਿਹਾ ਕਿ- "ਤੁਹਾਡੀ ਜੋੜੀ ਵਿਚ ਪਿਆਰ ਮੁਹੱਬਤ ਤਾਂ ਨਜ਼ਰ ਆਇਆ ਹੀ ਹੈ- ਘਰ ਵੱਲ, ਸਾਡੇ ਵੱਲ ਅਤੇ ਹਰ ਚੀਜ਼ ਵੱਲ- ਘਰ ਤਾਂ ਤੁਸੀਂ ਦਿੱਤਾ ਹੀ ਦਿੱਤਾ ਹੈ, ਆਪਣੇ ਗੁਜ਼ਾਰੇ ਸਾਲਾਂ ਦੀ ਇਸ ਘਰ ਦੇ ਨਾਲ ਗੁਡਵਿਲ ਵੀ ਦੇ ਕੇ ਜਾ ਰਹੇ ਹੋ।

ਅਗਲੇ ਦੋ ਤਿੰਨ ਦਿਨ ਵੀ ਉਨ੍ਹਾਂ ਨਾਲ ਗਾਹੇ ਬਗਾਹੇ ਫ਼ੋਨ 'ਤੇ ਰਾਬਤਾ ਰਿਹਾ, ਗੱਲਬਾਤ ਹੁੰਦੀ ਰਹੀ। ਉਨ੍ਹਾਂ ਕਿਹਾ- ਬਾਲਕੋਨੀ ਵਿਚ ਜ਼ਰੂਰ ਬੈਠ ਕੇ ਚਾਹ ਪੀਣੀ, ਅਸੀਂ ਘੱਟ ਬੈਠੇ ਸੀ, ਤੁਸੀਂ ਜ਼ਰੂਰ ਬੈਠਿਓ!

ਘਰ ਵਿਚ ਉਨ੍ਹਾਂ ਵੱਲੋਂ ਛੱਡੇ ਸਮਾਨ ਵਿਚੋਂ ਉਨ੍ਹਾਂ ਦੀ ਦੂਰਅੰਦੇਸ਼ੀ, ਸਲੀਕਾ, ਵਿਓਂਤਬੰਦੀ ਅਤੇ ਸਫ਼ਾਈ ਦਾ ਅਹਿਸਾਸ ਹੋ ਰਿਹਾ ਸੀ, ਜੋ ਸਾਨੂੰ ਹਮੇਸ਼ਾ ਉਨ੍ਹਾਂ ਨਾਲ ਜੋੜੀ ਰੱਖੇਗਾ। ਲੋੜ ਦੀ ਇੱਕ ਇੱਕ ਚੀਜ਼ ਇੱਥੇ ਮੌਜੂਦ ਸੀ! ਕੁਝ ਵੀ ਝੱਟ ਜਾ ਕੇ ਲਿਆਉਣਾ ਨਹੀਂ ਪਿਆ।

ਹੋਰ ਤਾਂ ਹੋਰ, ਉਨ੍ਹਾਂ, ਆਦਿਲ ਕੈਕੋਬਾਦ ਪਟੇਲ ਅਤੇ ਯਾਸਮੀਨ ਆਦਿਲ ਪਟੇਲ, ਨੇ ਖਾਣ ਪੀਣ ਵਾਲੀਆਂ ਚੰਗੀਆਂ ਥਾਵਾਂ ਦਾ ਵੀ ਹਵਾਲਾ ਦਿੱਤਾ ਸੀ ਤੇ ਕਿਹਾ ਸੀ ਕਿ ਇੱਥੇ ਇੱਥੇ ਜ਼ਰੂਰ ਜਾਣਾ।

ਸੁਣਿਆ ਹੀ ਸੀ ਕਿ ਪਾਰਸੀ ਲੋਕ ਬੜੇ ਸਲੀਕੇ, ਤਹੱਮਲ ਵਾਲੇ ਤੇ ਦਿਲ ਦੇ ਸਾਫ਼ ਹੁੰਦੇ ਹਨ- ਇਸਦਾ ਭਲੀ ਭਾਂਤ ਉਨ੍ਹਾਂ ਸਾਨੂੰ ਪੂਰਾ ਅਹਿਸਾਸ ਕਰਾਅ ਦਿੱਤਾ। ਅਖੀਰ ਖ਼ੁਸ਼ਦਿਲੀ ਨਾਲ ਇਹ ਵੀ ਕਿਹਾ- "ਹੁਣ ਇਹ ਤੁਹਾਡਾ ਹੈ! ਇੱਥੇ ਖ਼ੂਬ ਮਜ਼ੇ ਕਰਨਾ!"

ਸਹੀ ਹੀ ਕਹਿੰਦੇ ਸਨ ਕਿ ਪਾਰਸੀਆਂ ਤੋਂ ਬੜਾ ਕੁਝ ਸਿੱਖਦੇ ਹਨ, ਲੋਕ।

ਰਸ ਕੱਢ ਕੇ ਦੀਵਾ ਬਾਲਿਆ

ਵਿਜੈਦਾਨ ਦੇਥਾ

(ਰਾਜਸਥਾਨ ਦਾ ਲੋਕ ਰੰਗ)

ਇੱਕ ਸੀ ਠਾਕੁਰ। ਉਹਨੇ ਤਿੰਨ ਵਿਆਹ ਕਰਵਾਏ, ਫਿਰ ਵੀ ਗੱਦੀ ਦਾ ਵਾਰਸ ਨਾ ਜੰਮਿਆ ਤਾਂ ਇਕ ਦਿਨ ਗੁੱਸੇ ਦੇ ਨਾਲ ਨਸ਼ੇ ਦੇ ਭੰਬੂਕੇ ਵਿਚ ਤਿੰਨੇਂ ਠਕੁਰਾਣੀਆਂ ਮਾਰ ਦਿੱਤੀਆਂ। ਰਾਜੇ ਦੀ ਆਗਿਆ ਨਾਲ ਚੌਥੇ ਵਿਆਹ ਲਈ ਬਰਾਤ ਚੜ੍ਹੀ। ਬੜੀ ਮੁਸ਼ਕਲ ਪੰਜ ਦਿਨਾਂ ਦੀ ਛੁੱਟੀ ਮਿਲੀ। ਛੇਵੇਂ ਦਿਨ ਵਾਪਸ ਦਰਬਾਰ ਵਿਚ ਹਾਜ਼ਰ ਹੋਣਾ ਸੀ। ਡੇਢ ਦਿਨ ਦਾ ਰਸਤਾ। ਰਾਤ ਨੂੰ ਹੀ ਵਿਛੜਨਾ ਪਵੇਗਾ, ਨਹੀਂ ਤਾਂ ਨੌਕਰੀ ਖਤਰੇ ਵਿਚ ਪੈ ਜਾਵੇਗੀ।

ਵੱਗਾਂ ਵੇਲੇ ਬਰਾਤ ਮੁੜੀ –ਅਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ, ਝਿਲਮਿਲ ਤਾਰਿਆਂ ਨਾਲ ਜੜੀ ਰਾਤ ਵਿਚ, ਹਵੇਲੀ ਹੇਠਾਂ ਘੋੜਾ ਹਿਣਕਿਆ।

ਠਾਕੁਰ ਝਟ ਉੱਠ ਖੜ੍ਹਾ ਹੋਇਆ। ਗੋਡਿਆਂ ਤੱਕ ਲਹਿਰਾਉਂਦੀ ਕਾਲੀ ਸ਼ਾਹ ਗੁੱਤ ਨੂੰ ਝਟਕੇ ਨਾਲ ਹਟਾਉਂਦੀ ਠਕੁਰਾਣੀ ਆ ਸਾਹਮਣੇ ਖੜ੍ਹੀ ਹੋਈ।

ਮੋਟੀਆਂ–ਮੋਟੀਆਂ ਅੱਖਾਂ ’ਚੋਂ ਮੋਹ ਜਿਹਾ ਛਲਕਾਉਂਦਿਆਂ ਬੋਲੀ, ‘‘ਤੁਸੀਂ ਤਾਂ ਮਹਾਰਾਜ ਦੀ ਨੌਕਰੀ ’ਤੇ ਜਾ ਰਹੇ ਹੋ, ਪਰ ਇਹ ਵੈਰਨ ਰਾਤ ਮੈਨੂੰ ਪਲ ਪਲ ਡੰਗਦੀ ਰਹੇਗੀ। ਜੇ ਹੋ ਸਕੇ ਤਾਂ ਇਸ ਰਾਤ ਨੂੰ ਵੀ ਆਪਣੇ ਨਾਲ ਲੈ ਜਾਓ। ਤੁਹਾਡੇ ਬਿਨਾ ਇਹ ਨੌਂ ਲੱਖ ਤਾਰੇ ਮੇਰੇ ਰੋਮ ਰੋਮ ਵਿਚ ਤੀਰ ਵਾਂਗ ਚੁਭਣਗੇ। ਹਨੇਰਾ ਧੂ ਧੂ ਜਲਾਵੇਗਾ। ਇਸ ਤੋਂ ਤਾਂ ਚੰਗਾ ਹੈ ਤੁਸੀਂ ਮੇਰੀ ਗਰਦਨ ਹੀ ਵੱਢ ਦਿਓ। ਬਾਕੀ ਜੋ ਤੁਹਾਡੀ ਮਰਜ਼ੀ।’’

ਪਰ ਮਹਾਰਾਜ ਦੇ ਹੁਕਮ ਅੱਗੇ ਉਸ ਦੀ ਮਰਜ਼ੀ ਕਿਸ ਗਿਣਤੀ ਵਿਚ ਸੀ। ਰਕਾਬ ’ਤੇ ਪੈਰ ਰੱਖ ਘੋੜੇ ਦੀ ਲਗਾਮ ਫੜਨੀ ਹੀ ਸੀ।

ਪਤੀ ਦੇ ਜਾਣ ਸਾਰ ਠਕੁਰਾਣੀ ਦੇ ਅੰਗ ਅੰਗ ਵਿਚ ਜਗਮਗਾਉਂਦੇ ਦੀਵੇ ਇਕ ਦਮ ਬੁਝ ਗਏ। ਪਰ ਹਵੇਲੀ ਦੇ ਦੀਵੇ ਚਾਰੇ ਖੂੰਜਿਆਂ ’ਚ ਰੋਸ਼ਨੀ ਖਿਲਾਰ ਰਹੇ ਸਨ। ਤੇ ਆਸਮਾਨ ਦੇ ਦੀਵੇ ਉਸੇ ਤਰ੍ਹਾਂ ਚਮਾਚਮ ਚਮਕ ਰਹੇ ਸਨ। ਸਿਆਲ਼ ਦੀ ਠੰਡੀ ਠਾਰ ਰਾਤ ਉਸਦੇ ਅੰਦਰਲੇ ਅੰਗਾਰੇ ਭੜਕਾਅ ਰਹੀ ਸੀ। ਸੁੰਨ ਹੋਈ ਠਕੁਰਾਣੀ ਮੁੜ ਸੁਹਾਗ ਸੇਜ ’ਤੇ ਲੁੜਕ ਗਈ।

ਹਨੇਰੇ ਨੂੰ ਮਿੱਧਦਾ ਠਾਕੁਰ ਦਾ ਘੋੜਾ ਦਗੜ ਦਬੜ ਦੌੜਦਾ ਜਾ ਰਿਹਾ ਸੀ। ਦੂਜੇ ਦਿਨ ਸ਼ਾਮੀਂ ਘੋੜਾ ਦੌੜਦਾ ਦੌੜਦਾ ਚਾਣਚੱਕ ਰੁਕਿਆ। ਜਿਵੇਂ ਕਿਸੇ ਨੇ ਪੈਰ ਫੜ ਲਏ ਹੋਣ। ਠਾਕੁਰ ਨੇ ਤ੍ਰਭਕ ਕੇ ਏਧਰ ਓਧਰ ਦੇਖਿਆ।



ਇਕ ਸੱਪ ਰਸਤੇ ਦੇ ਵਿਚ ਵਿਚਾਲੇ ਵਲ਼ ਖਾਂਦਾ ਜਾ ਰਿਹਾ ਸੀ। ਲੰਬਾ। ਕਾਲ਼ਾ ਸ਼ਾਹ। ਠਾਕੁਰ ਦੀਆਂ ਅੱਖਾਂ ਅੱਗੇ ਠਕੁਰਾਣੀ ਦੀ ਗੁੱਤ ਲਹਿਰਾਅ ਗਈ। ਮੁਸਕਰਾਅ ਕੇ ਬੋਲਿਆ, ‘‘ਤੂੰ ਕੀ ਗੁਮਾਨ ਕਰਦੈਂ! ਮੇਰੀ ਘਰਵਾਲੀ ਦੀ ਗੁੱਤ ਤੈਥੋਂ ਵਧ ਲੰਬੀ ਤੇ ਵੱਧ ਚਿਕਣੀ ਹੈ। ਤੇਰਾ ਕਾਲ਼ਾ ਰੰਗ ਤਾਂ ਉਸਦੇ ਸਾਹਮਣੇ ਘਸਮੈਲਾ ਜਿਹਾ ਲੱਗਦਾ ਹੈ।’’

ਸੱਪ ਨੂੰ ਉਸ ਦੀ ਗੱਲ ਚੁਭੀ। ਸਿਰ ਤੋਂ ਪੂੰਛ ਤੱਕ ਬਿਜਲੀ ਜਿਹੀ ਦੌੜ ਗਈ। ਉਹ ਰਸਤੇ ਤੋਂ ਹਟ ਕੇ ਘਾਹ ਫੂਸ ’ਚ ਗੁਆਚ ਗਿਆ। ਠਾਕੁਰ ਦਾ ਘੋੜਾ ਫਿਰ ਸਰਪਟ ਦੌੜਨ ਲੱਗਾ।



ਸਤੰਬਰ 1926–ਨਵੰਬਰ 2013

ਓਧਰ, ਸੱਪ, ਘੋੜੇ ਦੀ ਪੈੜ ਨੱਪਦਾ ਨੱਪਦਾ ਠਾਕੁਰ ਦੇ ਮਹੱਲ ਵਿਚ ਜਾ ਪਹੁੰਚਿਆ। ਰਾਤ ਅੱਧੀ ਢਲ਼ ਚੁਕੀ ਸੀ। ਉਹ ਹਵੇਲੀ ਵਿਚ ਵੜਿਆ ਅਤੇ ਸਿੱਧਾ ਸੰਧੂਰੀ ਰੰਗੇ ਪਾਵਿਆਂ ਵਾਲੇ ਪਲੰਘ ’ਤੇ ਜਾ ਚੜ੍ਹਿਆ। ਠਕੁਰਾਣੀ ਬੇਸੁਧ ਸੁੱਤੀ ਪਈ ਸੀ। ਦੀਵਾ ਆਪਣੀ ਰੌਂ ਵਿਚ ਬਲ਼ ਰਿਹਾ ਸੀ।

ਸੱਪ ਨੇ ਗੁੱਤ ਮਿਣੀ। ਸਚਮੁਚ ਗੁੱਤ ਉਸ ਨਾਲੋਂ ਵੱਧ ਲੰਬੀ ਸੀ। ਵੱਧ ਕਾਲ਼ੀ ਤੇ ਵੱਧ ਚਿਕਣੀ। ਉਸ ਦਾ ਮੂੰਹ ਉੱਤਰ ਗਿਆ। ਇਹ ਤਾਂ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ। ਵਾਪਸ ਜਾਣ ਲਈ ਮੁੜਿਆ ਹੀ ਸੀ ਕਿ ਠਕੁਰਾਣੀ ਦੀ ਜਾਗ ਖੁੱਲ੍ਹ ਗਈ। ਤ੍ਰਭਕ ਕੇ ਉੱਠੀ। ਫੁੰਕਾਰਾ ਸੁਣ ਕੇ ਏਧਰ–ਓਧਰ ਦੇਖਿਆ। ਪੱਟ ਦੇ ਹੇਠਾਂ ਸੱਪ! ਜ਼ਰਾ ਵੀ ਨਾ ਡਰੀ। ਬੇਧੜਕ, ਮਹਿੰਦੀ ਰਚੇ ਹੱਥਾਂ ਨਾਲ ਉਸਦੀ ਪੂਛ ਫੜ ਲਈ। ਸੱਪ ਨੇ ਨਾ ਫਣ ਚੁੱਕਿਆ ਤੇ ਨਾ ਹੀ ਉਹ ਫੁੰਕਾਰਿਆ। ਹੈਰਾਨੀ ਨਾਲ ਪੁੱਛਿਆ, ‘‘ਮੇਰੀ ਪੂਛ ਕਿਉਂ ਫੜੀ? ਮੈਨੂੰ ਜਾਣ ਦਿਓ। ਲੋਕ ਤਾਂ ਮੇਰੀ ਲਕੀਰ ਤੋਂ ਹੀ ਡਰਦੇ ਹਨ ਤੇ ਤੁਸੀਂ ਆਪਣੇ ਨਾਜ਼ੁਕ ਹੱਥਾਂ ਨਾਲ ਮੇਰੀ ਪੂਛ ਫੜ ਲਈ! ਜਾਂ ਤਾਂ ਤੁਹਾਨੂੰ ਪਤਾ ਨਹੀਂ ਕਿ ਮੇਰਾ ਡੰਗਿਆ ਪਾਣੀ ਵੀ ਨਹੀਂ ਮੰਗਦਾ ਜਾਂ ਤੁਸੀਂ ਜ਼ਿੰਦਗੀ ਤੋਂ ਤੰਗ ਆ ਚੁੱਕੇ ਹੋ।’’

ਉਸਨੇ ਫਿਰ ਵੀ ਪੂਛ ਨਹੀਂ ਛੱਡੀ। ਬੋਲੀ, ‘‘ਮੈਂ ਅਣਜਾਣ ’ਚ ਤੇਰੀ ਪੂਛ ਨਹੀਂ ਫੜੀ। ਜ਼ਿੰਦਗੀ ਦਾ ਅਨੰਦ ਲੈਣ ਲਈ ਮੈਂ ਸੱਪ ਤੋਂ ਵੀ ਨਹੀਂ ਡਰੀ। ਮੇਰੇ ਨਾਲ ਘਰ ਵਸਾਵੇਂ ਤਾਂ ਪੂਛ ਛੱਡਾਂ। ਨਹੀਂ ਤਾਂ ਮਹਿੰਦੀ ਰਚੇ ਹੱਥਾਂ ਵਿਚ ਇੰਝ ਹੀ ਫੜੀ ਰੱਖਾਂਗੀ।’’

ਸੱਪ ਬੋਲਿਆ, ‘‘ਪਰ ਮੈਂ ਤੇਰੇ ਨਾਲ ਘਰ ਕਿਵੇਂ ਵਸਾਅ ਸਕਦਾ ਹਾਂ? ਮੈਂ ਸੱਪ ਤੇ ਤੂੰ ਔਰਤ! ਮੈਨੂੰ ਦੇਖ ਕੇ ਹੀ ਲੋਕਾਂ ਦੀ

ਰਸ ਕੱਢ ਕੇ ਦੀਵਾ ਬਾਲਿਆ

ਜਾਨ ਸੁੱਕ ਜਾਂਦੀ ਹੈ ਤੇ ਮੇਰੇ ਚੁੰਮਣ ਨਾਲ ਉਹ ਮਰ ਜਾਂਦੇ ਹਨ। ਸੋ ਆਪਣਾ ਮੇਲ ਕਿਵੇਂ ਹੋ ਸਕਦੈ?''

ਉਹ ਆਪਣੀ ਕਾਲੀ ਗੁੱਤ ਸੱਪ ਦੇ ਆਲ਼ੇ-ਦੁਆਲ਼ੇ ਵਲ੍ਹੇਟਦਿਆਂ ਬੋਲੀ, ''ਮੇਰੇ ਹਿਰਦੇ ਵਿਚ ਨਾਗਣ ਫੁੰਕਾਰ ਰਹੀ ਹੈ। ਉਹ ਤੈਨੂੰ ਦਿਸਦੀ ਨਹੀਂ। ਤੇਰਾ ਮੇਰਾ ਮਨ ਮਿਲ ਗਿਆ ਹੈ। ਫਿਰ ਆਪਣੇ ਮੇਲ 'ਚ ਕਮੀ ਕਿਸ ਚੀਜ਼ ਦੀ! ਮੰਨਦਾ ਹੈਂ ਤਾਂ ਤੇਰੀ ਮਰਜ਼ੀ, ਨਹੀਂ ਜਾਣ ਤਾਂ ਮੈਂ ਤੈਨੂੰ ਦੇਣਾ ਨਹੀਂ। ਮੇਰੇ ਹਿਰਦੇ ਦੀ ਨਾਗਣ ਤੇਰੇ ਬਿਨਾ ਤੜਪ ਰਹੀ ਹੈ, ਵਿਲਕ ਰਹੀ ਹੈ।''

ਉਸ ਦੀ ਜ਼ਿੱਦ ਅੱਗੇ ਸੱਪ ਦੀ ਇਕ ਵੀ ਨਾ ਚੱਲੀ। ਗੁੱਤ ਨਾਲ ਉਸ ਦਾ ਮਨ ਵੀ ਗੁੰਦਿਆ ਗਿਆ। ਮੁਸਕਰਾ ਕੇ ਅੰਮ੍ਰਿਤ ਘੁਲ਼ੇ ਸੁਰ ਵਿਚ ਬੋਲਿਆ, ''ਪਰ ਔਰਤਾਂ ਦੇ ਮਨ ਦਾ ਕੀ ਭਰੋਸਾ! ਮੇਰੇ ਨਾਲ ਪ੍ਰੀਤ ਨਿਭਾਵੇਂਗੀ ਤਾਂ ਮੈਂ ਕਿਤੇ ਵੀ ਨਹੀਂ ਜਾਵਾਂਗਾ। ਤੇਰੀ ਮੇਰੀ ਇਕ ਜਿੰਦੜੀ!''

ਉਹ ਸੱਪ ਦੇ ਬੁੱਲ੍ਹਾਂ ਨੂੰ ਚੁੰਮ ਕੇ ਬੋਲੀ, ''ਇਹ ਔਰਤਾਂ ਦਾ ਹੀ ਮਨ ਹੈ ਜੋ ਸੱਪ ਨਾਲ ਵੀ ਪ੍ਰੇਮ ਕਰ ਸਕਦਾ ਹੈ। ਮੇਰੇ ਇਨ੍ਹਾਂ ਬੁੱਲ੍ਹਾਂ ਦਾ ਵੀ ਤੈਨੂੰ ਭਰੋਸਾ ਨਹੀਂ? ਫਿਰ ਤਾਂ ਦੁਨੀਆ ਵਿਚ ਭਰੋਸੇ ਲਾਇਕ ਕੁਝ ਹੈ ਹੀ ਨਹੀਂ।''

ਇਸ ਵਿਚ ਅਸਚਰਜ ਵਾਲੀ ਕੋਈ ਗੱਲ ਨਹੀਂ ਕਿ ਔਰਤ ਦੇ ਬੁੱਲ੍ਹਾਂ ਦੀ ਛੋਹ ਦੇ ਨਾਲ ਹੀ ਸੱਪ ਮਰਦ ਬਣ ਗਿਆ। ਰੂਪ ਤੇ ਜਵਾਨੀ ਦੀ ਸੋਹਣੀ ਮੂਰਤ।

ਫੇਰ ਠਕੁਰਾਣੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਹਿਰਦੇ ਵਿਚ ਫੁੰਕਾਰਦੀ ਨਾਗਣ ਦੇ ਮੂੰਹ 'ਚੋਂ ਫੁੱਲ ਕਿਰਨ ਲੱਗੇ। ਅੰਮ੍ਰਿਤ ਬਰਸਣ ਲੱਗਾ। ਉਹ ਮਸਤੀ ਵਿਚ ਨੱਚਣ ਲੱਗੀ।

ਸੂਰਜ ਚੜ੍ਹਨ 'ਤੇ ਉਹ ਮੁੜ ਸੱਪ ਬਣ ਜਾਂਦਾ। ਸੂਰਜ ਡੁੱਬਣ ਸਾਰ ਫਿਰ ਲਿਸ਼-ਲਿਸ਼ ਕਰਦਾ ਜਵਾਨ।

ਠਕੁਰਾਣੀ ਲਈ ਚਿੱਟੇ ਦਿਨ ਕਾਲੀਆਂ-ਕਲੂਟੀਆਂ ਰਾਤਾਂ ਬਣ ਗਈਆਂ ਅਤੇ ਕਾਲੀਆਂ ਰਾਤਾਂ ਉਸ ਨੂੰ ਦਿਨ ਨਾਲੋਂ ਵੀ ਵੱਧ ਚਿੱਟੀਆਂ ਲੱਗਣ ਲੱਗੀਆਂ। ਉਸਦੀ ਜ਼ਿੰਦਗੀ ਵਿਚ ਅੰਮ੍ਰਿਤ ਘੁਲ਼ ਗਿਆ। ਸੱਪ ਤੋਂ ਬਿਨਾ ਉਸ ਦਾ ਇਕ ਪਲ ਵੀ ਜੀਅ ਨਾ ਲੱਗਦਾ। ਸਾਰਾ ਦਿਨ ਉਹ ਉਸ ਨੂੰ ਗੋਦੀ ਵਿਚ ਖਿਡਾਉਂਦੀ ਜਾਂ ਆਪਣੀ ਗੁੱਤ ਨਾਲ ਗੁੰਦ ਕੇ ਰੱਖਦੀ। ਸੋਨੇ ਦੀ ਕਟੋਰੀ ਵਿਚ ਦੁੱਧ-ਕੇਸਰ ਪਿਆਉਂਦੀ। ਖ਼ੁਦ ਉਸ ਦਾ ਜੂਠਾ ਦੁੱਧ ਪੀਂਦੀ। ਸ਼ਾਮੀਂ ਹਨੇਰਾ ਹੋਣ ਸਾਰ ਨੌਜਵਾਨ ਦੇ ਹਿਰਦੇ ਵਿਚ ਸਮਾਅ ਜਾਂਦੀ।

ਇਸ ਤਰ੍ਹਾਂ ਬਦਲੇ ਹੋਏ ਦਿਨ ਰਾਤ ਦਾ ਪਹੀਆ ਅਕਹਿ ਅਨੰਦ ਦੇ ਨਾਲ ਘੁੰਮ ਰਿਹਾ ਸੀ ਕਿ ਚਾਣਚੱਕ ਰੰਗ ਵਿਚ ਭੰਗ ਪੈ ਗਿਆ। ਮਹਾਰਾਜ ਦੀ ਆਗਿਆ ਲੈ ਕੇ ਠਕੁਰਾਣੀ ਨੂੰ ਮਿਲਣ ਦੀ ਉਮੰਗ ਵਿਚ ਠਾਕੁਰ ਨਸ਼ੇ ਵਿਚ ਝੂਮਦਾ ਮਹੱਲ ਵਿਚ ਪਹੁੰਚਿਆ। ਉਸ ਸਮੇਂ ਸੂਰਜ ਸਿਰ 'ਤੇ ਚੜ੍ਹਿਆ ਹੋਇਆ ਕਣ-ਕਣ ਵਿਚ ਰੌਸ਼ਨੀ ਖਲਾਰ ਰਿਹਾ ਸੀ।

ਦਾਸੀ ਦੇ ਮੂੰਹੋਂ ਇਹ ਸ਼ੁਭ ਸਮਾਚਾਰ ਸੁਣ ਕੇ ਠਕੁਰਾਣੀ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਦੇਖਿਦਿਆਂ ਹੀ ਦੇਖਦਿਆਂ ਸਾਰਾ ਰੰਗ-ਮਹੱਲ ਧੂੰਏਂ ਨਾਲ ਭਰ ਗਿਆ।

ਗੁੱਤ 'ਚੋਂ ਨਿੱਕਲ ਕੇ ਸੱਪ ਉਸਦੇ ਸਾਹਮਣੇ ਫਣ ਤਾਣ ਕੇ ਕਹਿਣ ਲੱਗਾ, ''ਸੱਤ ਫੇਰਿਆਂ ਵਾਲਾ ਮਾਹੀ ਆਇਆ ਹੈ। ਹੁਣ ਮੈਨੂੰ ਕਿਸ ਪੁੱਛਣੈਂ! ਪਰ ਵਿਛੋੜਾ ਪੈਣ ਸਾਰ ਮੇਰੀ ਜਾਨ ਨਿਕਲ ਜਾਵੇਗੀ। ਦੂਰ ਰਹਿ ਕੇ ਜਿਊਣ ਨਾਲੋਂ ਤਾਂ ਮਰਨਾ ਚੰਗਾ!''

ਠਕੁਰਾਣੀ ਦੀਆਂ ਅੱਖਾਂ ਭਰ ਆਈਆਂ। ਰੁੱਧੇ ਸੁਰ 'ਚ ਬੋਲੀ, ''ਉਹ ਆ ਗਿਐ -ਤਾਂ ਇਹਦਾ ਮੈਂ ਵੀ ਕੀ ਕਰਾਂ? ਪਰ ਹਿੰਮਤ ਹਾਰਨ ਨਾਲ ਪ੍ਰੀਤ ਨਹੀਂ ਨਿਭਦੀ ਹੁੰਦੀ। ਕਿਸੇ ਬਹਾਨੇ ਮੈਂ ਠਾਕੁਰ ਨੂੰ ਚੰਪਾ ਦੇ ਫੁੱਲ ਲੈਣ ਲਈ ਭੇਜਾਂਗੀ। ਫੁੱਲ ਤੋੜਦੇ ਨੂੰ ਤੂੰ ਡੰਗ ਲਈਂ। ਕਿਸੇ ਨੂੰ ਕੰਨੋਂ-ਕੰਨ ਖ਼ਬਰ ਨਹੀਂ ਹੋਣੀ। ਹੁਣ ਤੂੰ ਆਪਣੇ ਦੰਦਾਂ ਵਿਚ ਅੰਮ੍ਰਿਤ ਦੀ ਥਾਂ ਮੁੜ ਜ਼ਹਿਰ ਭਰ ਲੈ। ਦੇਖਦੀ ਹਾਂ, ਕਿੰਨੀ ਹੁਸ਼ਿਆਰੀ ਵਰਤਦਾ ਹੈਂ! ਫੁੱਲਾਂ ਨੂੰ ਹੱਥ ਲਾਉਣ ਤੋਂ ਪਹਿਲਾਂ ਹੀ ਸਿੱਧਾ ਸੁਰਗਾਂ ਨੂੰ! ਉੱਥੇ ਦੇਵਤੇ ਉਸ ਦਾ ਰਾਹ ਤੱਕ ਰਹੇ ਹਨ।''

ਸੱਪ ਨੂੰ ਵੀ ਗੱਲ ਜਚੀ। ਸਰਸਰਾਉਂਦਾ ਹੋਇਆ ਪਲੰਘ ਤੋਂ ਉਤਰਿਆ। ਬਾਗ ਵਿਚ ਜਾ ਕੇ ਚੰਪਾ ਦੇ ਫੁੱਲਾਂ ਵਿਚ ਕੁੰਡਲੀ ਮਾਰ ਕੇ ਬੈਠ ਗਿਆ।

ਠਕੁਰਾਣੀ ਨੂੰ ਮਿਲਣ ਦੀ ਉਮੰਗ ਵਿਚ ਠਾਕੁਰ ਰੰਗ-ਮਹੱਲ ਵਿਚ ਆਇਆ। ਠਕੁਰਾਣੀ ਸੋਲ਼ਾਂ ਸ਼ਿੰਗਾਰ ਕਰ ਕੇ ਗਹਿਣੇ ਗੱਟੇ ਨਾਲ ਲੱਦੀ ਹੋਈ ਪਲੰਘ ਕੋਲ ਖੜ੍ਹੀ ਸੀ। ਮੁਸਰਕਾਅ ਕੇ ਅਜਿਹੀਆਂ ਨਸ਼ੀਲੀਆਂ ਨਜ਼ਰਾਂ ਨਾਲ ਠਾਕੁਰ ਵੱਲ ਦੇਖਿਆ ਕਿ ਉਸਨੂੰ ਬਿਨਾ ਪੀਤਿਆਂ ਹੀ ਹਜ਼ਾਰ ਬੋਤਲਾਂ ਦਾ ਨਸ਼ਾ ਚੜ੍ਹ ਗਿਆ। ਪਹਿਲੀ ਵਾਰ ਉਸਨੂੰ ਸਮਝ ਆਈ ਕਿ ਰਾਜੇ ਦੀ ਨੌਕਰੀ ਕਿੰਨੀ ਕੌੜੀ ਹੈ! ਕਿੰਨੀ ਮਹਿੰਗੀ!

ਠਾਕੁਰ ਦੀ ਇੱਛਾ ਦੇ ਜਵਾਬ ਵਿਚ ਸਾਰਾ ਰੂਪ ਤੇ ਸਾਰੀ ਜਵਾਨੀ ਅੱਖਾਂ 'ਚੋਂ ਡੋਲ੍ਹਦਿਆਂ ਠਕੁਰਾਣੀ ਬੋਲੀ, ''ਇੱਥੇ ਹੋਰ ਤਾਂ ਕਿਸੇ ਚੀਜ਼ ਦੀ ਕਮੀ ਨਹੀਂ, ਪਰ ਚੰਪਾ ਦੇ ਫੁੱਲਾਂ ਤੋਂ ਬਿਨਾ ਇਹ ਸੇਜ ਅਲੂਣੀ ਲੱਗਦੀ ਹੈ। ਤੁਸੀਂ ਏਨੇ ਦਿਨਾਂ ਤੋਂ ਬਾਅਦ ਆਏ ਹੋ। ਜੇ ਮੈਨੂੰ ਦੇਖ ਕੇ ਤੁਹਾਡੇ ਮਨ ਅੰਦਰ ਅਨੰਦ ਦੇ ਫੁੱਲ ਖਿੜੇ ਹਨ ਤਾਂ ਪਲੰਘ 'ਤੇ ਵੀ ਚੰਪਾ ਦੇ ਫੁੱਲਾਂ ਦੀ ਵਰਖਾ ਹੋਣੀ ਚਾਹੀਦੀ ਹੈ।''

ਠਾਕੁਰ ਨੂੰ ਗੱਲ ਠੀਕ ਲੱਗੀ। ਝੱਟ ਬਾਗ ਵਿਚ ਗਿਆ। ਹਰੇ ਪੱਤਿਆਂ ਵਿਚ ਫੁੱਲ ਲਿਸ਼ਕਾਂ ਮਾਰ ਰਹੇ ਸਨ। ਖ਼ੁਸ਼ਬੋਅ ਨਾਲ ਠਾਕੁਰ ਦੀ ਨਸ ਨਸ ਨਸ਼ਿਆਅ ਗਈ। ਪਿਆਰ 'ਚ ਪਾਗਲ ਹੋਏ ਠਾਕੁਰ ਨੇ ਹੱਥ ਅੱਗੇ ਵਧਾਇਆ ਹੀ ਸੀ ਕਿ ਸੱਪ ਦਾ ਫੁੰਕਾਰਾ ਸੁਣਿਆ। ਝੱਟ ਹੱਥ ਖਿੱਚਿਆ। ਸੱਪ ਫੁੱਲਾਂ ਵਿਚਾਲੇ ਫਣ ਤਾਣ ਕੇ ਉਸਨੂੰ ਡੰਗਣ ਦੀ ਫ਼ਿਰਾਕ ਵਿਚ ਬੈਠਾ ਸੀ।

''ਅੱਜ ਤਾਂ ਮਸਾਂ ਬਚਿਆ!'' ਸਿੱਧਾ ਮੁੱਠੇ 'ਤੇ ਹੱਥ ਗਿਆ। ਝੱਟ ਤਲਵਾਰ ਕੱਢੀ। ਇਕ ਕਦਮ ਪਿੱਛੇ ਹਟਿਆ ਅਤੇ ਇਓਂ ਸਿੱਧਾ ਹਮਲਾ ਕੀਤਾ- ਕਿ ਕੁੰਡਲੀ ਮਾਰ ਕੇ ਬੈਠੇ ਸੱਪ ਦੇ ਚਾਰ ਟੋਟੇ ਕਰ ਦਿੱਤੇ। ਸਿਰ 'ਤੇ ਆਈ ਮੌਤ ਟਲ਼ ਗਈ। ਫਿਰ ਦੂਣੇ ਚਾਅ ਨਾਲ ਫੁੱਲ ਤੋੜੇ।

ਪਰ ਪਰਨੇ ਵਿਚ ਫੁੱਲ ਪਾ ਕੇ ਠਾਕੁਰ ਰੰਗ ਮਹੱਲ ਵਿਚ ਆਇਆ ਤਾਂ ਠਕੁਰਾਣੀ ਦਾ ਚਿਹਰਾ ਉਤਰ ਗਿਆ। ਕਾਲਜਾ ਧੱਕ ਧੱਕ ਕਰਨ ਲੱਗਾ। ਸੱਪ ਖੁੰਝ ਕਿਵੇਂ ਗਿਆ?

ਠਾਕੁਰ ਸੰਧੂਰੀ ਰੰਗੇ ਪਾਵਿਆਂ ਵਾਲੇ ਪਲੰਘ 'ਤੇ ਫੁੱਲ ਵਰਸਾਉਂਦਿਆਂ ਕਹਿਣ ਲੱਗਾ, ''ਅੱਜ ਤਾਂ ਤੇਰੀ ਕਿਸਮਤ ਨਾਲ ਮਸਾਂ ਬਚਿਆਂ। ਜੋਗ-ਮਾਇਆ ਦੀ ਕਿਰਪਾ ਨਾਲ ਸਿਰ 'ਤੇ ਆਈ ਹੋਈ ਮੌਤ ਟਲ਼ ਗਈ। ਨਹੀਂ ਪਾਣੀ ਮੰਗਣ ਦਾ ਵੀ ਮੌਕਾ ਨਹੀਂ ਸੀ ਮਿਲਣਾ।''

ਉਸ ਨੇ ਬੇਚੈਨੀ ਨਾਲ ਪੁੱਛਿਆ, ''ਕਿਉਂ, ਕੀ ਹੋਇਆ?''
ਠਕੁਰਾਣੀ 'ਤੇ ਫੁੱਲ ਵਰ੍ਹਾਉਂਦਿਆਂ ਉਹ ਬੋਲਿਆ, ''ਤੇਰੇ ਸੁਹਾਗ ਨੇ ਬਚਾਅ ਲਿਆ। ਫੁੱਲ ਤੋੜਨ ਲਈ ਹੱਥ ਅੱਗੇ ਵਧਾਇਆ ਹੀ ਸੀ ਕਿ ਸੱਪ ਦਾ ਫੁੰਕਾਰਾ ਸੁਣਿਆ। ਫੁੱਲਾਂ ਤੋਂ ਹਟਿਆ ਹੱਥ ਸਿੱਧਾ ਤਲਵਾਰ ਦੇ ਮੁੱਠੇ 'ਤੇ ਗਿਆ।''
ਠਕੁਰਾਣੀ ਦੇ ਕਾਲਜ 'ਚੋਂ ਜਿਵੇਂ ਕੋਈ ਬਰਛਾ ਆਰ ਪਾਰ ਹੋ ਗਿਆ ਹੋਵੇ। ਸਾਹ ਜਿੱਥੇ ਸਨ ਓਥੇ ਹੀ ਠਹਿਰ ਗਏ। ਉਹ ਠਾਕੁਰ ਵੱਲ ਪਿੱਠ ਕਰ ਕੇ ਪਲੰਘ ਦਾ ਢਾਸਣਾ ਲਾ ਕੇ ਖੜ੍ਹ ਗਈ। ਠਾਕੁਰ ਅੱਗੇ ਕਹਿਣ ਲੱਗਾ, ''ਮੌਤ ਮੈਨੂੰ ਡੰਗਦੀ, ਉਸ ਤੋਂ ਪਹਿਲਾਂ ਹੀ ਤਲਵਾਰ ਦੇ ਇਕ ਹੀ ਝਟਕੇ ਨਾਲ ਮੈਂ ਉਸ ਦੇ ਚਾਰ ਟੋਟੇ ਕਰ ਦਿੱਤੇ।''
ਇਹ ਸੁਣਨ ਤੋਂ ਪਹਿਲਾਂ ਉਸਨੂੰ ਮੌਤ ਕਿਉਂ ਨਾ ਆ ਗਈ? ਅਜਿਹੀ ਜ਼ਿੰਦਗੀ ਤਾਂ ਮੌਤ ਨਾਲੋਂ ਵੀ ਵੱਧ ਦੁਖਦਾਈ ਹੈ। ਪਰ ਮੌਤ ਨੇ ਖੌਰੇ ਕਿਸ ਜਨਮ ਦਾ ਬਦਲਾ ਲਿਆ! ਠਕੁਰਾਣੀ ਬੇਹੋਸ਼ ਹੋ ਕੇ ਡਿੱਗ ਪਈ। ਠਾਕੁਰ ਦੀ ਛਾਤੀ ਗਜ਼ ਚੌੜੀ ਹੋ ਗਈ। ਠਕੁਰਾਣੀ ਕਿੰਨੀ ਪਤੀਵਰਤਾ ਤੇ ਸੁਲੱਖਣੀ ਹੈ! ਪਤੀ 'ਤੇ ਆਏ ਖਤਰੇ ਦੀ ਗੱਲ ਸੁਣ ਕੇ ਹੀ ਬੇਹੋਸ਼ ਹੋ ਗਈ। ਜੇ ਸੱਚੀਂ ਸੱਪ ਡੰਗ ਲੈਂਦਾ ਤਾਂ ਉਸਦੇ ਹੰਸ ਨੇ ਤਾਂ ਕੂਚ ਹੀ ਕਰ ਜਾਣਾ ਸੀ।
ਹਵਾ ਪਾਣੀ ਕਰਨ ਨਾਲ ਠਕੁਰਾਣੀ ਨੂੰ ਸੁਰਤ ਆਈ। ਠਾਕੁਰ ਦੀ ਜਾਨ ਵਿਚ ਜਾਨ ਆਈ। ਫੇਰ ਦਾਸੀਆਂ ਨੂੰ ਚੰਗੀ ਤਰ੍ਹਾਂ ਸਮਝਾਅ ਕੇ ਰਿਆਇਆ ਨੂੰ ਮਿਲਣ ਲਈ ਕਿਲ੍ਹੇ ਵਿਚ ਚਲਾ ਗਿਆ।
ਠਕੁਰਾਣੀ ਨੇ ਭਰੋਸੇ ਵਾਲੀ ਇਕ ਦਾਸੀ ਨੂੰ ਭੇਜ ਕੇ ਸੱਪ ਦੇ ਟੋਟੇ ਮੰਗਵਾਏ। ਪਰਨਾ ਖੋਲ੍ਹ ਕੇ ਦੇਖਿਆ। ਚਾਰ ਟੁਕੜੇ। ਬੇਸ਼ੁਮਾਰ ਕੀੜੀਆਂ। ਠਕੁਰਾਣੀ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਮੁਰਦਾ ਸੱਪ ਨੂੰ ਹਿੱਕ ਨਾਲ ਲਾਇਆ। ਪਰ ਆਖ਼ਰ ਤਾਂ ਸਬਰ ਕਰਨਾ ਹੀ ਸੀ। ਕਾਤਲ ਪਤੀ ਤੋਂ ਬਦਲਾ ਲਏ ਬਿਨਾ ਕਾਲਜਾ ਠੰਡਾ ਨਹੀਂ ਹੋਣਾ।
ਦਾਸੀ ਤੋਂ ਸੱਪ ਦੇ ਟੁਕੜਿਆਂ ਦੀ ਚਰਬੀ ਦਾ ਤੇਲ ਕਢਵਾਇਆ। ਚਾਂਦੀ ਦੇ ਦੀਵੇ ਵਿਚ ਉਹ ਤੇਲ ਪਾ ਕੇ ਰੇਸ਼ਮ ਦੀ ਬੱਤੀ ਬਣਾਈ। ਨਿਚੋੜੇ ਹੋਏ ਟੁਕੜੇ ਪਲੰਘ ਹੇਠਾਂ ਰਖਵਾਅ ਦਿੱਤੇ।
ਸ਼ਾਮੀਂ ਠਾਕੁਰ ਜਦੋਂ ਰੰਗ ਮਹੱਲ ਵਿਚ ਆਇਆ, ਸੱਪ ਦੇ ਤੇਲ ਦਾ ਦੀਵਾ ਬਲ਼ ਰਿਹਾ ਸੀ। ਠਕੁਰਾਣੀ ਦੇ ਚਿਹਰੇ ਦੀ ਰੰਗਤ ਹਾਲੇ ਪਰਤੀ ਨਹੀਂ ਸੀ। ਪੂਰਾ ਹੀ ਪੀਲਾ ਚਿਹਰਾ। ਅੱਖਾਂ ਵਿਚ ਛਾਈ ਉਦਾਸੀ। ਠਾਕੁਰ ਨੇ ਉਸ ਦੀ ਗੁੱਤ ਨਾਲ ਖੇਡਦਿਆਂ ਕਿਹਾ, ''ਇਸ ਨਿੱਕੀ ਜਿਹੀ ਗੱਲ ਦੀ ਏਨੀ ਚਿੰਤਾ! ਏਨਾ ਪਤਾ ਹੁੰਦਾ ਤਾਂ ਦੱਸਣੀ ਹੀ ਨਹੀਂ ਸੀ।''
ਠਕੁਰਾਣੀ ਦੀਆਂ ਅੱਖਾਂ ਵਰ੍ਹ ਪਈਆਂ। ਦੀਵੇ ਦੀ ਬਲ਼ਦੀ ਹੋਈ ਬੱਤੀ ਨੂੰ ਦੇਖਦਿਆਂ ਕਿਹਾ, ''ਤੁਹਾਨੂੰ ਲੱਗਦੀ ਹੋਏਗੀ ਇਹ ਨਿੱਕੀ ਜਿਹੀ ਗੱਲ! ਮੇਰਾ ਦਿਲ ਤਾਂ ਹਾਲੇ ਵੀ ਟਿਕਾਣੇ ਸਿਰ ਨਹੀਂ ਹੋਇਆ।''
ਠਾਕੁਰ ਨੇ ਕਿਹਾ, ''ਤੇਰੇ ਇੰਨੇ ਕਮਜ਼ੋਰ ਦਿਲ ਬਾਰੇ ਤਾਂ ਮੈਨੂੰ ਪਤਾ ਹੀ ਨਹੀਂ ਸੀ। ਇਕ ਦਿਨ ਤਾਂ ਸਭ ਨੇ ਮਰਨਾ ਹੈ। ਰਾਜਪੂਤਾਂ ਦੀ ਮੌਤ ਦਾ ਤਾਂ ਉਂਝ ਵੀ ਕੋਈ ਭਰੋਸਾ ਨਹੀਂ ਹੁੰਦਾ। ਰੱਬ ਹੀ ਜਾਣਦੈ ਕਿਸ ਪਲ ਮੌਤ ਦੀ ਮੋਹਰ ਲੱਗ ਜਾਵੇ।''

ਠਕੁਰਾਣੀ ਦੇ ਮਨ ਵਿਚ ਕੁਝ ਹੋਰ ਹੀ ਚੱਲ ਰਿਹਾ ਸੀ। ਥੋੜ੍ਹੀ ਦੇਰ ਬਾਅਦ ਮਾਤਮੀ ਸੁਰ ਵਿਚ ਬੋਲੀ, ''ਸੱਪ ਵਾਲੀ ਗੱਲ ਸੁਣ ਕੇ ਕਿਸੇ ਚੀਜ਼ ਵਿਚ ਮੇਰਾ ਮਨ ਨਹੀਂ ਲੱਗ ਰਿਹਾ। ਕਹੋ ਤਾਂ ਦਿਲ ਬਹਿਲਾਉਣ ਲਈ ਕੁਝ ਬੁਝਾਰਤਾਂ ਬੁਝਾਵਾਂ?''
''ਜ਼ਰੂਰ ਬੁਝਾਅ। ਤੂੰ ਤਾਂ ਮੇਰੇ ਮਨ ਦੀ ਗੱਲ ਕਹਿ ਦਿੱਤੀ।''
ਉਸਨੇ ਮੁਸਕਰਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, ''ਜੇ ਤੁਸੀਂ ਬੁਝਾਰਤ ਨਾ ਬੁੱਝ ਸਕੇ ਤਾਂ?''
ਠਕੁਰਾਣੀ ਨੂੰ ਖ਼ੁਸ਼ ਕਰਨ ਲਈ ਉਹ ਬਹੁਤ ਵੱਡਾ ਕੌਲ ਕਰ ਗਿਆ, ''ਬੁੱਝਣ ਤੋਂ ਪਹਿਲਾਂ ਨਾ ਤਾਂ ਮੂੰਹ ਵਿਚ ਅੰਨ ਪਾਣੀ ਪਾਵਾਂਗਾ ਤੇ ਨਾ ਹੀ ਤੈਨੂੰ ਹੱਥ ਲਾਵਾਂਗਾ।''
ਠਕੁਰਾਣੀ ਇਹੀ ਤਾਂ ਚਾਹੁੰਦੀ ਸੀ। ਗੱਲ ਪੱਕੀ ਕਰਨ ਲਈ ਕਿਹਾ, ''ਕੌਲ਼ ਬਹੁਤ ਮੁਸ਼ਕਲ ਹੈ। ਤੁਹਾਥੋਂ ਨਿਭਣਾ ਨਹੀਂ। ਇਕ ਵਾਰੀ ਫਿਰ ਸੋਚ ਲਓ।''
ਉਹ ਬੁਝਾਰਤਾਂ ਬੁੱਝਣ ਵਿਚ ਮਾਹਿਰ ਸੀ। ਉਸ ਨੂੰ ਪੂਰਾ ਯਕੀਨ ਸੀ। ਤੇ ਇਕ ਵਾਰੀ ਜ਼ਬਾਨ ਤੋਂ ਕੌਲ ਹੋ ਗਿਆ ਸੋ ਹੋ ਗਿਆ। ਬੱਦਲਾਂ ਤੋਂ ਵਰ੍ਹਿਆ ਪਾਣੀ ਵਾਪਸ ਚੜ੍ਹਦਾ ਹੋਵੇ ਤਾਂ ਚੜ੍ਹ ਜਾਵੇ ਪਰ ਮੂੰਹ 'ਚੋਂ ਨਿੱਕਲੇ ਬੋਲ ਵਾਪਸ ਨਾ ਪਰਤਣ ਕਦੇ। ਫਖ਼ਰ ਨਾਲ ਬੋਲਿਆ, ''ਮੂੰਹ ਹੈ, ਚੱਕੀ ਦਾ ਗਲ਼ ਨਹੀਂ। ਨਿਕਲੇ ਹੋਏ ਬੋਲ ਪਰਾਏ। ਕੋਈ ਬੁਝਾਰਤ ਮੈਥੋਂ ਗੁੱਝੀ ਨਹੀਂ। ਮੈਨੂੰ ਪਤਾ ਚੱਲ ਗਿਆ ਹੈ ਕਿ ਤੇਰਾ ਦਿਲ ਤਾਂ ਕਬੂਤਰ ਤੋਂ ਵੀ ਵੱਧ ਕਮਜ਼ੋਰ ਹੈ। ਪਰ ਚਿੰਤਾ ਨਾ ਕਰ। ਇਸ ਦੀ ਨੌਬਤ ਹੀ ਨਹੀਂ ਆਵੇਗੀ।''
''ਮੈਂ ਜਾਣਦੀ ਹਾਂ ਕਿ ਤੁਸੀਂ ਮਰ ਕੇ ਵੀ ਕੌਲ਼ ਤੋਂ ਨਹੀਂ ਡਿੱਗੋਗੇ। ਇਸੇ ਗੱਲ ਤੋਂ ਡਰ ਲੱਗਦਾ ਹੈ। ਪਰ ਤੁਹਾਨੂੰ ਏਨਾ ਵਿਸ਼ਵਾਸ ਹੈ ਤਾਂ ਡਰ ਕਾਹਦਾ!''
ਠਾਕੁਰ ਦਾ ਸਬਰ ਜਵਾਬ ਦੇਣ ਲੱਗਾ। ਉਸਨੇ ਝੱਟ ਬੁਝਾਰਤ ਬੁਝਾਉਣ ਲਈ ਕਿਹਾ।
ਠਕੁਰਾਣੀ ਨੇ ਦੀਵੇ ਵੱਲ ਮੂੰਹ ਕਰ ਲਿਆ। ਨਜ਼ਰਾਂ ਝੁਕਾ ਕੇ ਬੋਲੀ:

''ਰਸ ਕਸ ਦਿਵਲੋ ਬਲੈ,
ਧੜ ਢੋਲਿਆਂ ਰੈ ਹੇਠ।
ਸੁਗਰਾ ਨੈ ਨੁਗਰੋ ਮਾਰਿਓ,
ਰਾਇ ਚੰਪਾ ਰੈ ਹੇਠ।''

ਇਹ ਬੁਝਾਰਤ ਤਾਂ ਕਦੇ ਵੀ ਨਹੀਂ ਸੁਣੀ! ਠਾਕੁਰ ਨੇ ਕਾਫ਼ੀ ਮੱਥਾ ਮਾਰਿਆ, ਪਰ ਕੋਈ ਅਰਥ ਸਮਝ ਵਿਚ ਨਹੀਂ ਆਇਆ।
ਬੁੱਝਦਿਆਂ ਬੁੱਝਦਿਆਂ ਬੁਝਾਰਤ ਕੰਠ ਹੋ ਗਈ, ਪਰ ਅਰਥ ਦੀ ਗੁੱਥੀ ਨਾ ਸੁਲਝੀ। ਬਹੁਤ ਸਿਰ ਖੁਰਕਿਆ, ਗਿੱਚੀ ਖੁਰਕੀ, ਪਰ ਬੇਕਾਰ। ਬੁਝਾਰਤ ਦੇ ਹਲ ਦਾ ਕੋਈ ਸਿਰਾ ਨਹੀਂ ਥਿਆਇਆ ਸੋ ਨਹੀਂ ਥਿਆਇਆ।
ਠਕੁਰਾਣੀ ਮੁਸਕਰਾਈ, ''ਹੁਕਮ ਹੋਵੇ ਤਾਂ ਅਰਥ ਮੈਂ ਦੱਸਾਂ?''
ਉਹ ਖਿਝਿਆ ਹੋਇਆ ਤਾਂ ਸੀ ਹੀ। ਇਹ ਸੁਣ ਕੇ ਗੁੱਸੇ ਨਾਲ ਲਾਲ ਪੀਲ਼ਾ ਹੋ ਗਿਆ। ਔਰਤ ਅੱਗੇ ਕਮਜ਼ੋਰੀ ਕਿਵੇਂ ਵਿਖਾਵੇ! ਸਾਰੀ ਉਮਰ ਤਾਅਨੇ ਮਾਰੇਗੀ। ਠਾਕੁਰ ਦੇ ਹੰਕਾਰ ਨੂੰ ਸੱਟ ਵੱਜੀ। ਬੋਲਿਆ, ''ਤੂੰ ਮੈਨੂੰ ਏਨਾ ਗਿਆ-ਗੁਜ਼ਰਿਆ ਸਮਝਦੀ ਹੈਂ! ਤੈਥੋਂ ਅਰਥ ਪੁੱਛ ਕੇ ਆਪਣਾ ਕੌਲ਼ ਪੂਰਾ ਕਰਾਂਗਾ? ਕੋਈ ਇਸ਼ਾਰਾ ਵੀ ਕੀਤਾ ਤਾਂ ਮੇਰਾ ਮਰੇ ਹੋਏ ਦਾ ਮੂੰਹ ਵੇਖੇਂਗੀ। ਜਾਂ ਤਾਂ ਅਰਥ ਦੱਸਾਂਗਾ ਜਾਂ ਆਪਣਾ ਕੌਲ਼ ਪੂਰਾ

ਰਸ ਕੱਢ ਕੇ ਦੀਵਾ ਬਾਲਿਆ

ਕਰਾਂਗਾ।''

ਉਹ ਖ਼ੁਦ ਹੀ ਫੰਦੇ ਵਿਚ ਫਸਦਾ ਚਲਾ ਗਿਆ। ਨਿਕਲਣ ਦਾ ਕੋਈ ਰਸਤਾ ਨਾ ਬਚਿਆ। ਠਕੁਰਾਣੀ ਪਤੀ ਦੀ ਨਬਜ਼ ਪਛਾਣ ਗਈ ਸੀ।

ਉਹ ਜਿਉਂ ਜਿਉਂ ਕੌਲ਼ ਤੋੜਨ ਦੀ ਜ਼ਿਦ ਕਰਦੀ ਉਹ ਤਿਉਂ ਤਿਉਂ ਕੌਲ਼ ਦੇ ਜਾਲ਼ ਵਿਚ ਉਲਝਦਾ ਗਿਆ। ਖਿਚਦਿਆਂ ਖਿਚਦਿਆਂ ਗੰਢ ਏਨੀ ਪੀਡੀ ਹੋ ਗਈ ਕਿ ਖੁੱਲ੍ਹਣ ਦੀ ਗੁੰਜਾਇਸ਼ ਹੀ ਨਾ ਬਚੀ। ਮਰਨਾ ਕਬੂਲ ਪਰ ਕੌਲ਼ ਤੋਂ ਨਹੀਂ ਡਿੱਗਣਾ।

ਬੁਝਾਰਤ ਦੇ ਅਰਥ ਨੂੰ ਛੱਡ ਕੇ ਉਹ ਕੌਲ਼ ਦੇ ਮਗਰ ਪੈ ਗਿਆ। ਉੱਥੋਂ ਦੇ ਮੋਹਤਬਰ ਤੇ ਸ਼ਾਹੂਕਾਰ ਸਮਝਾਅ ਸਮਝਾਅ ਕੇ ਹਾਰ ਗਏ, ਪਰ ਉਸ ਨੇ ਮੂੰਹ ਨਹੀਂ ਜੂਠਾ ਕੀਤਾ। ਅੱਖਾਂ ਵਿਚ ਸਾਹ ਆ ਗਿਆ ਤਾਂ ਵੀ ਪਸਤ ਨਹੀਂ ਹੋਇਆ।

ਨੇੜੇ ਹੀ ਠਾਕੁਰ ਦੀ ਭੈਣ ਵਿਆਹੀ ਹੋਈ ਸੀ। ਭਰਾ ਦੇ ਕੌਲ਼ ਦੀ ਇਹ ਬੁਰੀ ਖ਼ਬਰ ਮਿਲੀ ਤਾਂ ਉਹ ਰਥ ਜੋੜ ਕੇ ਝੱਟ ਚੱਲ ਪਈ। ਵੀਰ ਨੂੰ ਮਨਾਅ ਕੇ ਹੀ ਦਮ ਲਵੇਗੀ।

ਰਸਤੇ ਵਿਚ ਉਸੇ ਸੱਪ ਦੀ ਢਾਣੀ ਆਈ। ਠਾਕੁਰ ਦੀ ਭੈਣ ਨੇ ਪਾਣੀ ਪੀਣ ਲਈ ਰਥ ਰੁਕਵਾਇਆ।

ਸੱਪ ਦੀ ਮਾਂ ਨੇ ਰਾਤ ਰਹਿਣ ਲਈ ਬੇਨਤੀ ਕੀਤੀ, ਪਰ ਉਹ ਨਹੀਂ ਮੰਨੀ। ਕਿਹਾ ਕਿ ਭਰਾ ਬਾਰੇ ਅਜਿਹੀ ਖ਼ਬਰ ਸੁਣ ਕੇ ਉਹ ਕਿਵੇਂ ਰੁਕ ਸਕਦੀ ਹੈ! ਆਖ਼ਰੀ ਵਾਰ ਇਕ ਦੂਜੇ ਦਾ ਮੂੰਹ ਦੇਖ ਲਈਏ ਤਾਂ ਵੱਡੀ ਗੱਲ!

ਉਸਦੇ ਸਨੇਹ ਅਤੇ ਦੁੱਖ ਨਾਲ ਸੱਪ ਦੀ ਮਾਂ ਦਾ ਦਿਲ ਪਸੀਜ ਗਿਆ। ਫਿਰ ਉਸ ਨੇ ਕੁਝ ਨਹੀਂ ਲੁਕੋਇਆ। ਆਪਣੇ ਬੇਟੇ ਨਾਲ ਠਕੁਰਾਣੀ ਦੀ ਪ੍ਰੀਤ ਦਾ ਸਾਰਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ ਕਿ ਕਿਵੇਂ ਮਹਾਰਾਜੇ ਦੀ ਨੌਕਰੀ 'ਤੇ ਜਾਂਦਿਆਂ ਰਸਤੇ 'ਚ ਠਾਕੁਰ ਨਾਲ ਉਸਦੇ ਪੁੱਤਰ ਦੀ ਮੁਲਾਕਾਤ ਹੋਈ ਸੀ। ਠਾਕੁਰ ਨੇ ਕੀ ਤਾਅਨਾ ਮਾਰਿਆ ਸੀ! ਫਿਰ ਕਿਵੇਂ ਉਸ ਦਾ ਪੁੱਤਰ ਆਪਣੀ ਲੰਬਾਈ ਤੇ ਕਾਲ਼ਾ ਰੰਗ ਮੇਚ ਕੇ ਵੇਖਣ ਲਈ ਉਸਦੇ ਮਹੱਲ ਪਹੁੰਚ ਗਿਆ ਸੀ। ਕਿਵੇਂ ਠਕੁਰਾਣੀ ਨੇ ਉਸਦੀ ਪੂਛ ਫੜੀ ਤੇ ਕਿਵੇਂ ਦੋਵ੍ਹਾਂ ਦਾ ਗੂੜ੍ਹਾ ਪ੍ਰੇਮ ਹੋਇਆ। ਠਾਕੁਰ ਦੇ ਪਰਤਣ 'ਤੇ ਉਸਨੂੰ ਮਾਰਨ ਬਾਰੇ ਸੋਚਿਆ। ਪਰ ਹੋਣੀ ਦੀ ਲੀਲਾ ਨਿਆਰੀ। ਠਾਕੁਰ ਬਚ ਗਿਆ ਤੇ ਉਸਦੇ ਪੁੱਤਰ ਦੇ ਚਾਰ ਟੋਟੇ ਹੋ ਗਏ! ਫੇਰ ਕਿਵੇਂ ਠਕੁਰਾਣੀ ਸੱਪ ਦੀ ਮੌਤ ਦੀ ਖ਼ਬਰ ਸੁਣ ਕੇ ਬੇਹੋਸ਼ ਹੋ ਗਈ। ਸਿੱਧਰੇ ਜਿਹੇ ਠਾਕੁਰ ਨੇ ਸਮਝਿਆ ਕਿ ਪਤੀ 'ਤੇ ਆਏ ਖਤਰੇ ਦੀ ਗੱਲ ਸੁਣ ਕੇ ਸਤੀ ਸਵਿੱਤਰੀ ਨਾਰ ਹੋਸ਼ ਗੁਆ ਬੈਠੀ ਹੈ। ਸੱਪ ਨਾਲ ਪ੍ਰੇਮ ਕਾਰਨ ਹੀ ਉਸਨੇ ਬੁਝਾਰਤ ਬੁਝਾਉਣ ਦਾ ਬਹਾਨਾ ਬਣਾਇਆ। ਤੇ ਭੋਲਾ ਭਾਲਾ ਠਾਕੁਰ ਕੌਲ ਦੇ ਫੰਦੇ ਵਿਚ ਫਸ ਗਿਆ। ਅਰਥ ਨਹੀਂ ਦੱਸਿਆ ਗਿਆ ਤਾਂ ਭੁੱਖਾ- ਤ੍ਰਿਹਾਇਆ ਮਰ ਜਾਵੇਗਾ।

ਠਾਕੁਰ ਦੀ ਭੈਣ ਨੇ ਬੁਝਾਰਤ ਦਾ ਅਰਥ ਜਾਨਣ ਦੀ ਕਾਹਲੀ ਵਿਖਾਈ ਤਾਂ ਸੱਪ ਦੀ ਮਾਂ ਨੇ ਉਸਨੂੰ ਚੰਗੀ ਤਰ੍ਹਾਂ ਅਰਥ ਦੱਸ ਦਿੱਤਾ। ਠਾਕੁਰ ਦੀ ਭੈਣ ਉੱਥੋਂ ਖ਼ੁਸ਼ੀ ਖ਼ੁਸ਼ੀ ਰਵਾਨਾ ਹੋਈ।

ਨਣਦ ਦੇ ਆਉਣ ਦੀ ਖ਼ਬਰ ਸੁਣ ਕੇ ਠਕੁਰਾਣੀ ਭੱਜੀ ਭੱਜੀ ਆਈ। ਹੱਥ ਜੋੜ ਕੇ ਕਿਹਾ ਕਿ ਜਿਵੇਂ ਵੀ ਹੋਵੇ ਉਹ ਆਪਣੇ ਭਰਾ ਨੂੰ ਮਨਾਵੇ। ਉਸ ਦਾ ਕਿਹਾ ਉਹ ਕਦੇ ਨਹੀਂ ਮੋੜੇਗਾ।

ਨਣਦ ਭਾਬੀ ਦੇ ਲੱਛਣ ਜਾਣਦੀ ਸੀ। ਗੱਲ ਕਰਨ ਦਾ ਵੀ ਦਿਲ ਨਹੀਂ ਕੀਤਾ। ਫਿਰ ਵੀ ਰੁੱਖੇ ਸੁਰ 'ਚ ਬੋਲੀ, ''ਕੌਲ ਕੀਤਾ ਹੈ ਤਾਂ ਨਿਭਾਉਣਾ ਹੀ ਚਾਹੀਦੈ। ਬੁਝਾਰਤ ਬੁੱਝ ਕੇ ਹੀ ਅੰਨ ਪਾਣੀ ਲੈਣਗੇ। ਕਹੋਂ ਤਾਂ ਪਹਿਲਾਂ ਮੈਂ ਦੱਸ ਦਿਆਂ?''

ਭਾਬੀ ਹੱਥ ਜੋੜ ਕੇ ਬੋਲੀ, ''ਭੈਣ, ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਹੋ! ਤੁਸੀਂ ਕੌਣ ਤੇ ਉਹ ਕੌਣ! ਮੈਂ ਤਾਂ ਥਾਲ਼ੀ 'ਤੇ ਬੈਠਣ ਲਈ ਬਹੁਤ ਬੇਨਤੀ ਕੀਤੀ, ਪਰ ਉਹ ਮੰਨਦੇ ਹੀ ਨਹੀਂ। ਤੁਸੀਂ ਅਰਥ ਨਾ ਵੀ ਦੱਸੋ ਤਾਂ ਵੀ ਕੋਈ ਗੱਲ ਨਹੀਂ। ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਅੰਨ ਪਾਣੀ ਲੈਣ ਲਈ ਰਾਜ਼ੀ ਕਰ ਲਓ! ਮੈਂ ਬੁਝਾਰਤ ਬੁੱਝੀ ਹੋਈ ਮੰਨ ਲਵਾਂਗੀ।''

''ਨਹੀਂ ਨਹੀਂ, ਬੁੱਝੇ ਬਿਨਾ ਤਾਂ ਮੈਂ ਵੀ ਵੀਰ ਨੂੰ ਅੰਨ ਪਾਣੀ ਨਹੀਂ ਲੈਣ ਦੇਵਾਂਗੀ। ਕੌਲ ਤੋੜ ਕੇ ਜਿਉਣ ਨਾਲੋਂ ਤਾਂ ਮਰਨਾ ਚੰਗਾ।''

ਭਾਬੀ ਦੇ ਮਨ ਦੀ ਇੱਛਾ ਪੂਰੀ ਹੋਈ। ਨਾ ਬੁਝਾਰਤ ਬੁੱਝੀ ਜਾਣੀ ਹੈ ਤੇ ਨਾ ਉਹ ਅੰਨ ਪਾਣੀ ਲੈ ਸਕਦਾ ਹੈ। ਹੁਣ ਤਾਂ ਦੋ ਤਿੰਨ ਦਿਨਾਂ 'ਚ ਪੰਛੀ ਉੱਡ ਜਾਏਗਾ।

ਠਾਕੁਰ ਨੇ ਭੈਣ ਨੂੰ ਦੇਖਿਆ ਤਾਂ ਅੱਖਾਂ ਦੇ ਖੜ੍ਹੇ ਹੰਝੂਆਂ ਨਾਲ ਭਰ ਗਏ। ਮੂੰਹ 'ਚੋਂ ਕੋਈ ਅਵਾਜ਼ ਨਾ ਨਿਕਲੀ। ਬੁੱਲ੍ਹ ਫੜਫੜਾਅ ਕੇ ਰਹਿ ਗਏ। ਅੰਤਮ ਦਰਸ਼ਨ ਸਨ। ਥੋੜ੍ਹੀ ਦੇਰ ਤਾਂ ਭੈਣ ਵੀ ਭਰਾ ਨਾਲ ਰੋਂਦੀ ਰਹੀ, ਫੇਰ ਅਰਥ ਦੱਸਣ ਬਾਰੇ ਕਿਹਾ। ਭਰਾ ਨੂੰ ਯਕਦਮ ਯਕੀਨ ਜਿਹਾ ਨਾ ਹੋਇਆ।

ਉਹ ਬਲ਼ਦਾ ਹੋਇਆ ਦੀਵਾ ਹੱਥ ਵਿਚ ਲੈ ਕੇ ਅਰਥ ਦੱਸਣ ਲੱਗੀ ਤਾਂ ਠਕੁਰਾਣੀ ਦਾ ਮੱਥਾ ਠਣਕਿਆ।

ਨਣਦ ਭਾਬੀ ਵੱਲ ਦੇਖਦਿਆਂ ਕਹਿਣ ਲੱਗੀ, ''ਚੰਪਾ ਦੇ ਬੂਟੇ ਹੇਠਾਂ ਮਰੇ ਸੱਪ ਦੀ ਚਰਬੀ ਦਾ ਇਹ ਦੀਵਾ ਬਲ਼ ਰਿਹਾ ਹੈ। ਅਤੇ ਮਸਲੇ ਹੋਏ ਟੋਟੇ ਪਲੰਘ ਹੇਠਾਂ ਪਏ ਹਨ।''

ਫਿਰ ਉਸਨੇ ਆਪਣੇ ਹੱਥਾਂ ਨਾਲ ਸੱਪ ਦੇ ਚਾਰੇ ਟੋਟੇ ਬਾਹਰ ਕੱਢੇ। ਕਹਿਣ ਲੱਗੀ, ''ਇਹ ਸੱਪ ਤਾਂ ਹੋਇਆ ਸੁਗਰਾ (ਸ਼ੁਕਰਗੁਜ਼ਾਰ) ਤੇ ਉਸਨੂੰ ਮਾਰਨ ਵਾਲਾ ਪਤੀ ਹੋਇਆ ਨੁਗਰਾ (ਬੇ-ਸ਼ੁਕਰਾ)। ਫੁੱਲ ਤੋੜਦਿਆਂ ਡੰਗ ਲੈਂਦਾ ਤਾਂ ਭਾਬੀ ਦੇ ਮਨ ਦੀ ਇੱਛਾ ਪੂਰੀ ਹੋ ਜਾਂਦੀ।''

ਫੇਰ ਉਸ ਨੇ ਭਰਾ ਨੂੰ ਸਾਰੀ ਗੱਲ ਸਮਝਾਈ। ਸੁਣਨ ਸਾਰ ਅੱਧਮੋਏ ਭਰਾ ਦੀਆਂ ਨਸਾਂ ਵਿਚ ਅੰਗਾਰੇ ਭੜਕ ਉੱਠੇ। ਝੱਟ ਉੱਠ ਖੜ੍ਹਾ ਹੋਇਆ। ਉਸੇ ਤਲਵਾਰ ਨਾਲ ਠਕੁਰਾਣੀ ਦਾ ਸਿਰ ਕਲਮ ਕਰ ਦਿੱਤਾ। ਫਿਰ ਭੈਣ ਨਾਲ ਬੈਠ ਕੇ ਆਰਾਮ ਨਾਲ, ਨਿਸ਼ਚਿੰਤ ਹੋ ਕੇ ਭੋਜਨ ਛਕਿਆ।

ਤੇ ਓਧਰ ਮਰਨ ਸਾਰ ਠਕੁਰਾਣੀ ਦੀ ਮੁਕਤੀ ਹੋ ਗਈ। ਉਸ ਦਾ ਜਨਮ ਸੁਧਰ ਗਿਆ। ਜਿਸ ਤਲਵਾਰ ਨਾਲ ਪ੍ਰੇਮੀ ਦੇ ਟੋਟੇ ਹੋਏ ਉਸੇ ਤਲਵਾਰ ਨਾਲ ਉਸਦਾ ਗਲ਼ ਚਾਕ ਹੋਇਆ। ਇਸ ਤੋਂ ਵੱਡੀ ਖ਼ੁਸ਼ੀ ਹੋਰ ਕੀ ਹੋਵੇਗੀ! ਸ਼ਾਇਦ ਇਸੇ ਲਈ ਨੰਗੀ ਤਲਵਾਰ ਵੇਖ ਕੇ ਉਹ ਡਰੀ ਨਹੀਂ ਸੀ। ਸਗੋਂ ਮੁਸਕਰਾਈ। ਤੇ ਸਿਰ ਕੱਟਿਆ ਜਾਣ ਤੋਂ ਬਾਅਦ ਵੀ ਉਸਦੇ ਬੁੱਲ੍ਹਾਂ ਦੀ ਮੁਸਕਾਨ ਫਿੱਕੀ ਨਹੀਂ ਪਈ ਸੀ।

ਅਨੁਵਾਦ: ਕੇਸਰਾ ਰਾਮ
94162 35210

ਮੇਰੇ ਪਿੰਡ ਦੇ ਮੀਰਜ਼ਾਦੇ / ਸਾਂਵਲ ਧਾਮੀ

(ਇਹ ਖ਼ੂਬਸੂਰਤ ਲਿਖਤ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ। ਪਾਕਿਸਤਾਨ ਅਤੇ ਕਸ਼ਮੀਰ, ਭਾਰਤ ਦੀਆਂ ਕੁਝ ਨਵੀਆਂ ਅਤੇ ਕੁਝ ਇਤਿਹਾਸਕ ਤਸਵੀਰਾਂ ਨਾਲ -ਸੰ)

ਸਿਆਲ ਦਾ ਸਿਖ਼ਰ ਸੀ। ਤਾਲਿਬ ਨੇ ਮਾਂ ਕੋਲੋਂ ਸੰਦੂਕ 'ਤੇ ਪਿਆ ਨਵਾਂ ਨਕੋਰ ਖੇਸ ਮੰਗਿਆ। ਮਾਂ ਮੂਹਰਿਓਂ ਟੁੱਟ ਕੇ ਪੈ ਗਈ, "ਇਸ ਖੇਸ ਵੱਲ ਤਾਂ ਝਾਕੀ ਵੀ ਨਾ, ਇਹ ਤਾਂ ਮੈਂ ਪੀਰਾਂ ਲਈ ਰੱਖਿਆ ਹੋਇਆ; ਅਣਲੱਗ।" ਤਾਲਿਬ ਠੁਰ ਠੁਰ ਕਰਦਾ ਬਾਹਰ ਨਿਕਲ ਗਿਆ। ਸ਼ਾਮੀਂ ਵਾਪਸ ਘਰ ਆਉਣ ਦੀ ਬਜਾਏ ਨੇੜਲੇ ਪਿੰਡ ਮੰਡੇਰਾਂ ਨੂੰ ਚਲਾ ਗਿਆ -ਓਥੇ ਮਸ਼ਹੂਰ ਗਾਇਕ ਤੁਫ਼ੈਲ ਨਿਆਜ਼ੀ ਹੁਰਾਂ ਦੇ ਟੱਬਰ ਨਾਲ ਉਨ੍ਹਾਂ ਦੀ ਸਾਂਝ-ਸਕੀਰੀ ਸੀ ਕੋਈ।

ਅਗਲੇ ਦਿਨ ਤਾਲਿਬ ਹੁਰਾਂ ਦੇ ਘਰ ਪੀਰ ਜੀ ਵੀ ਆ ਬਹੁੜੇ! ਤਾਲਿਬ ਦੀ ਮਾਂ ਨੂੰ ਚਾਅ ਚੜ੍ਹ ਗਿਆ। ਮੰਜੇ 'ਤੇ ਨਵੇਂ ਵਿਛਾਉਣੇ ਵਿਛਾਏ ਗਏ। ਵੰਨ-ਸੁਵੰਨੇ ਪਕਵਾਨ ਤਿਆਰ ਕੀਤੇ ਗਏ। ਦਿਨ ਢਲ਼ੇ, ਜਦ ਪੀਰ ਜੀ ਤੁਰਨ ਲੱਗੇ ਤਾਂ ਉਹ ਖੇਸ ਭੇਟ ਕੀਤਾ ਗਿਆ। ਪੀਰ ਜੀ ਅਜੇ ਪਿੰਡ ਦਾ ਵਸੀਵਾਂ ਵੀ ਨਹੀਂ ਟੱਪੇ ਹੋਣੇ ਕਿ ਤਾਲਿਬ ਹੁਰੀਂ ਵੀ ਘਰ ਪਰਤ ਆਏ।

"ਕਿੱਥੇ ਮਰ ਗਿਆ ਸੀ ਕੱਲ੍ਹ ਦਾ? ਹੁਣੇ ਗਏ ਨੇ ਪੀਰ ਜੀ!" ਮਾਂ ਤਾਲਿਬ ਨੂੰ ਟੁੱਟ ਕੇ ਪੈ ਗਈ ਸੀ।

"ਹੈਂ ਮਾਂ...!" ਤਾਲਿਬ ਹੈਰਾਨੀ ਨਾਲ ਬੋਲਿਆ। "...ਤੂੰ ਉਹ ਖੇਸ ਤਾਂ ਪੀਰ ਨੂੰ ਭੇਟ ਕਰ ਦਿੱਤਾ ਸੀ ਨਾ?"

"ਤੇ ਹੋਰ ਕੀ..." ਗੱਲ ਅਧੂਰੀ ਸੀ ਕਿ ਮਾਂ ਦੀ ਨਿਗ੍ਹਾ ਉਸ ਖੇਸ 'ਤੇ ਪਈ ਜਿਸ ਦੀ ਤਾਲਿਬ ਨੇ ਬੁੱਕਲ ਮਾਰੀ ਹੋਈ ਸੀ।

"ਤੇਰਾ ਕੱਖ ਨਾ ਰਹੇ! ਤੂੰ ਦੋਹਰਾ ਪਾਪ ਕੀਤਾ ਵੇ ਤਾਲਿਬਾ! ਇੱਕ ਪੀਰ ਬਣਿਆ ਤੇ ਦੂਜਾ ਆਪਣੀ ਮਾਂ ਨੂੰ ਹੀ ਠੱਗ ਲਿਆ।" ਘੋਟਣਾ ਲੈ ਕੇ ਉਹ ਤਾਲਿਬ ਮਗਰ ਭੱਜ ਪਈ ਸੀ।

ਕਦੇ, ਸਾਡਾ ਪਿੰਡ, ਚੱਠੂ ਬਲ਼ਦਾਂ ਦੀਆਂ ਟੱਲੀਆਂ ਤੇ ਹੁੱਕਿਆਂ ਲਈ ਮਸ਼ਹੂਰ ਹੁੰਦਾ ਸੀ। ਇਨ੍ਹਾਂ ਨਾਲੋਂ ਵੀ ਮਸ਼ਹੂਰ ਸਨ ਨੱਥੂ, ਛੱਜੂ ਤੇ ਤਾਲਿਬ। ਸਾਡੇ ਪਿੰਡ ਦੇ ਮੀਰਜ਼ਾਦੇ।

ਮੈਂ ਬਜ਼ੁਰਗਾਂ ਕੋਲੋਂ ਬੜੇ 'ਕਿੱਸੇ' ਸੁਣੇ ਨੇ ਇਨ੍ਹਾਂ ਲੋਕ-ਕਲਾਕਾਰਾਂ ਦੇ।

ਇੱਕ ਵਾਰ ਉਹ ਕਿਸੇ ਰਿਆਸਤੀ ਰਾਜੇ ਦੇ ਮਹਿਲਾਂ 'ਚ ਨਕਲਾਂ ਕਰਨ ਗਏ। ਖ਼ੁਸ਼ ਹੋ ਕੇ ਰਾਜੇ ਨੇ ਉਨ੍ਹਾਂ ਨੂੰ ਘੋੜਾ ਭੇਟ ਕਰਨ ਦਾ ਹੁਕਮ ਦਿੱਤਾ। ਅਹਿਲਕਾਰਾਂ ਨੇ ਨਕਾਰਾ ਜਿਹਾ ਘੋੜਾ ਦੇ ਦਿੱਤਾ। ਮੀਰਜ਼ਾਦੇ ਤੁਰਨ ਲੱਗੇ ਤਾਂ ਉਨ੍ਹਾਂ ਰਾਜੇ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਖਿੜਕੀ 'ਚ ਬੈਠੇ ਰਾਜੇ ਨੇ ਮੀਰਜ਼ਾਦਿਆਂ ਦੀਆਂ ਦੁਆਵਾਂ ਸੁਣੀਆਂ। ਖੱਚਰਾਂ 'ਤੇ ਸਾਮਾਨ ਲੱਦੀ, ਉਹ ਜਾ ਰਹੇ ਸਨ! ਇਨਾਮ 'ਚ ਮਿਲੇ ਘੋੜੇ ਦੇ ਗਲ਼ 'ਚ ਘੜਾ ਲਮਕ ਰਿਹਾ ਸੀ। ਰਾਜਾ ਡਾਢਾ ਹੈਰਾਨ ਹੋਇਆ ਤੇ ਇਸ ਦੀ ਵਜ੍ਹਾ ਪੁੱਛਣ ਲੱਗਾ।

"ਕੋਈ ਖ਼ਾਸ ਗੱਲ ਨਹੀਂ, ਹਜ਼ੂਰ ਮਾਈ-ਬਾਪ। 'ਪਿੱਛਾ' ਬੜਾ ਭਾਰੀ ਏ ਇਸ ਘੋੜੇ ਦਾ। ਕਿਤੇ ਉੱਲਰ ਨਾ ਜਾਏ, ਸੋ ਦਾਬੂ ਕੀਤਾ ਹੋਇਆ!" ਹੱਥ ਜੋੜਦਿਆਂ ਨੱਥੂ ਬੋਲਿਆ ਸੀ। ਫਿਰ ਕੀ ਸੀ! ਅਹਿਲਕਾਰਾਂ ਦੀ ਸ਼ਾਮਤ ਆ ਗਈ ਸੀ। ਮੀਰਜ਼ਾਦਿਆਂ ਨੂੰ ਵਧੀਆ ਘੋੜਾ ਦੇ ਕੇ ਤੋਰਿਆ ਗਿਆ ਸੀ।

ਉਹ ਨਕਲਾਂ ਕਰ ਕੇ ਪਿੰਡ ਮੁੜਦੇ ਤਾਂ ਜੱਟੀਆਂ ਕੋਲੋਂ ਦੇਸੀ ਘਿਉ ਖਰੀਦ ਲੈਂਦੇ। ਕਈ-ਕਈ ਦਿਨ ਤੜਕਿਆਂ ਦੀ ਖ਼ੁਸ਼ਬੋ, ਪੂਰੇ ਪਿੰਡ ਦੀ ਫ਼ਿਜ਼ਾ 'ਚ ਘੁਲੀ-ਮਿਲੀ ਰਹਿੰਦੀ। ਬਿਨਾਂ ਸ਼ੱਕ! ਗ਼ਰੀਬ ਸ਼ਹਿਨਸ਼ਾਹ ਸਨ ਉਹ ਲੋਕ।

ਇੱਕ ਵਾਰ ਕਿਸੇ ਨੇ ਨੱਥੂ ਕੋਲੋਂ ਪੁੱਛਿਆ, "ਏਡੀ ਕਮਾਈ ਕਰਦੇ ਓ ਤੁਸੀਂ! ਰਹਿੰਦੇ ਤੁਸੀਂ ਕੱਚੇ ਢਾਰਿਆਂ ਅੰਦਰ ਓ। ਤਾਡ੍ਹੀ ਕਮਾਈ ਕੌਣ ਖਾਈ ਜਾਂਦਾ?"

ਨੱਥੂ ਘਰੋਂ ਹਾਂਡੀ ਚੁੱਕ ਲਿਆਇਆ ਤੇ ਉਸ ਨੂੰ ਸਿਰ ਤੋਂ ਉੱਪਰ ਚੁੱਕਦਿਆਂ ਬੋਲਿਆ, "ਬੱਸ ਏਹ ਹਾਂਡੀ ਈ ਖਾਈ ਜਾਂਦੀ ਆ, ਸਰਦਾਰੋ!"

ਵਿਹਲੇ ਵਕਤ 'ਚ ਉਹ ਆਪਣੇ ਪਿੰਡ ਅੰਦਰ ਹੀ ਪਿੜ ਬੰਨ੍ਹ ਲੈਂਦੇ। ਇਕ ਵਾਰ ਅਚਾਨਕ ਇਕ ਅੱਖੜ ਜਿਹੇ ਬੰਦੇ ਦੀ ਲਲਕਾਰ ਨਾਲ ਸੁੰਨ ਪਸਰ ਗਈ। ਮੀਰਜ਼ਾਦਿਆਂ ਵੱਲ ਨੂੰ ਡਾਂਗ ਉਲਾਰਦਿਆਂ ਉਹ ਗਰਜਿਆ, "ਬੰਦ ਕਰੋ ਏਹ ਸਭ ਕੁਝ!" ਪਿੰਡ ਦੇ ਕੁਝ

ਮੇਰੇ ਪਿੰਡ ਦੇ ਮੀਰਜ਼ਾਦੇ

ਗੱਭਰੂ ਉਸ 'ਅੜਬ' ਨੂੰ ਕਾਬੂ ਕਰਨ ਲਈ ਗੁੱਸੇ 'ਚ ਉੱਠ ਖੜੋਏ ਤਾਂ ਪਿੜ 'ਚ ਖੜ੍ਹਾ ਛੱਜੂ ਹੱਥ ਜੋੜਦਿਆਂ ਉੱਚੀ ਆਵਾਜ਼ 'ਚ ਬੋਲਿਆ, "ਮਾਰਿਓ ਨਾ, ਸਰਦਾਰੋ! ਏਹ ਤੁਹਾਡਾ ਯਾਰ ਤਾਲਿਬ ਹੀ ਤਾਂ ਹੈ।"

ਨਕਲੀ ਦਾੜ੍ਹੀ-ਮੁੱਛਾਂ, ਸਲਵਾਰ-ਕਮੀਜ਼ ਤੇ ਕੁੱਲ੍ਹੇ ਵਾਲੀ ਪੱਗ; ਇੱਕ ਵਾਰ ਘੋੜੀ 'ਤੇ ਸਵਾਰ ਹੋ ਕੇ ਉਹ ਥਾਣੇਦਾਰ ਦੇ ਭੇਸ 'ਚ ਪਿੰਡ ਆਇਆ। ਖੈਰੂ ਚੌਕੀਦਾਰ ਵੀ ਉਸ ਨੂੰ ਪਛਾਣ ਨਾ ਸਕਿਆ। ਉਸ ਨੂੰ ਦੀਵਾਨਖ਼ਾਨੇ 'ਚ ਬਿਠਾਅ ਉਹ ਪਿੰਡ ਦੇ ਮੋਹਤਬਰਾਂ ਨੂੰ ਸੱਦ ਲਿਆਇਆ। ਉਹ ਆਏ ਤਾਂ ਹੱਥ ਜੋੜ ਕੇ ਪਹਿਲਾਂ ਸੇਵਾ-ਪਾਣੀ ਤੇ ਫਿਰ ਆਪਣਾ ਕਸੂਰ ਪੁੱਛਣ ਲੱਗੇ। 'ਥਾਣੇਦਾਰ' ਇੱਕ ਇੱਕ ਕਰ ਕੇ ਉਨ੍ਹਾਂ ਦੇ ਦੋਸ਼ ਗਿਣਾਉਣ ਲੱਗਾ ਤੇ ਉਹ ਅੰਦਰੋਂ-ਬਾਹਰੋਂ ਕੰਬਣ ਲੱਗ ਪਏ!

"ਜੇ ਤੁਸੀਂ ਚਾਹੁੰਦੇ ਓ ਕਿ ਗੱਲ ਸ਼ਹਿਰ ਤਕ ਨਾ ਜਾਵੇ ਤਾਂ ਪੰਜ-ਪੰਜ ਕਿੱਲੋ ਆਟਾ ਤੇ ਦੋ-ਦੋ ਕਿੱਲੋ ਘਿਉ ਅੱਜ ਸ਼ਾਮੀਂ ਨੱਥੂ ਦੇ ਘਰ ਪਹੁੰਚਾ ਦਿਓ! ਸਮਝੇ?" ਇਹ ਕਹਿੰਦਿਆਂ ਜਦ ਤਾਲਿਬ ਹੱਸਿਆ ਤਾਂ ਸ਼ਰਮਿੰਦਾ ਹੋਏ ਸਰਦਾਰ ਉਸ ਨੂੰ ਗਾਲ੍ਹਾਂ ਕੱਢਦੇ ਹੋਏ ਘਰਾਂ ਵੱਲ ਨੂੰ ਮੁੜ ਗਏ।

ਬਾਬਾ ਹੀਰਾ ਸਿੰਘ ਦੀ ਕੁਟੀਆ ਪਿੰਡ ਤੋਂ ਬਾਹਰ ਵੱਲ ਸੀ। ਉਨ੍ਹਾਂ ਦੇ ਵੈਰਾਗ ਦੀ ਕਹਾਣੀ ਵੀ ਬੜੀ ਅਨੋਖੀ ਏ। ਵਿਸਾਖ ਦੇ ਦਿਨ ਸਨ। ਉਹ ਕਣਕ ਵੱਢ ਰਹੇ ਸਨ। ਪਿੰਡੋਂ ਸੁਨੇਹਾ ਆਇਆ। ਉਨ੍ਹਾਂ ਦੇ ਦੋਵੇਂ ਪੁੱਤਰ ਛੱਪੜ 'ਚ ਡੁੱਬ ਕੇ ਮਰ ਗਏ ਸਨ। ਉਨ੍ਹਾਂ ਦਾਤੀ ਛੱਡ ਦਿੱਤੀ। ਮੁੜ ਉਹ ਕਦੇ ਘਰ ਨਹੀਂ ਗਏ। ਓਥੇ ਹੀ ਕੁਟੀਆ ਪਾ ਲਈ ਤੇ ਦਿਨ-ਰਾਤ ਬੰਦਗੀ ਕਰਨ ਲੱਗੇ। ਇਕ ਵਾਰ, ਤਾਲਿਬ, ਫ਼ਕੀਰ ਦੇ ਭੇਸ 'ਚ ਉਨ੍ਹਾਂ ਕੋਲ ਜਾ ਪਹੁੰਚਿਆ ਸੀ।

"ਲੰਘ ਆ ਫ਼ਕੀਰਾ।" ਅੰਦਰੋਂ ਆਵਾਜ਼ ਆਈ।

ਅੰਦਰ ਜਾ ਕੇ ਵੇਖਿਆ ਕਿ ਅੱਖਾਂ ਮੁੰਦੀ ਉਹ ਆਪਣੇ ਅੰਦਰ ਡੁੱਬੇ ਹੋਏ ਸਨ। ਠੰਢ ਨਾਲ ਠੁਰ-ਠੁਰ ਕਰਨ ਦੀ ਅਦਾਕਾਰੀ ਕਰਦਿਆਂ ਉਸ ਨੇ ਕਿਸੇ ਲੋਈ-ਕੰਬਲੀ ਲਈ ਵਾਸਤਾ ਪਾਇਆ।

"ਉਹ ਟੰਗੀ ਹੋਈ ਏ ਭਗਤਾ, ਲੈ ਜਾ।"

ਤਾਲਿਬ ਖਿੜ ਗਿਆ। ਕੰਬਲੀ ਨਾਲੋਂ ਵੱਡੀ ਖ਼ੁਸ਼ੀ ਇਸ ਗੱਲ ਦੀ ਸੀ ਕਿ ਇਸ ਵਾਰ ਉਸ ਨੇ ਉਸ ਸ਼ਖ਼ਸ ਨੂੰ ਧੋਖਾ ਦੇ ਦਿੱਤਾ ਸੀ ਜਿਸ ਨੂੰ ਸਾਰਾ ਪਿੰਡ ਰੱਬੀ ਰੂਪ ਸਮਝਦਾ ਸੀ। ਉਹ ਚਾਅ ਜਿਹੇ 'ਚ ਕੰਬਲੀ ਚੁੱਕ ਕੇ ਤੁਰਨ ਲੱਗਾ ਤਾਂ ਬਾਬਾ ਜੀ ਬੋਲ ਪਏ ਸਨ, "ਬੂਹਾ ਪਹਿਲਾਂ ਵਾਂਗ ਈ ਭੇੜਦਾ ਜਾਈਂ, ਤਾਲਿਬ ਪੁੱਤਰਾ।"

ਕੰਬਲੀ ਹੱਥੋਂ ਡਿੱਗ ਗਈ। ਸੰਤਾਂ ਦੇ ਪੈਰੀਂ ਪੈ ਕੇ ਲੱਗਾ ਮੁਆਫ਼ੀਆਂ ਮੰਗਣ। "ਭਗਤਾ, ਚੁੱਕ ਲੈ! ਇਹ ਕੰਬਲੀ ਮੈਂ ਤੇਰੇ ਲਈ ਹੀ ਰੱਖੀ ਸੀ।" ਉਵੇਂ ਅੱਖਾਂ ਮੁੰਦੀ, ਉਹ ਬਿੰਦ-ਬਿੰਦ ਮੁਸਕਰਾਉਂਦੇ ਬੋਲੇ ਸਨ।

ਤਾਲਿਬ ਉਸ ਦਿਨ ਪਿੰਡ ਦੀ ਜੂਹ ਅੰਦਰ, ਮੁੜ, ਕਦੇ ਵੀ ਭੇਸ ਨਾ ਬਦਲਣ ਦੀ ਸਹੁੰ ਖਾ ਕੇ ਹੀ ਘਰ ਵੜਿਆ ਸੀ।

ਛੇਤੀਂ ਮਗਰੋਂ ਸੰਨ ਸੰਤਾਲੀ ਆ ਗਿਆ। ਮੋਹਤਬਰ ਬੰਦਿਆਂ ਨੇ ਮੀਰਜ਼ਾਦਿਆਂ ਨੂੰ ਬੜਾ ਰੋਕਿਆ। ਹੋਰਨਾਂ ਪਿੰਡਾਂ 'ਚੋਂ ਆਉਂਦੀਆਂ ਕਤਲੋਗ਼ਾਰਤ ਦੀਆਂ ਖ਼ਬਰਾਂ ਨੇ ਉਨ੍ਹਾਂ ਨੂੰ ਡਰਾਅ ਦਿੱਤਾ। ਆਖ਼ਰ ਉਨ੍ਹਾਂ ਵੀ ਪਿੰਡ ਛੱਡਣ ਦਾ ਫ਼ੈਸਲਾ ਕਰ ਲਿਆ। ਪਿੰਡ ਦੇ ਮੋਹਤਬਰ ਬੰਦੇ ਗੱਡਿਆਂ 'ਤੇ ਸਾਮਾਨ ਲੱਦ ਉਨ੍ਹਾਂ ਨੂੰ ਕਮਾਲਪੁਰ ਦੇ ਕੈਂਪ ਤਕ ਛੱਡ ਆਏ ਤੇ ਮਹੀਨਾ ਭਰ ਰਾਸ਼ਣ ਵੀ ਪਹੁੰਚਾਉਂਦੇ ਰਹੇ।

ਕਾਫ਼ਲਾ ਅਗਲੇ ਪੜਾਅ ਵੱਲ ਤੁਰਿਆ ਤਾਂ ਉਨ੍ਹਾਂ ਨੂੰ ਫਿਰ ਆਪਣੇ ਪਿੰਡ ਵਿੱਚੋਂ ਦੀ ਲੰਘਣਾ ਪਿਆ। ਉਦਾਸ ਚਿਹਰੇ, ਵੀਰਾਨ ਅੱਖਾਂ ਤੇ ਉੱਜੜੀਆਂ ਦੇਹਾਂ! ਦੁਨੀਆਂ ਨੂੰ ਹਸਾਉਣ ਵਾਲੇ ਉਹ ਬੇਜੋੜ ਕਲਾਕਾਰ ਵੀ ਉਸ ਭੀੜ ਦਾ ਹਿੱਸਾ ਸਨ ਜੋ ਥੱਕੀਆਂ ਤੋਰਾਂ ਨਾਲ ਅਣਚਾਹੀ ਮੰਜ਼ਿਲ ਵੱਲ ਤੁਰੀ ਜਾ ਰਹੀ ਸੀ।

ਉਨ੍ਹਾਂ ਨੂੰ ਵੇਖਣ ਲਈ ਜੁੜੀ ਪਿੰਡ ਵਾਲਿਆਂ ਦੀ ਭੀੜ 'ਚ ਮੇਰੇ ਤਾਇਆ ਜੀ ਵੀ ਸਨ- ਜੋ, ਅੱਜ, ਲਾਹੌਰ ਸ਼ਹਿਰ ਅੰਦਰ ਬੈਠੇ, ਬੇਸਬਰੀ ਨਾਲ ਉਨ੍ਹਾਂ ਮੀਰਜ਼ਾਦਿਆਂ ਦੀ ਉਡੀਕ ਕਰ ਰਹੇ ਸਨ। ਪੰਜਾਬ ਦੀ ਹਿੱਕ 'ਤੇ ਉੱਕਰੀ ਲਕੀਰ 'ਤੇ ਤਾਇਨਾਤ ਸਨ ਉਹ। ਸਰਹੱਦ ਦੇ ਨਿੱਕੇ-ਮੋਟੇ ਮਸਲਿਆਂ ਨੂੰ ਸਮਝਣ, ਸਮਝਾਉਣ ਤੇ ਸੁਲਝਾਉਣ ਲਈ ਦੋਵ੍ਹਾਂ ਮੁਲਕਾਂ ਦੇ ਅਫ਼ਸਰ ਕਦੇ ਅੰਮ੍ਰਿਤਸਰ ਤੇ ਕਦੇ ਲਾਹੌਰ 'ਚ ਮੁਲਾਕਾਤ ਰੱਖਦੇ- ਉਨ੍ਹਾਂ ਨੇ ਪਾਕਿਸਤਾਨੀ ਅਫ਼ਸਰਾਂ ਅੱਗੇ ਗੁਜ਼ਾਰਿਸ਼ ਕੀਤੀ ਸੀ ਕਿ ਉਹ ਆਪਣੇ ਪਿੰਡ ਦੇ ਕਲਾਕਾਰਾਂ ਨੂੰ ਮਿਲਣਾ ਚਾਹੁੰਦੇ ਹਨ।

ਕੋਈ ਪੰਦਰਾਂ ਵਰ੍ਹਿਆਂ ਬਾਅਦ ਅੱਜ ਉਨ੍ਹਾਂ ਨਾਲ ਮੁਲਾਕਾਤ ਦਾ ਸਬੱਬ ਬਣਿਆ ਸੀ।

ਪਹਿਲਾਂ ਉਹ ਪੈਰਾਂ 'ਤੇ ਝੁਕੇ ਤੇ ਫਿਰ ਜੱਫੀਆਂ ਪਾ-ਪਾ ਕੇ ਮਿਲੇ। ਹੰਝੂਆਂ ਦੀਆਂ ਝੜੀਆਂ ਲਗਾ ਦਿੱਤੀਆਂ ਸੀ ਉਨ੍ਹਾਂ। ਪਿੰਡ ਦੇ 'ਕੱਲੇ-'ਕੱਲੇ ਜੀਅ ਦਾ ਹਾਲ ਪੁੱਛਿਆ। ਜਦੋਂ ਕਿਸੇ ਲਾਣੇ ਦੀ ਚੜ੍ਹਤ ਵਾਲੀ ਗੱਲ ਸੁਣਦੇ ਤਾਂ ਸੋਹਣੇ ਅੱਲ੍ਹਾ ਦਾ ਸ਼ੁਕਰਾਨਾ ਕਰਨ ਲੱਗ ਜਾਂਦੇ। ਜਦੋਂ ਕਿਸੇ ਦੀ ਮੌਤ ਬਾਰੇ ਸੁਣਦੇ ਤਾਂ ਉਨ੍ਹਾਂ ਦੇ ਧੁਰ ਅੰਦਰੋਂ ਹੂਕਾਂ ਨਿਕਲਦੀਆਂ। ਉਨ੍ਹਾਂ ਦੀਆਂ ਗੱਲਾਂ ਤੇ ਵਿਹਾਰ ਨੇ ਇਹ ਸਾਬਿਤ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਸਿਰਫ਼ ਕਲਬੂਤ ਹੀ ਡਿਜ਼ਕੋਟ ਵੱਸਦੇ ਸਨ, ਰੂਹਾਂ ਤਾਂ ਉਹ ਆਪਣੇ ਪਿੰਡ ਦੀਆਂ ਗ਼ਲੀਆਂ 'ਚ ਹੀ ਭੁੱਲ ਆਏ ਸਨ! ਉਨ੍ਹਾਂ ਦੇ ਖ਼ਸਤਾ ਹਾਲ ਕੱਪੜੇ ਤੇ ਉੱਜੜੀਆਂ ਸੂਰਤਾਂ ਇਸ ਗੱਲ ਦਾ ਸਬੂਤ ਸਨ ਕਿ ਲੱਖਾਂ ਹੋਰਨਾਂ ਵਾਂਗ ਉਨ੍ਹਾਂ ਨੂੰ ਵੀ ਇਹ 'ਆਜ਼ਾਦੀ' ਤੇ 'ਨਵਾਂ ਦੇਸ਼' ਬੜੇ ਮਹਿੰਗੇ ਭਾਅ ਪਏ ਸਨ।

"ਸਰਦਾਰ ਸਾਹਬ, ਬੇਬੇ ਨੂੰ ਦੱਸਿਆ ਤਾਂ ਉਹ ਕਹਿਣ ਲੱਗੀ- 'ਮੇਰੀਆਂ ਦੁਆਵਾਂ ਨੇ ਬਣਾਇਆ ਅੰਗਦ ਸੂਹ

ਨੂੰ ਅਫਸਰ।' ਕਾਫ਼ਲੇ 'ਚ ਤੁਰੀ ਆਉਂਦੀ ਨੂੰ ਤੁਸੀਂ ਮਿੱਠਾ ਪਾਣੀ ਜੁ ਪਿਲਾਇਆ ਸੀ ਤੇ ਚੁੰਨੀ ਦੇ ਲੜ ਕੁਝ ਰੁਪਏ ਵੀ ਬੰਨ੍ਹ ਦਿੱਤੇ ਸਨ।" ਨੂੰਨਾ ਬੋਲਿਆ ਸੀ।

ਦੁਆਵਾਂ ਦੇ ਕੇ ਵਿਛੜਨ ਲੱਗੇ ਤਾਂ ਲਹਿੰਦੇ ਪਾਸੇ ਵਾਲੇ ਅਫ਼ਸਰ ਕਹਿਣ ਲੱਗੇ, "ਸਰਦਾਰ ਸਾਹਿਬ, ਸਿਫ਼ਤਾਂ ਤਾਂ ਤੁਸੀਂ ਬੜੀਆਂ ਪਏ ਕਰਦੇ ਸੋ ਪਰ ਤੁਹਾਡੇ ਕਲਾਕਾਰਾਂ ਨੇ ਕੋਈ ਰੰਗ-ਸ਼ੰਗ ਤਾਂ ਵਿਖਾਇਆ ਈ ਨਹੀਂ।" ਤਾਇਆ ਜੀ ਚੁੱਪ ਰਹੇ। ਉਹ ਮੌਕੇ ਦੀ ਨਜ਼ਾਕਤ ਨੂੰ ਪਛਾਣਦੇ ਸਨ। ਇੱਕੋ ਪਿੰਡ ਦੇ ਜਾਏ ਹਮੇਸ਼ਾਂ-ਹਮੇਸ਼ਾਂ ਲਈ ਵਿਛੜ ਗਏ ਸਨ। ਰੱਬ-ਸਬੱਬੀਂ ਅੱਜ ਵਰ੍ਹਿਆਂ ਬਾਅਦ ਮੇਲ ਹੋਇਆ ਸੀ ਉਨ੍ਹਾਂ ਦਾ। ਉਨ੍ਹਾਂ ਦੇ ਮਨ-ਮਸਤਕ 'ਤੇ ਸੰਘਣੀ ਉਦਾਸੀ ਛਾਈ ਹੋਈ ਸੀ। ਤਾਇਆ ਜੀ ਤਾਂ ਚੁੱਪ ਰਹੇ, ਪਰ ਆਪਣੇ ਗਿਰਾਈਂ ਦੀ ਲਾਜ ਰੱਖਦਿਆਂ ਉਨ੍ਹਾਂ ਅੱਖੀਆਂ ਪੂੰਝ ਲਈਆਂ ਸਨ। ਉਨ੍ਹਾਂ ਕੋਲ ਕੋਈ ਸਾਜ਼ੋ-ਸਾਮਾਨ ਤਾਂ ਨਹੀਂ ਸੀ! ਉਨ੍ਹਾਂ ਫਿਰ ਵੀ ਪਿੜ ਬੰਨ ਲਿਆ ਤੇ 'ਰੰਗ ਬੰਨ੍ਹਣ ਦੀ' ਕੋਸ਼ਿਸ਼ 'ਚ ਲੱਗ ਗਏ।

"ਓਏ ਤਾਲਿਬਾ, ਲਹੌਰ ਸ਼ਹਿਰ 'ਚ ਇਹ ਨੂਰ ਕਾਹਦਾ ਬਿਖਰਿਆ ਪਿਆ ਏ, ਅੱਜ ਓਏ? ਇਹ ਚਾਨਣੇ ਦਾ ਛੱਟਾ ਕਿਉਂ ਆਇਆ ਪਿਆ ਓਏ, ਅੱਜ ਚਾਰ-ਚੁਫ਼ੇਰੇ? ਓਏ ਇਹ ਰੋਸ਼ਨੀਆਂ ਦਾ ਮੀਂਹ ਕਿਉਂ ਵਰ੍ਹਦਾ ਪਿਆ ਏ, ਅੱਜ ਦੂਰ-ਦੂਰ ਤੱਕ?" ਰੋਡੂ ਕਾਵਿਕ ਲਹਿਜੇ 'ਚ ਬੋਲੀ ਗਿਆ ਸੀ।

"ਦੇਖ ਓਏ ਤਾਲਿਬਾ, ਅੱਜ 'ਵਾ ਵੀ ਕੇਡੀ ਸੋਹਣੀ ਪਈ ਰੁਮਕਦੀ ਏ। ਕੇਡੀ ਖ਼ੁਸ਼ਬੋ ਘੁਲੀ ਪਈ ਏ ਫ਼ਿਜ਼ਾਵਾਂ ਅੰਦਰ। ਅੱਜ ਹੋ ਕੀ ਗਿਆ ਓਏ ਇਸ ਲਹੌਰ ਸ਼ਹਿਰ ਅੰਦਰ? ਸਭ ਕੁਝ ਏਡਾ ਸੋਹਣਾ-ਸੋਹਣਾ ਕਿਉਂ ਹੋਇਆ ਪਿਆ ਏ, ਅੱਜ ਓਏ?" ਡੋਡੀ ਨੇ ਉਸੇ ਅੰਦਾਜ਼ 'ਚ ਆਪਣੀ ਗੱਲ ਕਹੀ ਸੀ।

"ਓਏ ਮੂਰਖੋ, ਓਏ ਅੰਨ੍ਹੀਂ ਦਿਓ! ਤੁਹਾਨੂੰ ਖ਼ਬਰ ਈ ਨਈਂ ਕੋਈ, ਅੰਨ-ਪਾੜੋ?" ਤਾਲਿਬ ਲਾਹਣਤ ਪਾਉਂਦਿਆਂ ਬੋਲਿਆ ਸੀ।

"ਕੇਹੜੀ ਖ਼ਬਰ?" ਤਾਲਿਬ ਦੇ ਦੁਆਲ਼ੇ ਇਕੱਠੇ ਹੁੰਦਿਆਂ ਥੋੜ੍ਹਾ ਝੁਕ ਕੇ ਹੈਰਾਨੀ ਨਾਲ ਇੱਕੋ ਅਵਾਜ਼ 'ਚ ਪੁੱਛਿਆ ਸੀ ਉਨ੍ਹਾਂ।

"ਓਏ, ਅੱਜ ਸ਼ਹਿਰ ਲਹੌਰ 'ਚ ਸਾਡੇ ਸਰਦਾਰ ਆਏ ਹੋਏ ਨੇ!" ਤਾਲਿਬ ਨੇ ਤਾੜੀ ਮਾਰ ਕੇ ਹੱਸਦਿਆਂ ਹੱਥ ਫੈਲਾਅ ਦਿੱਤੇ ਸਨ।

"ਬੱਲੇ ਓਏ ਬੱਲੇ! ਸਦਕੇ ਜਾਵਾਂ ਤੇਰੇ ਸਰਦਾਰਾਂ ਦੇ! ਪਰ ਇਹ ਆਏ ਕਿਹੜੇ ਪਿੰਡੋਂ ਨੇ?" ਇਹ ਸਵਾਲ ਰੋਡੂ ਨੇ ਕੀਤਾ ਸੀ।

"ਏਹ ਦੁਨੀਆਂ ਦੇ ਸਭ ਨਾਲੋਂ ਸੋਹਣੇ ਪਿੰਡੋਂ ਆਏ ਨੇ, ਰੇਤਾ ਫੱਕਣਿਓਂ!" ਤਾਲਿਬ ਨੇ ਖਿੜਦੇ ਹੋਏ ਜਵਾਬ ਦਿੱਤਾ ਸੀ।

"ਨਈਂ ਰੀਸਾਂ ਤੇਰੇ ਸਰਦਾਰਾਂ ਦੀਆਂ! ਪਰ ਇਹ ਆਏ ਕਿੱਥੋਂ ਨੇ?" ਹੁਣ ਨੂੰਨਾ ਬੋਲਿਆ ਸੀ।

"ਇਹ ਓਸ ਪੰਜਾਬੋਂ ਆਏ ਨੇ ਜਿੱਥੋਂ ਸੂਰਜ ਚੜ੍ਹਦਾ।" ਤਾਲਿਬ ਨੇ ਜਵਾਬ ਦਿੱਤਾ ਸੀ।

"ਜੁੱਗ ਜੁੱਗ ਜਿਊਣ ਤੇਰੇ ਸਰਦਾਰ! ਪਰ ਕੋਈ ਥਾਂ-ਟਿਕਾਣਾ ਤਾਂ ਹੋਊ ਇਨ੍ਹਾਂ ਦਾ?" ਡੋਡੀ ਨੇ ਸਵਾਲ ਕੀਤਾ ਸੀ।

"ਏਹ ਓਸ ਸ਼ਹਿਰੋਂ ਆਏ ਨੇ, ਜਿਹੜਾ ਸਾਰੇ ਜ਼ਿਲ੍ਹਿਆਂ ਨਾਲੋਂ ਹੁਸ਼ਿਆਰ ਹੈ, ਮੂਰਖੋ!" ਤਾਲਿਬ ਨੇ ਥੋੜ੍ਹਾ ਖਿਝਦੇ ਹੋਏ ਜਵਾਬ ਦਿੱਤਾ ਸੀ।

"ਸੋਹਣਾ ਅੱਲ੍ਹਾ ਇਨ੍ਹਾਂ ਨੂੰ ਹੋਰ ਤਰੱਕੀਆਂ ਬਖ਼ਸ਼ੇ! ਫਿਰ ਵੀ ਪਤਾ ਤਾਂ ਲੱਗੇ ਕਿ ਓਥੇ ਕਿਹੜਾ ਪਿੰਡ ਹੈ, ਇਨ੍ਹਾਂ ਭਾਗਾਂ ਵਾਲ਼ੇ ਸਰਦਾਰਾਂ ਦਾ?" ਇਸ ਵਾਰ ਤੋਤੀ ਨੇ ਪੁੱਛਿਆ ਸੀ।

"ਉਸ ਸੋਹਣੇ ਪਿੰਡ ਦਾ ਨਾਂ ਹੈ..." ਤਾਲਿਬ ਨੇ ਗੱਲ ਸ਼ੁਰੂ ਕੀਤੀ ਤਾਂ ਸਾਰਿਆਂ ਨੇ ਕੰਨ ਉਸ ਦੇ ਮੂੰਹ ਨਾਲ ਜੋੜ ਦਿੱਤੇ ਸਨ।

"...ਸਿੰਗੜੀਵਾਲਾ!" ਪਿੰਡ ਦਾ ਨਾਂ ਲੈਂਦਿਆਂ ਤਾਲਿਬ ਦੀ ਹੂਕ ਨਿਕਲ ਗਈ ਸੀ। ਸਾਰੀ ਟੋਲੀ ਭੁੱਬੀਂ ਰੋਣ ਲੱਗ ਪਈ ਸੀ। ਕਿਸੇ ਕੋਲੋਂ ਮੁੜ ਕੋਈ ਗੱਲ ਨਹੀਂ ਸੀ ਹੋਈ। ਉਹ ਰੋਂਦੇ-ਰੋਂਦੇ ਵਿਦਾ ਹੋ ਗਏ ਸਨ। ਅੱਥਰੂ ਲੁਕਾਉਣ ਲਈ ਤਾਇਆ ਜੀ ਨੇ ਵੀ ਚਿਹਰਾ ਬਾਹਵਾਂ 'ਚ ਲੁਕੋਅ ਲਿਆ ਸੀ। ਕੁਰਸੀਆਂ 'ਤੇ ਬੈਠੇ ਬਾਕੀ ਅਫ਼ਸਰ ਵੀ ਕੁਝ ਵਕਤ ਲਈ ਬੁੱਤ ਜਿਹੇ ਹੋ ਗਏ ਸਨ। (ਸੰਤਾਲੀਨਾਮਾ)



ਕਸ਼ਮੀਰੀ ਭੰਡ-ਪਾਥਰ (ਪਾਤਰਾਂ) ਬਾਰੇ ਡੌਕੂਮੈਂਟ੍ਰੀ ਫ਼ਿਲਮ https://youtu.be/8azZ_nl2I2Q

ਅਜਨਬੀ

ਬੰਗਾਲੀ ਕਹਾਣੀ

ਦੋ ਦਿਨ ਹੋਏ ਪੁਸ਼ਪੇਨ ਦਫ਼ਤਰ ਦੇ ਕੰਮ ਕਾਰਨ ਮੁੰਬਈ ਆਇਆ ਹੈ। ਦਫ਼ਤਰ ਵੱਲੋਂ ਇੱਕ ਟ੍ਰੇਨਿੰਗ ਵਾਸਤੇ। ਪਹਿਲੀ ਵਾਰ ਉਹ ਕੋਲਕਾਤਾ ਤੋਂ ਬਾਹਰ ਆਇਆ ਹੈ। ਉਹ ਨਿਮਨ ਮੱਧਵਰਗੀ ਪਰਿਵਾਰ ਤੋਂ ਹੈ। ਬਚਪਨ ਤੋਂ ਹੀ ਘਾਟਾਂ ਨਾਲ ਜੱਦੋਜਹਿਦ ਵਾਲੀ ਗ੍ਰਹਿਸਥੀ ਰਹੀ ਹੈ। ਛੋਟੇ ਜਿਹੇ ਵਪਾਰ ਤੋਂ ਜਿੰਨੀ ਵੀ ਪਰਿਵਾਰਕ ਆਮਦਨੀ ਹੁੰਦੀ ਸੀ, ਕੁਝ ਸਾਲ ਪਹਿਲਾਂ ਪਿਤਾ ਜੀ ਦੀ ਬੀਮਾਰੀ ਕਰਕੇ ਉਹ ਵੀ ਬੰਦ ਹੋ ਗਈ ਸੀ। ਪਰਿਵਾਰਕ ਜਮ੍ਹਾਂਪੂੰਜੀ ਉਸ ਤੋਂ ਬਾਅਦ ਵਾਲੇ ਸਾਲਾਂ ਵਿੱਚ ਪਿਤਾ ਦੀ ਦਵਾ ਦਾਰੂ ’ਤੇ ਖਰਚ ਹੋ ਗਈ।

ਉਸ ਸਮੇਂ ਪੜ੍ਹਾਈ ਦੇ ਨਾਲ ਨਾਲ ਪ੍ਰਾਈਵੇਟ ਟਿਊਸ਼ਨਾਂ ਕਰ ਕੇ ਉਸਨੂੰ ਗ੍ਰਹਿਸਥੀ ਦੀ ਗੱਡੀ ਵੀ ਖਿੱਚਣੀ ਪਈ। ਉਹਨਾਂ ਮੁਸ਼ੱਕਤ ਵਾਲੇ ਦਿਨਾਂ ਦਾ ਅਸਰ ਅਜੇ ਵੀ ਉਸ ਉੱਤੇ ਬਾਕੀ ਹੈ। ਇਸ ਲਈ ਉਹ ਹੋਰ ਲੋਕਾਂ ਨਾਲੋਂ ਵਧੇਰੇ ਨਿਮਰ ਹੈ। ਹਮੇਸ਼ਾ ਹੋਰਨਾਂ ਦੀ ਫ਼ਿਕਰ ਕਰਦਾ ਹੈ। ਉਸਨੂੰ ਪਤਾ ਹੈ ਕਿ ਜ਼ਿੰਦਗੀ ਦੇ ਉਤਾਰ ਚੜ੍ਹਾਅ ’ਚ ਕਿਸੇ ਵੀ ਵੇਲੇ ਸਭ ਕੁਝ ਬਦਲ ਸਕਦਾ ਹੈ।

ਪੜ੍ਹਾਈ ਵਿੱਚ ਉਹ ਬਹੁਤ ਅੱਵਲ ਹੋਣ ਕਾਰਨ ਜੌਇੰਟ ਇਮਤਿਹਾਨ ਵਿੱਚ ਪਹਿਲੀ ਵਾਰੀ ਵਿੱਚ ਹੀ ਇੰਜੀਨੀਅਰਿੰਗ ਵਿੱਚ ਮੌਕਾ ਮਿਲ ਗਿਆ ਸੀ। ਉੱਥੋਂ ਪਾਸ ਹੋ ਕੇ ਕੁਝ ਮਹੀਨੇ ਪਹਿਲਾਂ ਹੀ ਉਸਨੂੰ ਨੌਕਰੀ ਮਿਲੀ ਹੈ — ਕੋਲਕਾਤਾ ’ਚ। ਇਸੇ ਕਰਕੇ ਪਿਛਲੇ ਚਾਰ ਮਹੀਨਿਆਂ ਵਿੱਚ ਉਸਨੂੰ ਕੋਲਕਾਤਾ ਤੋਂ ਬਾਹਰ ਕਿਤੇ ਜਾਣ ਦਾ ਮੌਕਾ ਨਹੀਂ ਮਿਲਿਆ।

ਹੁਣ ਪਹਿਲੀ ਵਾਰ ਇਸ ਖ਼ਾਸ ਟ੍ਰੇਨਿੰਗ ਲਈ ਕੋਲਕਾਤਾ ਤੋਂ ਬਾਹਰ ਆਇਆ ਹੈ — ਮੁੰਬਈ। ਜੁਹੂ ਦੇ ਕੋਲ ਇੱਕ ਵਧੀਆ ਹੋਟਲ ਵਿੱਚ ਠਹਿਰਿਆ ਹੈ। ਅਜਿਹੇ ਹੋਟਲ ਵਿੱਚ ਉਹ ਪਹਿਲਾਂ ਕਦੇ ਨਹੀਂ ਰਿਹਾ — ਫ਼ੋਰ-ਸਟਾਰ ਹੋਟਲ। ਇਸ ਦਰਜੇ ਜਾਂ ਇਸਦੇ ਨੇੜੇ ਤੇੜੇ ਦੇ ਹੋਟਲਾਂ ਵਿੱਚ ਵੀ ਕਦੇ ਰਹਿਣ ਦਾ ਮੌਕਾ ਨਹੀਂ ਮਿਲਿਆ। ਇਸ ਲਈ ਇੱਕ ਪਾਸੇ ਉਹ ਖੁਸ਼ ਵੀ ਸੀ ਅਤੇ ਦੂਜੇ ਪਾਸੇ ਕੁਝ ਬੇਚੈਨ ਵੀ। ਰਾਤ ਢਲਦਿਆਂ-ਢਲਦਿਆਂ ਹੋਟਲ ਦੇ ਪਬ ਵਿੱਚ ਸ਼ੋਰ ਵਧਣਾ ਸ਼ੁਰੂ ਹੋਇਆ। ਅਜਿਹਾ ਮਹੌਲ ਪੁਸ਼ਪੇਨ ਲਈ ਨਵਾਂ ਸੀ। ਬੇਚੈਨੀ ਹੋਰ ਵਧ ਗਈ।

ਉਸਨੇ ਸੁਣਿਆ ਸੀ ਕਿ ਹੋਟਲ ਦੇ ਬਿਲਕੁਲ ਨੇੜੇ ਹੀ ਜੁਹੂ ਬੀਚ ਹੈ। ਸਮੁੰਦਰ ਉਸਨੂੰ ਬਹੁਤ ਚੰਗਾ ਲੱਗਦਾ ਹੈ। ਉੱਥੇ ਸ਼ਾਂਤੀ ਹੋਵੇਗੀ — ਇਹ ਸੋਚ ਉਹ ਓਧਰ ਨੂੰ ਤੁਰ ਪਿਆ।

ਬੀਚ ਲੱਭਣ ਵਿੱਚ ਜ਼ਿਆਦਾ ਸਮਾਂ ਨਾ ਲੱਗਾ। ਰਾਤ ਕਾਫ਼ੀ ਹੋ ਚੁੱਕੀ ਸੀ। ਦਿਨ ਦੀ ਰੌਸ਼ਨੀ ਤਕਰੀਬਨ ਮੁੱਕ ਚੁੱਕੀ ਸੀ। ਇੱਕ ਕਾਲੀ ਚਾਦਰ ਵਰਗਾ ਹਨੇਰਾ ਹਰ ਥਾਂ ਪਸਰ ਗਿਆ ਸੀ।

ਮੋਬਾਈਲ ‘ਤੇ ਸਮਾਂ ਵੇਖਿਆ — ਰਾਤ ਦੇ ਦਸ ਵੱਜ ਰਹੇ ਸਨ। ਬੀਚ ’ਤੇ ਲੋਕ ਤਾਂ ਸਨ, ਪਰ ਘੱਟ। ਪਾਵ ਭਾਜੀ, ਪਾਪੜੀ ਚਾਟ, ਪਾਨੀਪੂਰੀ — ਇਹ ਸਭ ਵਿਕ ਰਹੇ ਸਨ।

ਉਸਨੇ ਪਹਿਲਾਂ ਕਦੇ ਸਮੁੰਦਰ ਨਹੀਂ ਵੇਖਿਆ। ਬਹੁਤ ਸਾਲ ਪਹਿਲਾਂ ਇੱਕ ਵਾਰੀ ਦੀਘਾ ਗਿਆ ਸੀ — ਅਜੇ ਵੀ ਯਾਦ ਹੈ। ਬਾਅਦ ਦੇ ਸਾਲਾਂ ਵਿੱਚ ਪਿਤਾ ਦੀ ਬੀਮਾਰੀ, ਇਲਾਜ — ਇਨ੍ਹਾਂ ਸਭ ਵਿਚ ਉਹਨਾਂ ਦਾ ਏਨਾ ਸਮਾਂ ਲੱਗ ਗਿਆ ਕਿ ਕਦੇ ਕਿਤੇ ਘੁੰਮਣ ਦੀ ਸੋਚ ਵੀ ਨਹੀਂ ਸਕੇ।

ਉਹ ਆਪਣੇ ਆਪ ਵਿਚ ਹੀ ਗੁਆਚਿਆ ਹੋਇਆ, ਸਮੁੰਦਰ ਕੰਢੇ ਟਹਿਲਣ ਲੱਗਾ। ਪਾਣੀ ਵੱਲ ਕਾਫ਼ੀ ਅੱਗੇ ਤੱਕ ਵਧ ਗਿਆ।

ਹੁਣ ਵੀ ਜਿੱਥੇ ਖੜ੍ਹਾ ਹੈ, ਚਹੁੰ ਪਾਸੇ ਸਿੱਪੀਆਂ ਅਤੇ ਗੰਦਲੇ ਪੱਥਰ ਬਾਤ ਪਾ ਰਹੇ ਸਨ ਕਿ ਇੱਥੇ ਨੇਮ ਨਾਲ ਪਾਣੀ ਆਉਂਦਾ ਹੈ। ਇਸ ਤੋਂ ਥੋੜ੍ਹੀ ਹੀ ਦੂਰ ਇੱਕ ਤੋਂ ਬਾਅਦ ਇੱਕ ਛੱਲਾਂ ਰੇਤ ਉੱਤੇ ਛਾਲਾਂ ਮਾਰ ਮਾਰ ਡਿੱਗ ਰਹੀਆਂ ਸਨ। ਰਾਤ ਦੀ ਰੌਸ਼ਨੀ ਵਿੱਚ ਇੰਝ ਲੱਗਦਾ ਸੀ ਜਿਵੇਂ ਪਾਣੀ ਵਿੱਚ ਲੱਖਾਂ ਹੀਰੇ ਇਕੱਠੇ ਲਿਸ਼ਕਾਂ ਮਾਰ ਰਹੇ ਹੋਣ।

ਇਨ੍ਹਾਂ ਛੱਲਾਂ ਦੀ ਵੀ ਜਿਵੇਂ ਆਪਣੀ ਇੱਕ ਜ਼ੁਬਾਨ ਹੈ। ਘੰਟਿਆਂ ਤੀਕ ਰੇਤ ਉੱਤੇ ਖੜ੍ਹ ਕੇ ਛੱਲਾਂ ਦੀਆਂ ਗੱਲਾਂ ਸੁਣਦਿਆਂ ਸਭ ਕੁਝ ਭੁੱਲਿਆ ਜਾ ਸਕਦਾ ਹੈ।

— ਵ੍ਹਟ ਅ ਲਵਲੀ ਨਾਈਟ, ਇਜ਼ਨ’ਟ ਇਟ?

ਸਵਾਲ ਸੁਣ ਕੇ ਪੁਸ਼ਪੇਨ ਇੱਕਦਮ ਹੈਰਾਨ ਹੋ ਗਿਆ।

ਇੱਕ ਜਵਾਨ ਕੁੜੀ ਉਸਦੇ ਨੇੜੇ ਆ ਖਲੋਤੀ ਹੈ। ਉਸੇ ਨੇ ਇਹ ਸਵਾਲ ਕੀਤਾ ਸੀ। ਕਾਲੀਆਂ ਜੀਨਜ਼ ਉੱਤੇ ਇੱਕ ਛੋਟਾ ਟੌਪ ਪਾਇਆ ਹੋਇਆ ਹੈ। ਕੱਦ ਕਾਫ਼ੀ ਉੱਚਾ। ਇਸ ਹਨੇਰੇ-ਉਜਾਲੇ ਵਿੱਚ ਉਸਦਾ ਚਿਹਰਾ ਚੰਗੀ ਤਰ੍ਹਾਂ ਨਹੀਂ ਦਿਸ ਰਿਹਾ।

ਕੌਣ ਹੈ ਇਹ ਕੁੜੀ? ਲੱਗਦਾ ਹੈ ਲਗਭਗ ਉਸਦੀ ਹਮਉਮਰ ਹੀ ਹੋਵੇਗੀ।

ਅਚਾਨਕ ਉਸਨੂੰ ਖ਼ਿਆਲ ਆਇਆ ਕਿ ਅੱਜ ਜਿਹੜੀ ਟ੍ਰੇਨਿੰਗ ਸ਼ੁਰੂ ਹੋਈ ਹੈ, ਉਸ ਵਿੱਚ ਕੁਝ ਕੁੜੀਆਂ ਵੀ ਸਨ। ਸ਼ਾਇਦ ਉਹਨਾਂ ਵਿੱਚੋਂ ਹੀ ਕੋਈ ਹੋਵੇ। ਪਹਿਲਾ ਦਿਨ ਹੋਣ ਕਰਕੇ ਅਜੇ ਤੱਕ ਕਿਸੇ ਨਾਲ ਜਾਣ ਪਛਾਣ ਨਹੀਂ ਹੋਈ ਸੀ। ਪੁਸ਼ਪੇਨ ਤਾਂ ਆਪ ਹੀ ਸੰਗਾਊ ਸੁਭਾਅ ਦਾ ਹੈ। ਪਹਿਲ ਕਰ ਕੇ ਜਾਣ ਪਛਾਣ ਨਹੀਂ ਕਰ ਸਕਦਾ। ਉਨ੍ਹਾਂ ’ਤੇ ਉਸਨੇ ਏਨਾ ਧਿਆਨ ਵੀ ਨਹੀਂ ਦਿੱਤਾ ਸੀ।

ਉਸ ਕਿਹਾ— ਹਾਂ, ਬਿਲਕੁਲ... ਰਾਤ ਦੇ ਹਨੇਰੇ ਵਿੱਚ ਸਮੁੰਦਰ ਕੋਈ ਵੱਖਰਾ ਹੀ ਖ਼ੂਬਸੂਰਤ ਨਜ਼ਾਰਾ ਪੇਸ਼ ਕਰ ਰਿਹਾ ਹੈ। ਜਿਵੇਂ ਕਿਸੇ ਨੇ ਹੀਰੇ

ਅਭਿਗਿਆਨ ਰੌਇ ਚੌਧਰੀ

ਦੇ ਅਨਗਿਣਤ ਟੁਕੜੇ ਪਾਣੀ ਵਿੱਚ ਚਹੁੰ ਪਾਸੇ ਖਿਲੇਰ ਦਿੱਤੇ ਹੋਣ।
ਕੁੜੀ ਹੁਣ ਹਿੰਦੀ ਵਿੱਚ ਬੋਲ ਪਈ — ਸਹੀ ਕਿਹਾ। ਪਰ ਨੇੜੇ ਜਾਓ ਤਾਂ ਉਹ ਹੀਰੇ ਗ਼ਾਇਬ ਹੋ ਜਾਂਦੇ ਹਨ… ਬਿਲਕੁਲ ਸਾਡੇ ਵਾਂਗ। ਦੂਰੋਂ ਜੋ ਲਿਸ਼ਕ ਮਾਰਦਾ ਹੈ, ਨੇੜੇ ਜਾਣ ’ਤੇ ਸਧਾਰਨ ਜਿਹਾ ਲੱਗਦਾ ਹੈ।
ਪੁਸ਼ਪੇਨ ਚੰਗੀ ਹਿੰਦੀ ਬੋਲ ਲੈਂਦਾ ਹੈ, ਯੂਨੀਵਰਸਿਟੀ ਵਿੱਚ ਉਸਦਾ ਇੱਕ ਦੋਸਤ ਸੀ ਯੂਪੀ ਤੋਂ। ਲਖਨਵੀ ਅੰਦਾਜ਼ ਦੀ ਖੜ੍ਹੀ ਹਿੰਦੀ ਬੋਲਦਾ ਸੀ। ਉਸੇ ਤੋਂ ਉਸਨੇ ਹਿੰਦੀ ਸਿੱਖੀ ਸੀ।
ਹਿੰਦੀ ਅਤੇ ਅੰਗਰੇਜ਼ੀ ਰਲਾਅ ਕੇ ਦੋਵੇਂ ਗੱਲਾਂ ਕਰ ਰਹੇ ਸਨ।

ਕੁੜੀ ਉਸਦੇ ਨਾਲ ਨਾਲ ਤੁਰਨ ਲੱਗ ਪਈ ਸੀ। ਜ਼ਰੂਰ ਉਹ ਉਸਨੂੰ ਜਾਣਦੀ ਹੋਵੇਗੀ। ਨਹੀਂ ਤਾਂ ਪਹਿਲ ਕਰ ਕੇ ਕਿਉਂ ਗੱਲ ਕਰਦੀ।
ਪਰ ਵਾਕਫ਼ੀ ਪੁੱਛਣ ਵਿੱਚ ਪੁਸ਼ਪੇਨ ਨੂੰ ਝਿਜਕ ਹੋ ਰਹੀ ਸੀ। ਜ਼ਰੂਰ ਹੀ ਦਫ਼ਤਰ ਵਿੱਚ ਮੁਲਾਕਾਤ ਹੋਈ ਹੋਵੇਗੀ। ਹੁਣ ਪੁੱਛਣ ’ਤੇ ਨਾ-ਪਛਾਨਣ ਦੀ ਗੱਲ ਕਹਿ ਕੇ ਬਾਅਦ ਵਿੱਚ ਦੋਸਤਾਂ ਵਿੱਚ ਉਸਦਾ ਮਖੌਲ ਉਡਾਏਗੀ।
-ਇਸ ਤਰ੍ਹਾਂ ਦਾ ਬਿਨ-ਬੱਦਲ ਅਸਮਾਨ ਬਹੁਤ ਘੱਟ ਹੁੰਦਾ ਹੈ। ਅੱਜ ਪੁੰਨਿਆ ਦੇ ਚਾਨਣ ਵਿੱਚ ਚਹੁੰ ਪਾਸਿਆਂ ਦਾ ਨਜ਼ਾਰਾ ਹੋਰ ਵੀ ਸੁਹਣਾ ਲੱਗ ਰਿਹਾ ਹੈ, ਹੈ ਨਾ? ਜਿਵੇਂ ਕਿਸੇ ਨੇ ਰੌਸ਼ਨੀ ਦੀ ਚਾਦਰ ਵਿਛਾਅ ਦਿੱਤੀ ਹੋਵੇ। ਅਜਿਹੇ ਅਸਮਾਨ ਹੇਠ ਖੜੋਣ ਨਾਲ ਮਨ ਦੇ ਸਾਰੇ ਬੱਦਲ ਗ਼ਾਇਬ ਹੋ ਜਾਂਦੇ ਹਨ।
ਉਹ ਦੋਵੇਂ ਬਰੀਕ ਰੇਤ ਉੱਤੇ ਤੁਰ ਰਹੇ ਸਨ।
-ਮੈਨੂੰ ਇਸ ਨਰਮ ਰੇਤ ’ਤੇ ਤੁਰਨਾ ਬਹੁਤ ਚੰਗਾ ਲੱਗਦਾ ਹੈ…ਤੇ ਤੁਹਾਨੂੰ? ਕੁੜੀ ਫਿਰ ਬੋਲ ਪਈ।
-ਹਾਂ, ਮੈਨੂੰ ਵੀ।
-ਕਦੇ ਸੋਚਦੀ ਹਾਂ…ਜੇ ਸਾਡੀ ਜ਼ਿੰਦਗੀ ਵੀ ਅਜਿਹੀ ਹੁੰਦੀ ਕਿ ਜਿਸ ਰਸਤੇ ’ਤੇ ਤੁਰਦੇ ਜਾਈਏ, ਉਹ ਰਾਹ ਹਵਾ ਵਿੱਚ ਮਿਟ ਜਾਵੇ, ਕੋਈ ਨਿਸ਼ਾਨ ਨਾ ਰਵ੍ਹੇ…ਸਭ ਕੁਝ ਨਵਾਂ ਸ਼ੁਰੂ ਹੋ ਰਿਹਾ…ਕਿੰਨਾ ਵਧੀਆ ਹੁੰਦਾ, ਹੈ ਨਾ? ਕਈ ਵਾਰੀ ਲੱਗਦਾ ਹੈ ਕਿ ਕਿੱਥੋਂ ਆਏ ਹਾਂ, ਕਿੱਥੇ ਜਾ ਰਹੇ ਹਾਂ…ਇਹ ਸਭ ਝੂਠ ਹੈ। ਸਿਰਫ਼ ਇਹ ਤੁਰਦੇ ਜਾਣ ਦਾ ਨਾਂ ਹੀ ਜ਼ਿੰਦਗੀ ਹੈ। ਜਿਵੇਂ ਹੁਣ ਮੈਂ ਤੁਹਾਡੇ ਨਾਲ ਤੁਰ ਰਹੀ ਹਾਂ।
-ਤੁਸੀ ਗੱਲਾਂ ਬਹੁਤ ਸੁਹਣੀਆਂ ਕਰਦੇ ਹੋ। ਕੀ ਤੁਸੀ ਕਦੇ ਕਵਿਤਾ ਲਿਖਦੇ ਹੁੰਦੇ ਸੀ? — ਪੁਸ਼ਪੇਨ ਤੋਂ ਕਹਿ ਹੋ ਗਿਆ।
-ਹਾਂ, ਹੁਣ ਵੀ ਲਿਖਦੀ ਹਾਂ। ਹਿੰਦੀ ਵਿੱਚ। ਬਹੁਤ ਵਧੀਆ ਲਿਖਦੀ ਹਾਂ-ਅਜਿਹਾ ਨਹੀਂ ਕਹਿ ਸਕਦੀ। ਅਸਲ ਵਿੱਚ ਜੋ ਸੋਚਦੀ ਹਾਂ, ਉਹ ਸਾਰਾ ਲਿਖ ਨਹੀਂ ਹੁੰਦਾ। ਪਰ ਇੱਥੇ ਸਮੁੰਦਰ ਕੰਢੇ ਆ ਕੇ ਉਹ ਸਭ ਕਹਿਣ ’ਚ ਡਰ ਨਹੀਂ ਲੱਗਦਾ ਕਿਉਂਕਿ ਇੱਥੇ ਸਾਰੇ ਸਿਰਫ਼ ਸਮੁੰਦਰ ਦੀਆਂ ਗੱਲਾਂ ਸੁਣਨ ਆਉਂਦੇ ਹਨ। ਮੇਰੀਆਂ ਗੱਲਾਂ ਫਿਰ ਸਿਰਫ਼ ਮੇਰੇ ਤੱਕ ਹੀ ਰਹਿ ਜਾਂਦੀਆਂ ਹਨ। ਹੌਸਲਾ ਵੱਧ ਜਾਂਦਾ ਹੈ।
-ਫੇਰ ਕਵਿਤਾ ਵਰਗੀਆਂ ਗੱਲਾਂ।
-ਇੱਥੇ ਸਮੁੰਦਰੀ ਹਵਾ ਜੋ ਗੱਲਾਂ ਕਰਦੀ ਹੈ…ਉਸਦੇ ਅੱਗੇ ਮੈਂ ਕੀ ਹਾਂ। ਤੁਸੀਂ ਤਾਂ ਬੰਗਾਲੀ ਹੋ। ਬੰਗਾਲੀ ਵਿੱਚ ਬਹੁਤ ਸੁਹਣੀਆਂ ਕਵਿਤਾਵਾਂ ਪੜ੍ਹੀਆਂ ਹਨ ਮੈਂ।
ਹੁਣ ਪੁਸ਼ਪੇਨ ਨੂੰ ਯਕੀਨ ਹੋ ਗਿਆ ਕਿ ਉਸਨੇ ਇਸ ਕੁੜੀ ਨੂੰ ਦਫ਼ਤਰ ਵਿੱਚ ਹੀ ਵੇਖਿਆ ਹੈ। ਨਹੀਂ ਤਾਂ ਉਸਦੇ ਬਾਰੇ ਏਨਾ ਕੁਝ ਕਿਵੇਂ ਜਾਣਦੀ ਹੋਵੇਗੀ।
ਰੇਤ ਵਿੱਚੋਂ ਇੱਕ ਸਿੱਪੀ ਚੁੱਕ ਕੇ ਤੁਰਦਿਆਂ ਕੁੜੀ ਬੋਲਦੀ ਗਈ — ਜਦੋਂ ਮੈਂ ਛੋਟੀ ਸੀ ਨਾ, ਤਾਂ ਮਾਂ ਤੇ ਨਾਨੀ ਨਾਲ ਇੱਥੇ ਆ ਇਹ ਖਿੱਲਰੀਆਂ ਸਿੱਪੀਆਂ ਅਤੇ ਪੱਥਰ ਚੁਗਦੀ ਰਹਿਣਾ। ਕਿੰਨੀਆਂ ਹੀ ਕਿਸਮਾਂ ਦੇ… ਕਿੰਨੇ ਰੰਗਾਂ ਦੇ…ਕਿੰਨੇ ਅਕਾਰਾਂ ਦੇ। ਦੋ ਸਾਲ ਪਹਿਲਾਂ, ਬੈਗ ਵਿੱਚ ਭਰ ਕੇ, ਮੁੜ ਇੱਥੇ ਹੀ ਸਮੁੰਦਰ ਕੰਢੇ ਖਿਲੇਰ ਦਿੱਤੇ ਸਨ। ਸਮੁੰਦਰ ਨੇ ਉਹਨਾਂ ਨੂੰ ਆਪਣੇ ਅੰਦਰ ਸਮੋਅ ਲਿਆ। ਫਿਰ ਕਦੇ ਲੱਭੇ ਨਹੀਂ।
— ਕਿਉਂ? ਸਮੁੰਦਰ ਵਿੱਚ ਕਿਉਂ ਸੁੱਟ ਦਿੱਤੇ? — ਪੁਸ਼ਪੇਨ ਨੇ ਪੁੱਛਿਆ।
ਕੁੜੀ ਨੇ ਮੁਸਕਰਾਅ ਕੇ ਕਿਹਾ — ਅਸਲ ਵਿਚ ਮੇਰਾ ਆਪਣਾ ਤਾਂ ਕੋਈ ਘਰ ਹੀ ਨਹੀਂ, ਤਾਂ ਉਹਨਾਂ ਨੂੰ ਕਿਵੇਂ ਸਾਂਭ ਕੇ ਰੱਖਦੀ…?
ਫਿਰ ਉਸਨੇ ਦੂਰ ਇਸ਼ਾਰਾ ਕੀਤਾ..
— ਉਹ ਦੂਰ ਜੋ ਸਮੁੰਦਰ ਕੰਢੇ ਏਨੀਆਂ ਉੱਚੀਆਂ ਇਮਾਰਤਾਂ ਵੇਖ ਰਹੇ ਹੋ ਨਾ…ਰੌਸ਼ਨੀ ਤੇ ਹਨੇਰੇ ਵਿੱਚ ਪਰਛਾਵੇਂ ਵਾਂਗ ਖੜ੍ਹੀਆਂ? ਕਿੰਨੀਆਂ ਉੱਚੀਆਂ ਹਨ ਨਾ — ਤੀਹ, ਚਾਲੀ ਮੰਜ਼ਿਲਾਂ ਦੀਆਂ। ਪਰ ਬਹੁਤੀਆਂ ਅਜੇ ਵੀ ਘਰ ਨਹੀਂ ਬਣ ਸਕੀਆਂ। ਇਨਸਾਨ ਨੂੰ ਢੰਗ ਦਾ ਆਸਰਾ ਨਹੀਂ ਦੇ ਸਕੀਆਂ। ਮੈਂ ਇੱਕ ਘਰ ਲੱਭਿਆ ਸੀ…ਪਰ ਮਿਲਿਆ ਨਹੀਂ। ਚਹੁੰ ਪਾਸੇ ਸਿਰਫ਼ ਇੱਟਾਂ ਅਤੇ ਸੰਗਮਰਮਰ ਦੀਆਂ ਕੰਧਾਂ ਮਿਲੀਆਂ। ਅਖ਼ੀਰ ਕੁਝ ਨਾ ਮਿਲਣ ’ਤੇ ਮੈਂ ਫਿਰ ਸਮੁੰਦਰ ਕੋਲ ਆ ਗਈ।
ਇਹ ਕਹਿ ਕੇ ਉਸਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਸਨ।

ਨੇੜੇ ਹੀ ਕੁਝ ਛੋਟੀਆਂ ਕਿਸ਼ਤੀਆਂ ਖੜ੍ਹੀਆਂ ਸਨ। ਉਹਨਾਂ ਨੂੰ ਵੇਖ ਪੁਸ਼ਪੇਨ ਬੋਲਿਆ— ਮੱਛੀਆਂ ਫੜਨ ਵਾਲਿਆਂ ਦੀਆਂ ਕਿਸ਼ਤੀਆਂ ਹਨ। ਤੁਸੀਂ ਕਦੇ ਉਹਨਾਂ ਨੂੰ ਮੱਛੀਆਂ ਫੜਦੇ ਦੇਖਣ ਗਏ ਹੋ?
—ਨਹੀਂ। ਅਸਲ ਵਿਚ ਮੈਨੂੰ ਚੰਗੀ ਤਰ੍ਹਾਂ ਤੈਰਨਾ ਨਹੀਂ ਆਉਂਦਾ, ਇਸ ਲਈ ਡਰ ਲੱਗਦਾ ਹੈ। ਹਾਂ, ਜਾ ਤਾਂ ਸਕਦੀ ਹਾਂ…ਪਰ ਜ਼ਿੰਦਗੀ ਦੀ ਤੈਰਾਕੀ ਬਾਰੇ ਵੀ ਮੈਨੂੰ ਕੁਛ ਨਹੀਂ ਪਤਾ। ਪਰ ਡੁੱਬਣ ਦੇ ਡਰੋਂ ਤਾਂ ਹੱਥ ਉੱਤੇ ਹੱਥ ਧਰ ਕੇ ਨਹੀਂ ਬੈਠੇ ਰਿਹਾ ਜਾ ਸਕਦਾ, ਨਾ। ਹੋ ਸਕਦਾ ਹੈ ਕਿ ਜਦੋਂ ਕਿਤੇ ਮੈਂ ਸਮੁੰਦਰ ਵਿੱਚ ਡੁੱਬ ਜਾਵਾਂ, ਸਮੁੰਦਰ ਮੈਨੂੰ ਵਾਪਸ ਬਾਹਰ ਸੁੱਟ ਦੇਵੇ ਅਤੇ ਕਹੇ— ‘ਤੈਨੂੰ ਹੁਣ ਨਵੇਂ ਸਿਰਿਉਂ ਮੁੜ ਕੀ ਡੋਬਣਾ… ਤੂੰ ਤਾਂ ਪਹਿਲਾਂ ਹੀ ਡੁੱਬੀ ਹੋਈ ਏਂ।’

ਕੁੜੀ ਦੀਆਂ ਇਹ ਰਹੱਸਮਈ ਅਤੇ ਕਾਵਿਮਈ ਗੱਲਾਂ ਸੁਣ ਸੁਣ ਪੁਸ਼ਪੇਨ ਹੈਰਾਨ ਸੀ।
ਕੀ ਇਹ ਇੰਜੀਨੀਅਰਿੰਗ ਪੜ੍ਹਦੀ ਰਹੀ ਹੈ? ਇਸਨੂੰ ਤਾਂ ਕਹਾਣੀਆਂ ਤੇ ਕਵਿਤਾਵਾਂ ਲਿਖਣੀਆਂ ਚਾਹੀਦੀਆਂ ਸਨ। ਪਰ ਅੱਜਕੱਲ੍ਹ ਠੀਕ ਠਾਕ

ਅਜਨਬੀ

ਪੜ੍ਹਾਈ ਵਾਲੇ ਵੀ ਇੰਜੀਨੀਅਰਿੰਗ ਵੱਲ ਆ ਜਾਂਦੇ ਹਨ — ਯਕੀਨੀ ਰੁਜ਼ਗਾਰ ਦੀ ਸੰਭਾਵਨਾ ਕਾਰਨ।
ਕੁੜੀ ਨੇ ਹੋਰ ਵੀ ਬਥੇਰੀਆਂ ਗੱਲਾਂ ਕੀਤੀਆਂ — ਆਪਣੇ ਘਰ ਬਾਰੇ, ਮਾਂ-ਪਿਉ ਬਾਰੇ। ਦੱਸਿਆ ਕਿ ਉਸਦਾ ਘਰ ਇੱਥੋਂ ਤਿੰਨ ਘੰਟੇ ਦੂਰ ਮਹਾਰਾਸ਼ਟਰ ਤੇ ਕੇਰਲ ਦੀ ਸੀਮਾ ਦੇ ਇੱਕ ਪਿੰਡ ਵਿਚ ਹੈ। ਉਹ ਆਪਣੇ ਵੱਖ ਵੱਖ ਸ਼ੌਕਾਂ ਬਾਰੇ ਦੱਸ ਰਹੀ ਸੀ — ਜੋ ਅਜੇ ਵੀ ਸਿਰੇ ਨਹੀਂ ਚੜ੍ਹ ਸਕੇ ਸੀ। ਕਦੀ ਮੌਡਲਿੰਗ ਦੀ ਬਹੁਤ ਖ਼ਾਹਿਸ਼ ਸੀ, ਜੋ ਪੂਰੀ ਨਹੀਂ ਹੋ ਸਕੀ।

ਪੁਸ਼ਪੇਨ ਨੇ ਵੀ ਆਪਣੀਆਂ ਗੱਲਾਂ ਸਾਂਝੀਆਂ ਕੀਤੀਆਂ—ਕਾਲਜ ਦੀਆਂ, ਦੋਸਤਾਂ ਦੀਆਂ, ਮਾਤਾ-ਪਿਤਾ ਦੀਆਂ। ਕੋਈ ਇੱਕ ਘੰਟਾ ਸਮੁੰਦਰ ਕੰਢੇ ਤੁਰਨ ਤੋਂ ਬਾਅਦ ਕੁੜੀ ਬੋਲੀ— ਚਲੋ ਹੁਣ ਜ਼ਰਾ ਰੇਤ ’ਤੇ ਬੈਠ ਜਾਈਏ।

ਇਸ ਹਨੇਰੇ ਵਿੱਚ ਇੱਕ ਅਣਜਾਣ ਕੁੜੀ ਨਾਲ ਬੈਠਣ ਵਿੱਚ ਪੁਸ਼ਪੇਨ ਥੋੜ੍ਹਾ ਝਿਜਕ ਰਿਹਾ ਸੀ, ਕਿਹਾ — ਨਹੀਂ, ਮੈਨੂੰ ਤਾਂ ਤੁਰਨਾ ਚੰਗਾ ਲੱਗ ਰਿਹਾ ਹੈ। ਤੁਸੀਂ ਥੱਕ ਗਏ ਹੋ?
ਇਹ ਕਹਿ ਕੇ ਅਚਾਨਕ ਉਸ ਕੁੜੀ ਦੇ ਚਿਹਰੇ ਵੱਲ ਤੱਕ ਕੇ ਹੈਰਾਨ ਰਹਿ ਗਿਆ ਪੁਸ਼ਪੇਨ। ਅਜੇ ਤੀਕ ਉਸਦੇ ਚਿਹਰੇ ਵੱਲ ਨਹੀਂ ਤੱਕਿਆ ਸੀ। ਸਮੁੰਦਰ ਵੱਲ੍ਹ ਤੱਕਦਿਆਂ ਤੁਰਿਆ ਜਾ ਰਿਹਾ ਸੀ। ਰੌਸ਼ਨੀ ਵੀ ਜ਼ਿਆਦਾ ਨਹੀਂ ਸੀ। ਇੱਕ ਸਟ੍ਰੀਟਲਾਈਟ ਦੀ ਹਲਕੀ ਰੋਸ਼ਨੀ ਉਸਦੇ ਚਿਹਰੇ ’ਤੇ ਪੈ ਰਹੀ ਸੀ — ਕਿੰਨੀ ਖ਼ੂਬਸੂਰਤ… ਅੱਖਾਂ ਜਿਵੇਂ ਸਾਵਣ ਦੇ ਬੱਦਲਾਂ ਵਾਂਗ ਡੂੰਘੀਆਂ ਸਨ… ਚਿਹਰੇ ‘ਤੇ ਇਕ ਸਾਦਗੀ।
ਕੁੜੀ ਨੇ ਉਸਦੀਆਂ ਮੁਗਧ ਨਜ਼ਰਾਂ ਪੜ੍ਹ ਲਈਆਂ।
ਹੌਲੀ ਹੌਲੀ ਕਿਹਾ — ਬਹੁਤ ਤੁਰ ਲਿਆ। ਹੁਣ ਤਾਂ ਬੈਠ ਹੀ ਜਾਈਏ। ਮੇਰਾ ਰੇਟ ਪਤਾ ਹੈ ਨਾ? ਦੇ ਸਕੋਗੇ ਨਾ?

ਪੁਸ਼ਪੇਨ ਹੈਰਾਨ ਰਹਿ ਗਿਆ।
-ਕਿਸ ਚੀਜ਼ ਦਾ ਰੇਟ…?
ਕੁੜੀ ਨੇ ਉਸਦੇ ਹੈਰਾਨ ਚਿਹਰੇ ਵੱਲ ਤੱਕਦਿਆਂ ਕਿਹਾ — ਮੈਂ ਕੌਣ ਹਾਂ, ਤੁਸੀਂ ਸਮਝੇ ਨਹੀਂ? ਮੈਂ ਤਾਂ ਦੇਹਵਪਾਰ ਕਰਦੀ ਹਾਂ। ਤੁਹਾਡੇ ਕੋਲ ਪੈਸੇ ਨਹੀਂ ਹਨ?
ਪੁਸ਼ਪੇਨ ਦੀ ਜ਼ਬਾਨ ਨੂੰ ਜਿਵੇਂ ਜੰਦਰਾ ਵੱਜ ਗਿਆ ਹੋਵੇ। ਉਸਦੇ ਸੁਰਖ਼ ਹੋਏ ਚਿਹਰੇ ਵੱਲ ਤੱਕ ਕੁੜੀ ਨੇ ਕਿਹਾ — ਓਅ, ਲੱਗਦਾ ਹੈ ਤੁਸੀਂ ਇੱਥੇ ਨਵੇਂ ਆਏ ਹੋ? ਪਤਾ ਨਹੀਂ ਸੀ?
ਜ਼ਰਾ ਰੁਕ ਕੇ ਕਿਹਾ — ਦਰਅਸਲ ਸਮੁੰਦਰ ਕੰਢੇ ਦੇ ਇਸ ਪਾਸੇ ਜੋ ਲੋਕ ਆਉਂਦੇ ਹਨ, ਉਹ ਸਭ ਕੁਝ ਜਾਣਦਿਆਂ ਬੁੱਝਦਿਆਂ ਹੀ ਆਉਂਦੇ ਹਨ। ਇਸ ਪਾਸੇ ਇਸ ਤਰ੍ਹਾਂ ਦਾ ਕੰਮ ਹੁੰਦਾ ਹੈ, ਇੱਥੇ ਸਭ ਕੁਝ ਥੋੜ੍ਹਾ ਸੋਫ਼ਿਸਟੀਕੇਟਿਡ ਹੈ। ਸਮਝ ਹੀ ਰਹੇ ਹੋ — ਅਮੀਰਾਂ ਦਾ ਇਲਾਕਾ ਹੈ ਇਹ। ਮੈਂ ਸੋਚਿਆ ਸੀ ਤੁਸੀਂ ਵੀ ਉਹੋ ਜਿਹੇ ਕੋਈ ਗਾਹਕ ਹੋਵੋਗੇ। ਚਲੋ, ਤੁਹਾਨੂੰ ਤੁਹਾਡੇ ਹੋਟਲ ਤੱਕ ਛੱਡ ਆਉਂਦੀ ਹਾਂ।
— ਨਹੀਂ-ਨਹੀਂ, ਮੈਂ ਆਪ ਹੀ ਲੱਭ ਲਵਾਂਗਾ। ਅਸਲ ਵਿਚ ਮੈਂ ਤੁਹਾਨੂੰ… ਮਤਲਬ ਮੈਂ ਤੁਹਾਨੂੰ ਗਲਤੀ ਨਾਲ ਕੋਈ ਹੋਰ ਸਮਝ ਲਿਆ ਸੀ। ਸੋਚਿਆ ਸੀ ਤੁਸੀਂ ਮੇਰੇ ਦਫ਼ਤਰ ਦੀ ਦੋਸਤ ਹੋ, ਜਾਣ ਪਛਾਣ ਵਾਲੀ। ਇੱਥੇ ਤਾਂ ਅਜੇ ਆਇਆ ਹੀ ਹਾਂ। ਸੋਚਿਆ ਸੀ ਸ਼ਾਇਦ ਦਫ਼ਤਰ ’ਚ ਮੁਲਾਕਾਤ ਹੋਈ ਹੋਵੇਗੀ। ਮੈਨੂੰ ਅਕਸਰ ਚਿਹਰੇ ਯਾਦ ਨਹੀਂ ਰਹਿੰਦੇ। ਮੈਂ ਤੁਹਾਨੂੰ ਤੁਹਾਡਾ ਬਣਦਾ ਭੁਗਤਾਨ ਕਰ ਦਿੰਦਾ ਹਾਂ।
ਕੁੜੀ ਜ਼ੋਰ ਜ਼ੋਰ ਦੀ ਹੱਸ ਪਈ - ਨਹੀਂ, ਨਹੀਂ, ਪੈਸੇ ਦੇਣ ਦੀ ਲੋੜ ਨਹੀਂ। ਜੋ ਵੀ ਹੈ, ਥੋੜ੍ਹੇ ਚਿਰ ਲਈ ਮੈਨੂੰ ਦੋਸਤ ਤਾਂ ਸਮਝਿਆ ਸੀ ਨਾ। ਓਸ ਸਮੇਂ ਦੀ ਕੀਮਤ ਪੈਸੇ ਦੇ ਕੇ ਚੁਕਾਉਗੇ? ਮੈਨੂੰ ਵੀ ਲੱਗਾ ਸੀ ਕਿ ਤੁਸੀਂ ਵੱਖਰੀ ਕਿਸਮ ਦੇ ਹੋ। ਮੈਨੂੰ ਅਜੇ ਸਿਰਫ਼ ਇੱਕ ਮਹੀਨਾ ਹੀ ਹੋਇਆ ਹੈ ਇਸ ਧੰਦੇ ਵਿੱਚ, ਇਸੇ ਕਰਕੇ ਸਮਝਣ ਵਿੱਚ ਭੁਲੇਖਾ ਪੈ ਗਿਆ। ਨਹੀਂ ਤਾਂ ਹੁਣ ਤੱਕ ਸਭ ਮੇਰੇ ਸਰੀਰ ਨਾਲ ਖੇਡ ਚੁੱਕੇ ਹੁੰਦੇ — ਮਨ ਨੂੰ ਸਮਝੇ ਬਿਨਾ।
ਕਹਿ ਕੇ ਉਹ ਲਗਭਗ ਇੱਕ ਮਿੰਟ ਚੁੱਪ ਰਹੀ। ਫਿਰ ਲਰਜ਼ਦੀ ਅਵਾਜ਼ ਵਿੱਚ ਕਿਹਾ — ਮੈਂ ਵੀ ਹਮੇਸ਼ਾ ਤੁਹਾਡੇ ਵਰਗੇ ਦੋਸਤ ਦੀ ਭਾਲ ਕੀਤੀ ਸੀ। ਮਿਲਿਆ ਨਹੀਂ। ਇਸੇ ਲਈ ਵਾਰ ਵਾਰ ਇਸ ਸਮੁੰਦਰ ਕੋਲ ਆਉਂਦੀ ਹਾਂ। ਇਸ ਸਮੁੰਦਰ ਕੰਢੇ ਤੁਹਾਡਾ ਸਾਥ ਮਿਲਿਆ — ਭਾਵੇਂ ਕੁਝ ਸਮੇਂ ਲਈ ਹੀ ਸਹੀ। ਇੱਥੇ ਰੇਤ ’ਤੇ ਸਾਰੇ ਰਾਹ ਗੁਆਚ ਜਾਂਦੇ ਹਨ। ਸਮੁੰਦਰੀ ਛੱਲਾਂ ਦਾ ਵਿਰਲਾਪ ਵੀ ਇਹ ਰੇਤ ਬਹੁਤੀ ਦੇਰ ਤੱਕ ਚੇਤੇ ਨਹੀਂ ਰੱਖਦੀ। ਸ਼ਾਇਦ ਤੁਸੀਂ ਮੈਨੂੰ ਇਸ ਤੋਂ ਵੱਧ ਸਮੇਂ ਲਈ ਯਾਦ ਰੱਖੋ। ਯਾਦ ਰੱਖੋਗੇ ਇਸ ਰਾਤ ਦੀ ਗੱਲ?
ਇੱਕ ਵਾਰ ਉਸਨੇ ਪੁਸ਼ਪੇਨ ਦਾ ਹੱਥ ਫੜ ਲਿਆ। ਕੁਝ ਚਿਰ ਤੱਕ ਮੋਹੀਆਂ ਨਜ਼ਰਾਂ ਨਾਲ ਉਸ ਵੱਲ ਤੱਕਦੀ ਰਹੀ। ਫੇਰ ਹੌਲੀ ਜਿਹੇ ਹੱਥ ਛੱਡ ਦਿੱਤਾ। ਕਿਹਾ -ਅਸਲ ਵਿਚ ਮੈਂ ਬਹੁਤ ਦੂਰ ਆ ਗਈ ਹਾਂ। ਜਿੱਥੇ ਅੱਜ ਮੈਂ ਖੜ੍ਹੀ ਹਾਂ, ਉੱਥੇ ਚਾਹ ਕੇ ਵੀ ਅਸੀਂ ਇੱਕੋ ਜ਼ਮੀਨ ’ਤੇ ਖੜ੍ਹੇ ਨਹੀਂ ਰਹਿ ਸਕਾਂਗੇ। ਕਹਿੰਦੇ ਹਨ ਸਮੁੰਦਰ ਸਭ ਕੁਝ ਵਾਪਸ ਮੋੜ ਦਿੰਦਾ ਹੈ, ਪਰ ਜ਼ਿੰਦਗੀ ਕਦੇ ਗੁਆਚੇ ਸਮੇਂ ਅਤੇ ਕਿਸੇ ਨਾਰੀ ਦੀ ਮਰਯਾਦਾ ਨੂੰ ਵਾਪਸ ਨਹੀਂ ਮੋੜਦੀ।

ਉਸ ਪੁੱਛ ਲਿਆ ਕਿ ਪੁਸ਼ਪੇਨ ਕਿੱਥੇ ਠਹਿਰਿਆ ਹੈ।

—ਏਧਰ ਦਾ ਇਲਾਕਾ ਓਨਾ ਚੰਗਾ ਨਹੀਂ ਹੈ।
ਉਹ ਉਸਨੂੰ ਅੱਗੇ ਤੱਕ ਛੱਡ ਆਉਂਦੀ ਹੈ। ਫਿਰ ਕਹਿੰਦੀ ਹੈ — ਹੁਣ ਇਸੇ ਰਸਤੇ ਚੱਲਦੇ ਜਾਓ, ਤੁਹਾਡਾ ਹੋਟਲ ਆ ਜਾਵੇਗਾ। ਅੱਜ ਤੋਂ ਬਾਅਦ ਮੈਂ ਵੀ ਕਹਿ ਸਕਾਂਗੀ ਕਿ ਮੈਂ ਵੀ ਕਿਸੇ ਨੂੰ ਸਹੀ ਰਾਹ ਵਿਖਾਇਆ ਸੀ।
ਪੁਸ਼ਪੇਨ ਬੋਲਿਆ —ਤੁਹਾਡਾ ਨਾਂ ਕੀ ਹੈ?
— ਉਮੰਗ।
—ਸ਼ਾਇਦ ਫੇਰ ਕਦੇ ਮੁਲਾਕਾਤ ਹੋਵੇ।

ਕੁੜੀ ਨੇ ਕੋਈ ਜਵਾਬ ਨਾ ਦਿੱਤਾ। ਕੁਝ ਚਿਰ ਚੁੱਪਚਾਪ ਖੜ੍ਹੀ ਉਸ ਵੱਲ ਤੱਕਦੀ ਰਹੀ। ਉਸਦੀਆਂ ਅੱਖਾਂ ਸਿਲ੍ਹੀਆਂ ਹੋ ਚੁੱਕੀਆਂ ਸਨ।
ਫੇਰ ਸਿਰ ਝੁਕਾਅ ਉਲਟੇ ਪਾਸੇ ਨੂੰ ਤੁਰਦੀ ਗਈ।

ਅਨੁਵਾਦ: ਨੀਲਮ ਸ਼ਰਮਾ ‘ਅੰਸ਼ੂ’

9830293585

‘ਮੇਰੇ ਝਰੋਖੇ ’ਚੋਂ’ ਨਵਤੇਜ ਸਿੰਘ

ਵਰਿਆਮ ਸਿੰਘ ਸੰਧੂ

1977, ਪ੍ਰੀਤ ਨਗਰ, ਫ਼ੈਜ਼ ਨਾਲ ਨਵਤੇਜ ਸਿੰਘ ਫ਼ੋਟੋ: ਸਤਪਾਲ ਦਾਨਿਸ਼

ਨਵਤੇਜ ਸਿੰਘ ਦੀ ਪੰਜਾਬੀ ਕਹਾਣੀ, ਪੰਜਾਬੀ ਦੀ ਸਾਹਿਤਕ ਪੱਤਰਕਾਰੀ ਨੂੰ ਦੇਣ ਤੋਂ ਇਲਾਵਾ ਉਹਦੇ ਮਨੁੱਖੀ ਗੁਣਾਂ ਦੀ ਗੱਲ ਕਰਨੀ ਹੋਵੇ ਤਾਂ ਕਹਾਣੀ ਬਹੁਤ ਲੰਮੀ ਹੋ ਜਾਵੇਗੀ। ਇਸ ਲਈ ਹਾਲ ਦੀ ਘੜੀ ਨਵਤੇਜ ਸਿੰਘ ਦੀ ਬਹੁਤ-ਬਿਧਿ ਪ੍ਰਤਿਭਾ ਦਾ ਵਡੇਰਾ ਕਲਾਵਾ ਭਰ ਸਕਣ ਦੀ ਸੀਮਾ ਨੂੰ ਸਵੀਕਾਰ ਕਰਦਿਆਂ, ਮੈਂ ਨਵਤੇਜ ਸਿੰਘ ਬਾਰੇ ਓਨੀ ਕੁ ਗੱਲ ਹੀ ਕਰ ਸਕਾਂਗਾ, ਜਿੰਨਾ ਕੁ ਉਹਦਾ ਮੇਰੇ ਨਾਲ ਵਾਹ-ਵਾਸਤਾ ਰਿਹਾ ਹੈ; ਜਿੰਨਾਂ ਕੁ ਉਹ ਮੈਨੂੰ ‘ਮੇਰੇ ਝਰੋਖੇ ਵਿਚੋਂ” ਨਜ਼ਰ ਆਇਆ ਹੈ।

ਚੜ੍ਹਦੀ ਜਵਾਨੀ ਵੇਲੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਮੇਰਾ ਆਦਰਸ਼ ਲੇਖਕ ਸੀ। ਮੈਂ ਪ੍ਰੀਤ-ਲੜੀ ਦਾ ਬਾਕਾਇਦਾ ਪਾਠਕ ਸਾਂ। ਪਰਚੇ ਵਿੱਚ ਨਵਤੇਜ ਸਿੰਘ ਵੀ ਲਗਾਤਾਰ ਛਪਦਾ। ਉਹਦੀਆਂ ਕਹਾਣੀਆਂ ਵੀ ਛਪਦੀਆਂ, ਵਾਰਤਕ ਵੀ। ਉਹਦੇ ਕਾਲਮ ‘ਮੇਰੀ ਧਰਤੀ ਮੇਰੇ ਲੋਕ’ ਦੀ ਏਨੀ ਧਾਕ ਪਈ ਕਿ ਹਰ ਮਹੀਨੇ ਪਾਠਕ ਕੇਵਲ ਗੁਰਬਖ਼ਸ਼ ਸਿੰਘ ਨੂੰ ਪੜ੍ਹਣ ਲਈ ਹੀ ਨਹੀਂ, ਨਵਤੇਜ ਸਿੰਘ ਨੂੰ ਪੜ੍ਹਣ ਲਈ ਵੀ ਪ੍ਰੀਤਲੜੀ ਦੀ ਉਡੀਕ ਕਰਨ ਲੱਗੇ। ਨਵਤੇਜ ਸਿੰਘ ਤਤਕਾਲੀ ਰਾਜਨੀਤਕ, ਸਾਹਿਤਕ ਤੇ ਸਭਿਆਚਾਰ ਨਾਲ ਜੁੜੇ ਭਖਦਿਆਂ ਮੁੱਦਿਆਂ ਬਾਰੇ ਨਿਰਪੱਖ, ਬੇਬਾਕ ਤੇ ਤਿੱਖੀਆਂ ਟਿੱਪਣੀਆਂ ਕਰਦਾ। ਇਹ ਲਿਖਤ ਵਿਅੰਗ ਦੀ ਤਿੱਖੀ ਚਾਸ਼ਨੀ ਵਿਚ ਡੁੱਬੀ ਹੁੰਦੀ। ਸਾਹਿਤਕ ਰੰਗ ਵਿਚ ਰੰਗੀ ਇਹ ਪ੍ਰਭਾਵਸ਼ਾਲੀ ਲਿਖਤ ਪਾਠਕਾਂ ਨੂੰ ਉਹਨਾਂ ਦੇ ਆਪਣੇ ਦਿਲ ਦੀ ਆਵਾਜ਼ ਲੱਗਦੀ।

ਇਸ ਵੇਲੇ ਤੱਕ ਮੇਰਾ ਮਾਰਕਸਵਾਦ ਦਾ ਕੋਈ ਡੂੰਘਾ ਮੁਤਾਲਿਆ ਨਹੀਂ ਸੀ। ਲੋਕ-ਸੰਘਰਸ਼ ਲੜਦੇ ਕਮਿਊਨਿਸਟ ਮੈਨੂੰ ਸ਼ੁਰੂ ਤੋਂ ਹੀ ਆਪਣੇ ਲੱਗਦੇ ਰਹੇ ਸਨ ਪਰ ਮੈਂ ਕਿਸੇ ਇੱਕ ਪਾਰਟੀ ਨਾਲ ਨਹੀਂ ਸਾਂ ਜੁੜਿਆ ਹੋਇਆ। ਪਤਾ ਲੱਗਾ ਕਿ ਨਵਤੇਜ ਸਿੰਘ ਕਮਿਊਨਿਸਟ ਪਾਰਟੀ ਦਾ ਵੀ ਸਮਰਥਕ ਹੈ ਤਾਂ ਮੈਨੂੰ ਉਹ ਗੁਰਬਖ਼ਸ਼ ਸਿੰਘ ਨਾਲੋਂ ਵੀ ਆਪਣੇ ਵੱਧ ਨੇੜੇ ਲੱਗਣ ਲੱਗਾ ਕਿਉਂਕਿ ਗੁਰਬਖ਼ਸ਼ ਸਿੰਘ ਕਮਿਊਨਿਸਟ ਵਿਚਾਰਾਂ ਤੋਂ ਪ੍ਰਭਾਵਤ ਹੋਣ ਦੇ ਬਾਵਜੂਦ ਸਿੱਧੇ ਤੌਰ ’ਤੇ ਕਮਿਊਨਿਸਟਾਂ ਨਾਲ ਆਪਣੀ ਰਿਸ਼ਤਗੀ ਨੂੰ ਮੰਨਣ ਤੋਂ ਟੇਢ ਵੱਟ ਜਾਂਦਾ ਸੀ।

ਨਵਤੇਜ ਸਿੰਘ ਦੀਆਂ ਕਹਾਣੀਆਂ ਨਾਲ ਮੇਰੀ ਗੂੜ੍ਹੀ ਮੁਹੱਬਤ ਤਾਂ ਸਕੂਲ ਪੜ੍ਹਦਿਆਂ ਹੀ ਹੋ ਗਈ ਸੀ। ਦਸਵੀਂ ਵਿਚ ਪੜ੍ਹੀ ਉਹਦੀ ਕਹਾਣੀ ‘ਦੇਸ ਵਾਪਸੀ’ ਤਾਂ ਮੇਰੇ ਦਿਲ ਵਿਚ ਡੂੰਘੀ ਉੱਤਰੀ ਹੋਈ ਸੀ। ਇਹ ਕਹਾਣੀ ਸੰਤਾ ਸਿੰਘ ਅਤੇ ਮਤਾਬਦੀਨ ਦੇ ਵਤਨ ਦੀ ਮੁਹੱਬਤ ਨਾਲ ਗੜੁੱਚ ਦਿਲਾਂ ਵਿੱਚ ਪਲ ਰਹੀ ਇਨਸਾਨੀ ਮੁਹੱਬਤ ਦਾ, ਦਿਲ ਨੂੰ ਛੂਹ ਲੈਣ ਵਾਲਾ ਅਜਿਹਾ ਬਿਰਤਾਂਤ ਹੈ, ਜਿਸਨੂੰ ਪੜ੍ਹ ਕੇ ਮਾਨਵੀ ਭਾਈਚਾਰੇ ਦੀ ਕਦਰ ਹੋਰ ਪਰਪੱਕ ਹੁੰਦੀ ਹੈ। ਉਸ ਵਹਿਸ਼ੀ ਦੌਰ ਵਿੱਚ ਚਾਰ ਚੁਫ਼ੇਰੇ

ਨਵਤੇਜ ਸਿੰਘ ਦੀਆਂ ਸਾਰੀਆਂ ਕਹਾਣੀਆਂ – ਸਾਰੇ ਸਾਰ

ਭਾਈਆਂ ਬਾਝ: *ਦੇਸ ਵੰਡ ਵੇਲੇ ਸਰਹੱਦ ਨੇੜੇ ਪਿੰਡ ਦੇ ਦੋ ਭੋਲੇ ਦੇਹਾਤੀ ਮਿੱਤਰ ਲੀਕ ਦੇ ਆਰ ਪਾਰ ਵਿੱਛੜ ਗਏ। ਪਾਰੋਂ ਓਹੀ ਹੀਰ ਗਾਉਂਦੇ ਮਿੱਤਰ ਦੀ ਅਵਾਜ਼ ਸੁਣਦੀ ਜਾਪਦੀ ਹੈ ਤਾਂ ਏਧਰਲਾ ਉਸ ਦੇ ਪਿੱਛੇ ਪਿੱਛੇ ਪਾਰ ਚਲੇ ਜਾਂਦਾ ਹੈ। ਜਾਸੂਸ ਸਮਝਿਆ ਜਾਂਦਾ ਹੈ ਤੇ ਬਹੁਤ ਕੁੱਟ ਖਾਂਦਾ ਤੇ ਜੇਲ੍ਹ ਵਿਚ ਡੱਕਿਆ ਹੈ। ਓਥੇ ਇੱਕ ਬਾਗ਼ੀ ਕਵੀ ਵੀ ਹੈ- ਉਸ ਦੀਆਂ ਗੱਲਾਂ ਵਿੱਚੋਂ ਹੀਰ ਗਾਉਂਦੇ ਯਾਰ ਦੀ ਮਹਿਕ ਕੁਝ ਕੁਝ ਲੱਭਦੀ ਹੈ... (1972)*

ਪਹਿਲੀ ਚੁੰਮੀਂ: *ਵਿਗੜੇ ਹੋਛੇ ਫੁਕਰੇ ਨੌਜਵਾਨ ਫ਼ਿਲਮਾਂ ਵਿੱਚ ਚੁੰਮਣ ਦੇ ਵਿਸ਼ੇ ਦੁਆਲੇ, ਸ਼ਰਾਬ ਦੇ ਨਾਲ ਨਾਲ, ਆਪਣੇ ਆਪਣੇ ਪਹਿਲੇ ਚੁੰਮਣ ਦੀਆਂ ਗੱਲਾਂ ਕਰ ਰਹੇ ਹਨ- ਨੌਕਰਾਣੀਆਂ ਨਾਲ ਧੱਕਾ ਕਰਨ ਦੀਆਂ। ਰੇਸ਼ਮੋ ਨੂੰ ਚੌਂਕੀ ਵਾਲੇ ਪੁਲਸ ਵਾਲੇ ਨੇ ਜ਼ਬਰਦਸਤੀ ਚੁੰਮ ਲਿਆ ਅਤੇ ਜ਼ਖ਼ਮੀ ਕਰ ਦਿੱਤਾ- ਉਸ ਦੀ ਪਹਿਲੀ ਚੁੰਮੀਂ ਦੇ ਨਾਂ ਦਾ ਜਾਮ ਪੀ ਰਹੇ ਹਨ! (1968)*

ਘਰ ਦਾ ਰਾਹ: *ਜਿਸ ਨਾਲ ਵਿਆਹ ਕਰਨਾ ਚਾਹੁੰਦਾ ਸੀ ਕੋਮਲ ਦਿਲ ਕਲਾਕਾਰ, ਜ਼ਮਾਨੇ ਦੀ ਰੁੱਖੀ ਰੀਤ ਕਰਕੇ ਉਸ ਨਾਲ ਹੋ ਨਾ ਸਕਿਆ। ਜਿਸ ਨਾਲ ਹੋਇਆ ਉਸ ਨਾਲ ਆਪਸੀ ਸਮਝ ਨਹੀਂ ਬਣ ਸਕੀ। ਪੁਰਾਣਾ ਦੋਸਤ ਮਿਲਦਾ ਹੈ ਤਾਂ ਵੇਖਦਾ ਹੈ- ਕਲਾਕਾਰ ਨੂੰ ਆਪਣੇ ਹੀ ਘਰ ਦਾ ਰਾਹ ਭੁੱਲ ਭੁੱਲ ਜਾਂਦਾ ਹੈ!*

ਬੰਦ ਪਿਆ ਬਿਸਰਾ: *ਅੱਲ੍ਹੜ ਨੌਜਵਾਨ ਦੇਸ ਵੰਡ ਤੋਂ ਬਾਅਦ ਕੈਂਪ ਵਿਚ ਆਪਣਾ ਬਿਸਤਰਾਬੰਦ ਨਹੀਂ ਖੋਲ੍ਹਦਾ- ਜੋ ਉਸਨੂੰ ਬਹੁਤ ਪਿਆਰਾ ਹੈ। ਢੋਅ ਲਾ ਕੇ ਬੈਠਾ ਹੈ। ਓਸ ਪਾਰ ਆਪਣੇ ਠੰਢੇ ‘ਵਤਨ’ ਦੀਆਂ ਯਾਦਾਂ ਨਾਲ ਇਸ ਗਰਮੀ ਵਿਚ, ਸੋਚਦਾ ਹੈ ਕਿ ਵਾਪਿਸ ਤਾਂ ਚਲੇ ਹੀ ਜਾਣਾ ਹੈ, ਪਰ ਕਈ ਸਾਲਾਂ ਬਾਅਦ ਵੀ ਆਪਣੇ ਵਸੇ ਹੋਏ ਭਰੇ-ਵਸੇ ਘਰ ਵਿਚ ਓਸੇ ਬਿਸਤਰੇ ਨਾਲ ਓਹੀ ਲਗਾਅ ਹੈ- ਉਸਦਾ ਇਕੱਲੇ ਦਾ ਪਹਿਲਾ ਬਿਸਤਰਾ। (1971)*

ਆਤਸ਼ੀ ਗੁਲਾਬੀ ਚੁੱਪ: *ਸੰਸਾਰ ਪ੍ਰਸਿੱਧ ਹੋਣ ਜਾ ਰਿਹਾ ਆਰਕੀਟੈਕਟ ਜਹਾਨ ਤੋਂ ਜਾ ਚੁੱਕੀ ਕੁੜੀ ਨੂੰ ਯਾਦ ਕਰ ਰਿਹਾ ਹੈ ਜਿਸ ਨਾਲ ਖ਼ੁਸ਼ੀ ਸਾਂਝੀ ਕਰਨੀ ਚਾਹੁੰਦਾ ਹੈ। ਕਾਲਜ ਦੀ ਫੁਕਰਿਆਂ ਵਾਲੀ ਗੱਲਬਾਤ “ਸੱਚਾ ਪਿਆਰ ਕੁਝ ਨਹੀਂ ਹੁੰਦਾ” ਵਾਲੀ ਪਾਰਟੀ ’ਚ ਮਿਲੀ ਸੀ। ਕੁਝ ਪਲਾਂ ਦੀ ਸਾਂਝ ਹੀ ਮਿਲੀ ਪਰ ਉਸ ਕੁੜੀ ਨੂੰ ਹੀ ਆਪਣੀ ਸਫ਼ਲਤਾ ਲਈ ਪ੍ਰੇਰਣਾ ਸਮਝ ਉਸ ਲਈ ਕੰਮ ਕਰਦਾ ਰਿਹਾ ਹੈ। (1967)*

'ਮੇਰੇ ਝਰੋਖੇ 'ਚੋ' ਨਵਤੇਜ ਸਿੰਘ

ਇਨਸਾਨ ਦੇ ਮੂੰਹ ਵਿਚੋਂ ਇਨਸਾਨ ਦੇ ਖ਼ੂਨ ਦੀ ਹਵਾੜ ਆ ਰਹੀ ਸੀ ਪਰ ਇਸ ਕਹਾਣੀ ਦੇ ਮਰ ਗਏ ਪਾਤਰਾਂ ਦੇ ਮੂੰਹਾਂ ਵਿਚੋਂ ਆਉਂਦੀ 'ਅੰਬਾਂ ਦੀ ਮਹਿਕ' ਮਰ ਰਹੀ ਮਨੁੱਖਤਾ ਦੇ ਮੂੰਹ ਵਿੱਚ ਅੰਮ੍ਰਿਤ ਚੋਣ ਦਾ ਪ੍ਰਤੀਕਾਤਮਕ ਸਾਧਨ ਬਣਦੀ ਜਾਪਦੀ ਹੈ।

ਉਸਤੋਂ ਬਾਅਦ ਮੈਂ ਉਹਦੀਆਂ ਕਹਾਣੀਆਂ ਪੜ੍ਹਦਾ ਰਿਹਾ ਪਰ ਉਹਦੀਆਂ ਮੁਕੰਮਲ ਕਹਾਣੀਆਂ ਪੜ੍ਹਨ ਦਾ ਸਬੱਬ ਉਦੋਂ ਬਣਿਆ ਜਦੋਂ 1975 ਵਿਚ ਐਮਰਜੈਂਸੀ ਲੱਗ ਗਈ ਤੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸਤੋਂ ਪਿਛਲੇ ਸਾਲ ਮੈਂ ਪ੍ਰਾਈਵੇਟਲੀ ਪੰਜਾਬੀ ਦੀ ਐਮ ਏ ਦਾ ਇਮਤਿਹਾਨ ਦਿੱਤਾ ਸੀ ਤੇ ਯੂਨੀਵਰਸਿਟੀ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ। ਸੋਚਿਆ ਚੰਗੀ ਮਿਹਨਤ ਕਰ ਕੇ ਦੂਜੇ ਸਾਲ ਵੀ ਆਪਣੀ ਪੋਜ਼ੀਸ਼ਨ ਨੂੰ ਬਰਕਰਾਰ ਰੱਖਾਂਗਾ। ਪੰਜਾਬੀ ਗਲਪ ਦੇ ਪਰਚੇ ਵਿਚ ਹੋਰਨਾਂ ਤੋਂ ਇਲਾਵਾ ਨਵਤੇਜ ਸਿੰਘ ਦਾ ਕਹਾਣੀ ਸੰਗ੍ਰਹਿ 'ਬਾਸਮਤੀ ਦੀ ਮਹਿਕ' ਵੀ ਪਾਠ-ਕ੍ਰਮ ਦਾ ਹਿੱਸਾ ਸੀ। ਜੇਲ੍ਹ ਵਿਚ ਵਿਹਲ ਹੀ ਵਿਹਲ ਸੀ। ਮੈਂ ਨਵਤੇਜ ਸਿੰਘ ਦੇ ਸਾਰੇ ਕਹਾਣੀ ਸੰਗ੍ਰਹਿ ਮੰਗਵਾ ਲਏ। ਅਜੇ ਮੈਨੂੰ ਤਿਆਰੀ ਕਰਦਿਆਂ ਕੁਝ ਦਿਨ ਹੀ ਹੋਏ ਸਨ ਕਿ ਮੇਰੇ ਨਾਲ ਦੇ ਹਵਾਲਾਤੀ ਪੁੱਛਣ ਲੱਗੇ, "ਭਾਊ! ਜੋ ਪੜ੍ਹਦਾ ਰਹਿੰਨਾਂ, ਸਾਨੂੰ ਵੀ ਪੜ੍ਹ ਕੇ ਸੁਣਾ!" ਮੈਂ ਉਹਨਾਂ ਨੂੰ ਨਵਤੇਜ ਸਿੰਘ ਦੀਆਂ ਉਹ ਕਹਾਣੀਆਂ ਪੜ੍ਹ ਕੇ ਸੁਣਾਉਣ ਲੱਗਾ, ਜੋ ਆਮ ਲੋਕਾਂ ਦੇ ਜੀਵਨ ਪ੍ਰਸੰਗਾਂ ਨਾਲ ਜੁੜੀਆਂ ਸਨ।

ਉਹ ਬੜਾ ਮਨ-ਚਿੱਤ ਲਾ ਕੇ ਕਹਾਣੀ ਸੁਣਦੇ ਤੇ ਬਾਅਦ ਵਿਚ ਸਾਦਾ ਜ਼ਬਾਨ ਵਿੱਚ ਪ੍ਰਸੰਸਾਤਮਕ ਟਿੱਪਣੀ ਵੀ ਕਰਦੇ। ਖ਼ੂਬਸੂਰਤ ਗੱਲ ਇਹ ਸੀ ਕਿ ਉਹਨਾਂ ਵਿਚੋਂ ਨੱਬੇ ਪ੍ਰਤੀਸ਼ਤ ਅਨਪੜ੍ਹ ਸਨ ਤੇ ਉਹਨਾਂ ਨੇ ਉਦੋਂ ਤੱਕ ਕੋਈ ਸਾਹਿਤਕ ਰਚਨਾ ਪੜ੍ਹ/ਸੁਣ ਕੇ ਨਹੀਂ ਸੀ ਵੇਖੀ। ਪਰ ਉਹਨਾਂ ਨੂੰ ਨਵਤੇਜ ਸਿੰਘ ਦੀਆਂ ਕਹਾਣੀਆਂ ਦੀ ਸਮਝ ਵੀ ਆਉਂਦੀ ਸੀ ਤੇ ਉਹ ਕਹਾਣੀ ਦੀ ਰਮਜ਼ ਨੂੰ ਵੀ ਸਮਝਦੇ ਸਨ। ਕਿਸੇ ਲੇਖਕ ਦੀ ਇਸਤੋਂ ਵੱਡੀ ਪ੍ਰਾਪਤੀ ਕੀ ਹੋ ਸਕਦੀ ਹੈ ਕਿ ਉਹ ਸਿੱਧਾ ਉਹਨਾਂ ਲੋਕਾਂ ਦੇ ਮਨਾਂ ਨੂੰ ਝੂਣ ਹਲੂਣ ਜਾਵੇ, ਜਿਨ੍ਹਾਂ ਦੀਆਂ ਉਹ ਕਹਾਣੀਆਂ ਹਨ। ਮੈਨੂੰ ਯਾਦ ਹੈ ਉਹਨਾਂ ਨੂੰ 'ਬਸ਼ੀਰਾ', 'ਤਾਮੀਲ-ਕੁਨਿੰਦਾ' 'ਕੋਟ ਤੇ ਮਨੁੱਖ', 'ਮੁੜ ਸ਼ਰਨਾਰਥੀ', 'ਇਕ ਸੀ ਮਾਂ... ਇਕ ਸੀ ਪੁੱਤਰ...' ਕਹਾਣੀਆਂ ਬਹੁਤ ਪਸੰਦ ਆਈਆਂ। ਜ਼ਾਹਿਰ ਹੈ ਨਵਤੇਜ ਸਿੰਘ ਆਮ ਲੋਕਾਂ ਦਾ ਲੇਖਕ ਸੀ।

ਨਵਤੇਜ ਸਿੰਘ ਦਾ ਮੇਰੀ ਲੇਖਣੀ ਨੂੰ ਉਤਸ਼ਾਹਤ ਕਰਨ ਵਿਚ ਬੜਾ ਅਹਿਮ ਯੋਗਦਾਨ ਰਿਹਾ ਹੈ। ਉਹਨਾਂ ਦਿਨਾਂ ਵਿਚ ਪ੍ਰੀਤਲੜੀ ਵਿਚ ਛਪ ਜਾਣਾ ਪ੍ਰਮਾਣਿਕ ਲੇਖਕ ਬਣ ਜਾਣ ਦੀ ਪਛਾਣ ਹੁੰਦੀ। ਹਰੇਕ ਲੇਖਕ ਦਾ ਪ੍ਰੀਤਲੜੀ ਵਿਚ ਛਪਣ ਦਾ ਸੁਪਨਾ ਹੁੰਦਾ। ਨਵਤੇਜ ਸਿੰਘ ਨੇ ਮੇਰੀਆਂ ਤਿੰਨ-ਚਾਰ ਕਵਿਤਾਵਾਂ ਪ੍ਰੀਤਲੜੀ ਵਿੱਚ ਛਾਪ ਕੇ ਮੇਰਾ ਸੁਪਨਾ ਸਾਕਾਰ ਕਰ ਕੇ ਮੈਨੂੰ ਹੱਲਾਸ਼ੇਰੀ ਦਿੱਤੀ।

ਹੌਸਲਾ ਫੜ ਕੇ ਮੈਂ ਉਹਨੂੰ ਆਪਣੀ ਨਵੀਂ ਕਹਾਣੀ 'ਅੱਖਾਂ ਵਿੱਚ ਮਰ ਗਈ ਖ਼ੁਸ਼ੀ' 'ਪ੍ਰੀਤਲੜੀ' ਵਿੱਚ ਛਪਣ ਲਈ ਭੇਜੀ। ਉਸ ਕਹਾਣੀ ਵਿੱਚ ਜਨ-ਸਧਾਰਨ ਦੀਆਂ 'ਅੱਖਾਂ ਵਿੱਚ ਮਰ ਗਈ ਉਸ ਖੁਸ਼ੀ' ਦਾ ਦੁਖਾਂਤ ਸਿਰਜਿਆ ਗਿਆ ਸੀ, ਜਿਹੜੀ ਖ਼ੁਸ਼ੀ

ਮੇਰਾ ਹਬੀਬ; *ਲੰਡਨ ਵਿਚ ਪੜ੍ਹਦੀ ਗੀਤ ਸੰਗੀਤ ਦੀ ਪ੍ਰੇਮਣ ਸਰਲ ਸੁਭਾਵਕ ਨੱਚ ਗੌਂ ਸਕਦੀ ਕੇਨੀਆ ਤੋਂ ਆਈ ਭੋਲੀ ਪੰਜਾਬੀ ਹਿੰਦੂ ਕੁੜੀ ਨੂੰ ਬੰਗਾਲੀ ਕਾਮਰੇਡ ਮੁੰਡੇ ਨਾਲ ਪਿਆਰ ਹੋ ਗਿਆ ਹੈ- ਉਹ ਪਰ ਪਾਕਿਸਤਾਨ ਦਾ ਹੈ। ਮੁੰਡੇ ਨੂੰ ਅਚਾਨਕ ਵਾਪਿਸ ਚਲੇ ਜਾਣਾ ਪੈਂਦਾ ਹੈ- ਇਸਨੂੰ ਕਹਿੰਦਾ ਹੈ ਕਿ ਸਾਡੇ ਓਥੋਂ ਦਾ ਸਭਿਆਚਾਰ ਤੇਰੇ ਲਈ ਠੀਕ ਨਹੀਂ; ਤੂੰ ਆਪਣੇ ਦੇਸ਼ ਭਾਰਤ ਵਿਚ ਆਪਣੇ ਲੋਕਾਂ ਲਈ ਕੰਮ ਕਰ। ਫੇਰ ਤਾਲ ਮੇਲ ਵੀ ਟੁੱਟ ਜਾਂਦਾ ਹੈ। ਉਹ ਕੁੜੀ ਓਹੀ ਕਰਦੀ ਹੈ- ਆਪਣੇ ਲੋਕਾਂ ਲਈ ਕੰਮ। (1971)*

ਬਸੰਤ ਰੁੱਤੇ ਮਰਨ ਦੀ ਬਾਤ : *ਨੌਜਵਾਨ ਅਤੇ ਭੋਲੇ ਪੁੰਗਰਦੇ ਸੰਵੇਦਨਸ਼ੀਲ ਮੁੰਡੇ ਕੁੜੀ ਵਿਚ ਪਿਆਰ ਨੂੰ ਬਣਨ ਤੋਂ ਪਹਿਲਾਂ ਹੀ ਤੋੜ ਦਿੱਤਾ ਗਿਆ। ਕੁੜੀ ਘਰ ਵਿਚ ਕੈਦ ਸੀ। ਅੱਜ ਵਸੰਦ ਦੇ ਦਿਨਾਂ ਵਿਚ ਸਹੇਲੀ ਦੇ ਘਰ ਜਾਣ ਦੀ ਇਜਾਜ਼ਤ ਮਿਲੀ ਸੀ। ਰਿਕਸ਼ੇ ਵਿਚ ਜਾਂਦੀ ਮਿੱਠੀਆਂ ਯਾਦਾਂ ਵਿਚ ਘਿਰੀ ਹੈ। "ਜਿਊਂਦੇ ਜੀ ਤੂੰ ਉਸ ਨੂੰ ਨਹੀਂ ਮਿਲ ਸਕਦੀ!" ਅਤੇ ਉਹ ਮਰਨੋਂ-ਉਰੇ ਜਿਊਣੋਂ-ਪਾਰ ਦੇ ਕਿਸੇ ਆਲਮ ਵਿਚ ਇੱਕ ਮਿਲਣੀ ਤਾਂਘ ਰਹੀ ਹੈ। (1968)*

ਇੱਕ ਦਿਨ ਹੋਰ ਦਿਨਾਂ ਵਰਗਾ: *ਬੇਜੋੜ ਵਿਆਹ ਜਾਂ ਸ਼ਾਇਦ ਰੋਮਾਂਸਵਾਦੀ ਕਲਾਕਾਰ ਦੀ ਹੱਕੀ, ਪਿਆਰੋਂ-ਵਾਂਝੀ ਰਹਿ ਜਾਂਦੀ ਈਰਖਾ-ਸੁੱਕ ਦੀ ਸ਼ਿਕਾਰ ਪਤਨੀ ਨੂੰ ਗੁੱਸਾ ਆਉਂਦਾ ਹੈ ਤਾਂ ਜਿਹੜੇ ਮੂੰਹ ਆਉਣ ਉਹੀ ਲਫ਼ਜ਼ ਬੋਲ ਜਾਂਦੀ ਹੁੰਦੀ ਹੈ। ਜਨਤਕ ਤੌਰ 'ਤੇ ਵੀ ਸ਼ਰਮਿੰਦਾ ਕਰ ਦਿੰਦੀ ਹੁੰਦੀ ਹੈ। ਅੱਜ, ਕਲਾਕਾਰ ਆਪਣੇ ਘਰ ਦੇ ਪਿਛਵਾੜੇ ਸਾਹ ਲੈਣ ਜਾਂਦਾ ਹੈ ਤਾਂ ਕਿਰਾਏਦਾਰ ਰਿਕਸ਼ੇਵਾਲੇ ਦੀ ਘਰਵਾਲੀ ਵੀ ਆਪਣੇ ਘਰਵਾਲੇ ਨਾਲ ਐਨ ਓਹੋ ਜਿਹੀਆਂ ਹੀ ਗੱਲਾਂ ਕਰ ਰਹੀ ਹੈ! ਕਿ "ਲੱਤਾਂ ਵੱਢ ਦਏਗੀ" ਜੇ ਏਧਰ ਓਧਰ ਅੱਖ ਮਟੱਕੇ ਕੀਤੇ! (1969)*

ਮਨੁੱਖ ਤੇ ਉਹਦਾ ਝੰਡਾ: *ਗਦਰੀ ਬਾਬਾ ਜੇਲ੍ਹ ਵਿਚ ਹੈ, ਅਜ਼ਾਦੀਓਂ ਬਾਅਦ! ਕਦੇ ਵਿਦੇਸ਼ ਵਿਚ ਇੱਕ ਬਾਲੜੀ ਨੇ ਟਿੱਪਣੀ ਕੀਤੀ ਸੀ ਕਿ ਤੁਹਾਡਾ ਆਪਣਾ ਕੋਈ ਝੰਡਾ ਹੀ ਨਹੀਂ ਹੈ? ਅੱਜ, ਪਏ ਚੀਨੀ ਹਮਲੇ ਤੋਂ ਬਾਅਦ, ਕਾਮਰੇਡਾਂ ਨੂੰ ਮਿਹਣੇ ਵੱਜਦੇ ਹਨ ਕਿ ਉਹ ਆਪਣੇ ਦੇਸ਼ ਦੇ ਤਿਰੰਗੇ ਝੰਡੇ ਨੂੰ ਆਪਣਾ ਨਹੀਂ ਸਮਝਦੇ। ਇਹ ਗਦਰੀ ਬਾਬਾ ਆਪਣੇ ਝੰਡੇ ਨੂੰ ਸੁੱਤੇ ਸਿੱਧ ਆਪਣੇ ਧੁਰ ਅੰਦਰੋਂ ਅਪਨਾਉਂਦਾ ਦਿਸਦਾ ਹੈ। (1963)*

ਤਲਾਸ਼ੀ: *ਵੰਡ ਤੋਂ ਬਾਅਦ ਲੀਕ-ਪਾਰੋਂ ਮਾਂ ਇਸ ਪਾਰ ਆਪਣੀ ਪਲੇਠੀ ਧੀ ਨੂੰ ਮਿਲਣ ਆਈ ਸੀ, ਹੁਣ ਭਾਰੇ ਮਨ ਨਾਲ*

ਵਰਿਆਮ ਸਿੰਘ ਸੰਧੂ

ਯੂਨੀਅਨ ਜੈਕ ਦੇ ਉਤਰਨ ਅਤੇ ਤਿਰੰਗੇ ਝੰਡੇ ਦੇ ਲਹਿਰਾਉਣ ਨਾਲ ਸਾਧਾਰਨ ਲੋਕਾਂ ਦੀਆਂ ਅੱਖਾਂ ਵਿੱਚ ਚਮਕ ਉੱਠੀ ਸੀ। ਨਵਤੇਜ ਸਿੰਘ ਨੇ ਕਹਾਣੀ ਪੜ੍ਹਦਿਆਂ ਹੀ ਮੈਨੂੰ ਬੜੀ ਹੀ ਹੁਲਾਰਾ ਦੇਣ ਵਾਲੀ ਪਿਆਰੀ ਚਿੱਠੀ ਲਿਖ ਕੇ ਮੇਰੀ ਕਹਾਣੀ-ਕਲਾ ਅਤੇ ਉਸ ਵਿੱਚ ਪੇਸ਼ ਅਗਾਂਹਵਧੂ ਦ੍ਰਿਸ਼ਟੀਕੋਣ ਦੀ ਸਰਾਹਨਾ ਕੀਤੀ। ਉਹਨਾਂ ਦਿਨਾਂ ਵਿਚ ਕਿਸੇ ਲੇਖਕ ਦੀ ਲਿਖਤ ਨਾਲ ਉਹਦਾ ਸਿਰਨਾਵਾਂ ਨਹੀਂ ਸੀ ਲਿਖਿਆ ਹੁੰਦਾ। ਜੇ ਕੋਈ ਲਿਖਤ ਕਿਸੇ ਪਾਠਕ ਨੂੰ ਚੰਗੀ ਲੱਗਦੀ ਤਾਂ ਉਹ ਪ੍ਰੀਤਲੜੀ ਦੀ ਮਾਰਫ਼ਤ ਹੀ ਚਿੱਠੀ ਲਿਖਦਾ। ਉਸ ਕਹਾਣੀ ਬਾਰੇ ਪ੍ਰੀਤ-ਲੜੀ ਦੀ ਮਾਰਫ਼ਤ ਆਈਆਂ ਕੁੱਝ ਚਿੱਠੀਆਂ ਵੀ ਨਵਤੇਜ ਸਿੰਘ ਨੇ ਮੈਨੂੰ ਭੇਜੀਆਂ। ਇਹਨਾਂ ਚਿੱਠੀਆਂ ਵਿੱਚੋਂ ਮਿਲੀ ਪ੍ਰਸੰਸਾ ਅਤੇ ਪ੍ਰੇਰਨਾ ਨੇ ਵੀ ਮੈਨੂੰ ਅਹਿਸਾਸ ਦੁਆਇਆ ਕਿ ਮੈਂ ਕਹਾਣੀਕਾਰ 'ਬਣ' ਗਿਆ ਹਾਂ। ਮੇਰੇ ਅੰਦਰ 'ਕਹਾਣੀਕਾਰ' ਬਣ ਜਾਣ ਦਾ ਭਰੋਸਾ ਪੈਦਾ ਸ਼ਾਇਦ ਹੋਰ ਦੇਰ ਨਾਲ ਹੁੰਦਾ ਜੇ ਨਵਤੇਜ ਸਿੰਘ ਮੇਰੀ ਪਿੱਠ ਨਾ ਥਾਪੜਦਾ।

1967 ਦੀ "ਪ੍ਰੀਤ-ਮਿਲਣੀ" ਅੰਮ੍ਰਿਤਸਰ ਦੇ ਓਪਨ ਏਅਰ ਥੀਏਟਰ ਵਿਚ ਹੋਈ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਇਸ ਮਿਲਣੀ ਵਿਚ ਆਏ ਲੇਖਕਾਂ ਦੀ ਇੱਕ ਦੂਜੇ ਨਾਲ ਜਾਣ ਪਛਾਣ ਕਰਾਉਂਦਿਆਂ ਨਵਤੇਜ ਸਿੰਘ ਨੇ ਮੇਰੇ ਬਾਰੇ ਕਿਹਾ, "ਇਹ ਵਰਿਆਮ ਸੰਧੂ ਨੇ, ਬੜੀ ਚੰਗੀ ਕਹਾਣੀ ਲਿਖਣ ਵਾਲੇ!" ਮੈਨੂੰ ਉਹਦਾ ਇੱਕੋ ਵਾਕ ਹੀ ਆਪਣੇ ਲਈ ਪ੍ਰਮਾਣ-ਪੱਤਰ ਲੱਗਣ ਲੱਗਾ ਤੇ ਅੱਜ ਤੱਕ ਯਾਦ ਹੈ।

1970-71 ਵਿਚ ਚੱਲੇ ਕਵਿਤਾ ਦੇ ਜੁਝਾਰ ਵਿਦਰੋਹੀ ਦੌਰ ਵਿੱਚ ਮੈਂ ਕਵਿਤਾ ਵੀ ਲਿਖਦਾ ਸਾਂ ਤੇ ਸੱਤ ਅੱਠ ਚੰਗੇ ਕਵੀਆਂ ਵਿਚ ਗਿਣਿਆ ਵੀ ਜਾਂਦਾ ਸਾਂ। ਮੈਂ ਕੁਝ ਨਵੀਆਂ ਕਹਾਣੀਆਂ ਲਿਖੀਆਂ ਜੋ ਮਾਸਿਕ-ਪੱਤਰ 'ਹੇਮਜਯੋਤੀ' ਵਿਚ ਛਪੀਆਂ। ਉਹਨਾਂ ਦੀ ਬੜੀ ਸਰਾਹਣਾ ਹੋਈ॥ ਹੁਣ ਮੈਂ ਕਵੀ ਨਾਲੋਂ ਪਹਿਲਾਂ 'ਇਨਕਲਾਬੀ' ਰੰਗ ਵਾਲੀ ਕਹਾਣੀ ਲਿਖਣ ਵਿਚ ਪਹਿਲਾ ਨਾਂ ਬਣਨਾ ਚਾਹੁੰਦਾ ਸਾਂ। 'ਹੇਮਜਯੋਤੀ' ਦੇ 1971 ਦੇ ਜਨਵਰੀ ਅੰਕ ਵਿਚ ਲਿਖੇ ਸੰਪਾਦਕੀ ਵਿਚ ਲਿਖਿਆ ਗਿਆ, "ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ ਤੇ ਵਰਿਆਮ ਸੰਧੂ 1971 ਦਾ ਇਕਰਾਰ ਹਨ"।

ਮੇਰਾ ਇਹ ਜ਼ਿਕਰ ਕਹਾਣੀਕਾਰ ਦੇ ਹਵਾਲੇ ਨਾਲ ਕੀਤਾ ਗਿਆ ਸੀ ਕਿਉਂਕਿ ਮੈਂ ਪਿਛਲੇ ਸਾਲ ਆਪਣੀ ਪ੍ਰਸਿੱਧ ਕਹਾਣੀ 'ਲੋਹੇ ਦੇ ਹੱਥ' ਵੀ ਲਿਖ ਚੁੱਕਾ ਸਾਂ। ਇਸ ਕਹਾਣੀ ਨੂੰ ਸ਼ਾਇਦ ਮੈਂ ਲਿਖਦਾ ਹੀ ਨਾ ਜੇ ਮੈਨੂੰ ਅਸਿੱਧੇ ਤੌਰ 'ਤੇ ਨਵਤੇਜ ਸਿੰਘ ਤੋਂ ਪ੍ਰੇਰਨਾ ਨਾ ਮਿਲਦੀ। ਨਵਤੇਜ ਸਿੰਘ ਨੇ ਪ੍ਰੀਤ-ਲੜੀ ਵਿੱਚ ਛਪਦੇ ਆਪਣੇ ਕਾਲਮ 'ਮੇਰੀ ਧਰਤੀ ਮੇਰੇ ਲੋਕ' ਵਿੱਚ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਵਾਲੇ ਇੱਕ ਨੌਜਵਾਨ ਬਾਰੇ ਬੜਾ ਮਾਰਮਿਕ ਲੇਖ ਲਿਖਿਆ ਸੀ। ਨਵਤੇਜ ਸਿੰਘ ਭਾਰਤੀ ਕਮਿਊਨਿਸਟ ਨਾਲ ਜੁੜਿਆ ਹੋਇਆ ਸੀ। ਪਾਰਟੀ ਨਕਸਲਵਾਦ ਦੀ ਵਿਰੋਧੀ ਸੀ। ਪਰ ਨਵਤੇਜ ਸਿੰਘ ਨੇ ਵਿਚਾਰਧਾਰਕ ਵਿਰੋਧ ਦੇ ਬਾਵਜੂਦ ਨਕਸਲੀ ਸਮਝੇ ਜਾਂਦੇ ਬੇਕਸੂਰ ਨੌਜਵਾਨ ਦੇ ਸਰਕਾਰੀ ਕਤਲ ਦੇ ਖ਼ਿਲਾਫ਼ 'ਹਾਅ ਦਾ ਨਾਅਰਾ' ਮਾਰ ਕੇ ਮਨੁੱਖੀ ਹੱਕਾਂ ਦਾ ਰਖਵਾਲਾ ਬਣ ਕੇ ਵੀ ਮੇਰਾ ਦਿਲ ਜਿੱਤ ਲਿਆ ਸੀ। ਉਹਦੇ ਏਸੇ ਲੇਖ ਤੋਂ ਪ੍ਰੇਰਨਾ ਲੈ ਕੇ ਮੈਂ ਇਨਕਲਾਬੀ ਰੰਗ ਦੀ ਆਪਣੀ ਮਹੱਤਵਪੂਰਨ ਕਹਾਣੀ 'ਲੋਹੇ ਦੇ ਹੱਥ' ਲਿਖਣ ਵਿਚ ਕਾਮਯਾਬ ਹੋਇਆ, ਜਿਸਨੂੰ ਪੜ੍ਹ ਕੇ ਹੇਮਜਯੋਤੀ ਦੇ ਸੰਪਾਦਕ ਸੁਰੇਂਦਰ ਨੇ ਲਿਖਿਆ ਸੀ, "ਲੋਹੇ ਦੇ ਹੱਥ ਵਰਗੀ ਕਹਾਣੀ ਲਿਖਣ ਵਾਲੇ ਹੱਥਾਂ ਨੂੰ ਚੁੰਮ ਲੈਣ ਨੂੰ ਜੀ ਕਰਦਾ ਹੈ!" ਇੰਝ ਨਵਤੇਜ ਸਿੰਘ ਨੇ ਪ੍ਰੀਤਲੜੀ ਵਿਚ 'ਅੱਖਾਂ ਵਿਚ ਮਰ ਗਈ ਖ਼ੁਸ਼ੀ' ਛਾਪ ਕੇ ਤੇ 'ਲੋਹੇ ਦੇ ਹੱਥ' ਦਾ ਮੁੱਖ ਪ੍ਰੇਰਨਾ ਸਰੋਤ ਬਣ ਕੇ ਕਹਾਣੀਕਾਰ ਵਜੋਂ

ਵਾਪਿਸ ਜਾਣ ਲਈ ਮਜਬੂਰ ਹੈ। ਦੋਏ ਪਾਸੇ ਭੁੱਖ ਵਰਤੀ ਹੋਈ ਹੈ। ਮਾਈ ਦੀ ਸਖ਼ਤ ਤਲਾਸ਼ੀ ਲਈ ਜਾਂਦੀ ਹੈ ਤਾਂ ਇੱਕ ਬਹੀ ਰੋਟੀ ਅਤੇ ਅੰਬ ਦੇ ਅਚਾਰ ਦੀ ਫਾੜੀ ਹੀ ਨਿੱਕਲਦੀ ਹੈ। (1964)

ਮੁੜ ਸ਼ਰਨਾਰਥੀ: *ਵੰਡ ਤੋਂ ਪਹਿਲਾਂ ਦੀ ਅਛੂਤ, ਗਰੀਬੀ ਵਾਲਾ ਬਚਪਨ, ਪਰ ਪੜ੍ਹਾਈ ਮਿਲ ਗਈ ਸੀ। ਨਹਿਰੂ ਦਾ ਆਸ਼ਕ ਸੀ, ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਰੰਗੀਨ ਤਸਵੀਰਾਂ ਸਾਂਭ ਸਾਂਭ ਰੱਖਦਾ ਸੀ, ਉਨ੍ਹਾਂ ਦੀਆਂ ਦੋ ਕਿਤਾਬਾਂ ਨਾਲ। ਰੌਲਿਆਂ ਵਿਚ ਇਹ ਖ਼ਜ਼ਾਨਾ ਓਧਰ ਹੀ ਰਹਿ ਗਿਆ। ਹੌਲੀ ਹੌਲੀ ਨੌਕਰੀ ਮਿਲ ਗਈ। ਨਹਿਰੂ ਨੂੰ ਪ੍ਰੇਮ-ਖ਼ਤ ਲਿਖਿਆ ਤਾਂ ਇਹ ਕਿਤਾਬਾਂ, ਤਸਵੀਰਾਂ ਭਿਜਵਾਅ ਦਿੱਤੀਆਂ ਗਈਆਂ। ਹੁਣ ਹੜ੍ਹ ਵਿਚ ਇਹ ਵੀ ਰੁੜ੍ਹ ਗਈਆਂ ਹਨ- ਮੁੜ ਸ਼ਰਨਾਰਥੀ ਮਹਿਸੂਸ ਕਰਦਾ ਹੈ। (1965)*

ਉਜੜੇ ਘਰ: *ਆਜ਼ਾਦ ਭਾਰਤ ਦਾ ਹਾਲ ਕਿ ਘਰੋਂ ਕੱਢ ਵੇਸਵਾ ਬਣਾਅ ਦਿੱਤੀ ਗਈ ਦੇਹਾਤੀ ਬੱਚੀ ਰੁਲਦੀ ਖੁਲਦੀ ਸਨਅਤੀ ਸ਼ਹਿਰ ਦੇ ਸਾਊ ਮਜ਼ਦੂਰ ਕੋਲ ਵਿਕਦੀ ਹੈ ਅਤੇ ਚਲੋ ਹੁਣ ਖ਼ੁਸ਼ ਹੈ। ਮਜ਼ਦੂਰ ਸੰਘਰਸ਼ ਵਿਚ ਮਾਰਿਆ ਜਾਂਦਾ ਹੈ, ਪੰਜਾਬ ਵਿਚ ਉਸਦੇ ਜੱਦੀ ਘਰ ਆਉਂਦੀ ਹੈ। ਅੱਜ ਮੀਹਾਂ 'ਚ ਇਹ ਘਰ ਵੀ ਢਹਿ ਗਿਆ ਹੈ! (1965)*

ਤੀਜਾ ਬਿਸਤਰਾ: *ਤਿੰਨ ਨੌਜਵਾਨ ਕਾਮਰੇਡ ਇਕ ਰਾਤ ਲਈ ਇਕੱਠੇ ਹਨ, ਉਨ੍ਹਾਂ ਲਈ ਚੰਗੇ ਬਿਸਤਰੇ ਲੱਗੇ ਹਨ, ਪਰ ਭਰ ਗਰੀਬੀ ਵਿੱਚੋਂ ਆਇਆ ਕਾਮਰੇਡ ਉਸ ਬਿਸਤਰ ਵਿਚ ਸੌਂ ਨਹੀਂ ਪਾ ਰਿਹਾ.. (1972)*

ਦੇਸੀ ਘਿਓ ਦਾ ਟੀਨ: *ਨੌਕਰੀਆਂ ਮੁਸ਼ਕਿਲ ਮਿਲਦੀਆਂ ਹਨ। ਭ੍ਰਿਸ਼ਟਾਚਾਰ ਵਧ ਗਿਆ ਹੈ। ਇੱਕ ਨੌਜਵਾਨ ਤੋਂ ਦੇਸੀ ਘਿਓ ਦੇ ਟੀਨ ਮੰਗੇ ਜਾ ਰਹੇ ਹਨ, ਰਿਸ਼ਵਤ ਵਾਂਗ। ਓਹੀ ਮੰਗਣ ਵਾਲਾ ਮੁੜ ਮਿਲਦਾ ਹੈ, ਸਾਹਿਤਕ ਮਹੌਲ ਵਿਚ। (1966)*

ਦੋਸਤੀ ਦਾ ਚੰਨ: *ਵੰਡ ਤੋਂ ਕਾਫ਼ੀ ਬਾਅਦ ਲੀਕੋਂ-ਪਾਰ ਗਏ ਨੂੰ ਦੋਸਤ ਦੀ ਨਿੱਕੀ ਜਿਹੀ ਧੀ ਮਾਮੂ ਕਹਿ ਕੇ, ਮਾਂ ਤੋਂ ਵੀ ਉੱਤੇ ਤਰਜੀਹ ਦਿੰਦੀ ਹੈ। (1970)*

ਸਤਵੰਤ: *ਲੋਕ ਸੰਘਰਸ਼ਾਂ 'ਚ ਹੋਈ ਜੇਲ੍ਹ 'ਚ ਕਾਮਰੇਡ ਨਾਲ ਇੱਕ ਗਰੀਬ ਨੌਜਵਾਨ ਮਜ਼ਦੂਰ ਵੀ ਹੈ, ਜੋ ਭਾਵੁਕ ਹੋ ਕੇ ਨਾਅਰੇ ਲਾਉਂਦਾ ਫੜਿਆ ਗਿਆ- ਮਾਂ ਲਈ ਕਮਾਈ ਕੌਣ ਕਰੇਗਾ? (1965)*

ਕਾਲਿਜ ਜਾਣ ਦਾ ਪਹਿਲਾ ਦਿਨ: *ਦੇਸ਼ ਦੇ ਹਲਾਤ ਕਿ ਬੁੱਢੇ ਮਾਪਿਆਂ ਦੀ ਕੁੜੀ ਪੜ੍ਹਨ ਗਈ ਵਾਪਿਸ ਨਾ ਆ ਸਕੀ- ਮੁੰਡਿਆਂ ਦੀ ਹੁੱਲੜਬਾਜ਼ੀ ਦੀ ਸ਼ਿਕਾਰ ਹੋਈ ਮਰ ਗਈ। (1970)*

'ਮੇਰੇ ਝਰੋਖੇ 'ਚੋ' ਨਵਤੇਜ ਸਿੰਘ

ਮੇਰੀ ਉਠਾਣ ਬਣਾਉਣ ਵਿੱਚ ਵੱਡਾ ਰੋਲ ਨਿਭਾਇਆ।

ਇੱਕ ਹੋਰ ਗੱਲੋਂ ਵੀ ਮੈਨੂੰ ਨਵਤੇਜ ਸਿੰਘ ਬਹੁਤ ਚੰਗਾ ਲੱਗਾ। ਉਹਨੀਂ ਦਿਨੀਂ ਡਾ. ਹਰਿਭਜਨ ਸਿੰਘ ਦਾ 'ਅਸ਼ਵਮੇਧ ਯੱਗ ਵਾਲਾ ਘੋੜਾ' ਦਿੱਲੀ ਤੋਂ ਲੈ ਕੇ ਪੰਜਾਬ ਦੇ ਅਕਾਦਮਿਕ ਅਦਾਰਿਆਂ ਵਿੱਚ ਜਿੱਤ ਦੇ ਡੰਕਿਆਂ ਨਾਲ ਹਿਣਕਦਾ ਫ਼ੁੰਕਾਰਦਾ ਫ਼ਿਰਦਾ ਸੀ। ਉਸ ਨੇ 'ਨਾਗਮਣੀ' ਵਿਚ ਅਗਾਂਹਵਧੂ ਵਿਚਾਰਧਾਰਾ ਅਤੇ ਜੁਝਾਰਵਾਦੀ ਕਵਿਤਾ ਦਾ ਮਜ਼ਾਕ ਉਡਾਇਆ ਸੀ। 'ਇਹ ਕੇਹੀ ਸ਼ਾਇਰੀ ਹੈ!' ਆਖਦਿਆਂ 'ਲਾਲ ਝੰਡੇ' ਨੂੰ 'ਲਾਲ ਟਾਕੀ' ਕਹਿ ਕੇ ਛੁਟਿਆਇਆ ਸੀ। ਉਸਦੇ ਜੁਆਬ ਵਿੱਚ ਮੈਂ ਇੱਕ ਨਜ਼ਮ ਲਿਖੀ ਸੀ ਤੇ 'ਨਾਗਮਣੀ' ਨੂੰ ਭੇਜੀ ਪਰ ਅੰਮ੍ਰਿਤਾ ਨੇ ਨਜ਼ਮ ਨਾ ਛਾਪੀ। ਮੈਂ ਪੂਰਾ ਹਵਾਲਾ ਦੇ ਕੇ ਉਹ ਨਜ਼ਮ ਨਵਤੇਜ ਸਿੰਘ ਨੂੰ ਭੇਜੀ। ਨਜ਼ਮ ਨੂੰ ਛਾਪਣਾ ਡਾ. ਹਰਿਭਜਨ ਸਿੰਘ ਵਰਗੀ ਨਾਮਵਰ ਹਸਤੀ ਦੀ ਨਰਾਜ਼ਗੀ ਮੁੱਲ ਲੈਣਾ ਸੀ। ਪਰ ਨਵਤੇਜ ਸਿੰਘ ਨੇ ਪ੍ਰੀਤ-ਲੜੀ ਵਿੱਚ ਨਜ਼ਮ ਛਾਪ ਕੇ ਨਿਰਪੱਖ, ਦਲੇਰ, ਬੇਬਾਕ ਤੇ ਸੱਚੇ ਸੰਪਾਦਕ ਹੋਣ ਦਾ ਸਬੂਤ ਦਿਤਾ।

ਮੇਰੇ 'ਤੇ ਨਕਸਲੀ ਵਿਚਾਰਾਂ ਦਾ ਅਸਰ ਸੀ। ਉਹਨੀਂ ਦਿਨੀਂ ਸਾਹਿਤਕ ਮਾਹੌਲ ਬੜਾ ਗਰਮ ਅਤੇ ਉਤੇਜਨਾ ਵਾਲਾ ਸੀ। ਅਸੀਂ ਇਸ ਦੀ ਪੂਰੀ ਜਕੜ ਵਿੱਚ ਸਾਂ। ਸੀਪੀਆਈ ਨਾਲ ਜੁੜੇ ਕੇਂਦਰੀ ਲੇਖਕ ਸਭਾ ਦੇ ਕਹਿੰਦੇ ਕਹਾਉਂਦੇ ਸਾਹਿਤਕਾਰ ਨਵੇਂ ਉੱਠ ਰਹੇ 'ਕ੍ਰਾਂਤੀਕਾਰੀ' ਲੇਖਕਾਂ ਦੇ ਵਿਰੋਧੀ ਸਨ। ਉਹ ਨਵੇਂ ਲੇਖਕਾਂ ਨੂੰ ਆਪਣੀ ਕੇਂਦਰੀ ਸਭਾ ਤੋਂ ਦੂਰ ਰੱਖਣਾ ਚਾਹੁੰਦੇ ਸਨ। ਅਸੀਂ ਆਪਣੇ ਇਲਾਕੇ ਵਿਚ ਸਾਹਿਤ ਸਭਾ ਬਣਾਈ ਹੋਈ ਸੀ। ਮੇਰੇ ਨਾਲ ਦੇ ਸਾਹਿਤਕ-ਸਾਥੀ ਵੀ ਤੱਤੇ ਵਿਚਾਰਾਂ ਵਾਲੇ ਹੀ ਸਨ। ਅਸੀਂ ਫ਼ੈਸਲਾ ਕੀਤਾ ਕਿ 'ਜੁਝਾਰ' ਨਾਂ ਦਾ ਪਰਚਾ ਛਪਵਾ ਕੇ ਅੰਮ੍ਰਿਤਸਰ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵੱਲੋਂ ਕੀਤੀ ਜਾਣ ਵਾਲੀ 'ਪ੍ਰੀਤ-ਮਿਲਣੀ' ਉੱਤੇ 'ਪ੍ਰੀਤ-ਪਾਠਕਾਂ' ਵਿੱਚ ਤਕਸੀਮ ਕੀਤਾ ਜਾਵੇ। ਇਸਤਰ੍ਹਾਂ ਇਕਦਮ ਵੱਡੇ ਸਾਹਿਤਕ ਦਾਇਰੇ ਵਿੱਚ ਸਾਡੀ ਸਭਾ ਤੇ ਸਾਡੇ ਲੇਖਕਾਂ ਦਾ ਨਾਂ ਜਾਵੇਗਾ ਅਤੇ ਸਾਹਿਤਕ ਹਲਕਿਆਂ ਵਿੱਚ ਪਛਾਣ ਬਣੇਗੀ। 'ਪ੍ਰੀਤ-ਮਿਲਣੀ' ਦੀ ਵਿਚਕਾਰਲੀ ਰਾਤ ਅਸੀਂ 'ਜੁਝਾਰ' ਪ੍ਰਾਪਤ ਕਰ ਲਿਆ ਅਤੇ ਰਾਤ ਨੂੰ ਆਪਣੀ ਰਿਹਾਇਸ਼ 'ਤੇ ਬੈਠ ਕੇ ਇਸਦੀਆਂ ਤਹਿਆਂ ਲਾਈਆਂ।

ਇਹ ਪੀਲੇ ਰੰਗ ਦੇ ਮੋਟੇ ਕਾਗ਼ਜ਼ 'ਤੇ ਲੰਮੇ-ਰੁਖ਼ ਵੱਡੇ ਆਕਾਰ ਦੇ ਅੱਠ ਸਫ਼ਿਆਂ 'ਤੇ ਛਪਿਆ ਸੀ। ਅਗਲੀ ਸਵੇਰੇ 'ਪ੍ਰੀਤ-ਮਿਲਣੀ' ਦੇ ਪਹਿਲੇ ਇਕੱਠ ਤੋਂ ਪਿੱਛੋਂ ਚਾਹ-ਪਾਣੀ ਪੀਣ ਦੇ ਵਕਫ਼ੇ ਸਮੇਂ ਅਸੀਂ ਇਹ ਅੱਠ-ਵਰਕੀ 'ਜੁਝਾਰ' ਵੰਡਣਾ ਸ਼ੁਰੂ ਕੀਤਾ। 'ਜੁਝਾਰ' ਦੇ ਮੁੱਖ ਪੰਨੇ ਉੱਤੇ ਮੇਰੀ ਕਵਿਤਾ ਸੀ- ਜਿਸ ਵਿੱਚ ਗੁਰਬਖ਼ਸ਼ ਸਿੰਘ ਦੀ 'ਪ੍ਰੀਤ-ਮਿਲਣੀ' ਨੂੰ ਅਜੋਕੇ ਪ੍ਰਸੰਗ ਵਿੱਚ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਸੀ:

ਦੀਵਾਰ 'ਤੇ ਲਟਕਿਆ ਲੈਨਿਨ ਬੁੱਢਾ ਹੋ ਰਿਹਾ ਹੈ
ਸੀਸ ਲਈ ਮੰਗ ਕਰਦੀ ਗੋਬਿੰਦ ਦੀ ਤਣੀ ਉਂਗਲ ਥੱਕ ਚੱਲੀ ਹੈ
-ਤੁਸੀਂ ਰੰਗਲੇ ਬੰਗਲਿਆਂ ਵਿੱਚ ਬਹਿ ਕੇ ਆਰਾਮ ਦੀ ਗੱਲ ਕਰਦੇ ਹੋ!
ਪ੍ਰੀਤਾਂ ਦਾ ਮਿਲਣ ਚਾਹੁੰਦੇ ਹੋ!
-ਕੀ ਮਿਲਣ ਤੋਂ ਪਹਿਲਾਂ ਮਰਨ ਦਾ ਸੱਚ ਸੁਣਿਆਂ ਜੇ?
ਤੁਸੀਂ ਕਿਹੜੇ ਝਨਾਵਾਂ ਨੂੰ ਪਾਰ ਕੀਤਾ ਹੈ? ਆਰਾਮ ਕਾਹਦਾ!
ਕੀ ਮਾਛੀਵਾੜੇ 'ਚੋਂ ਲੰਘ ਆਏ ਹੋ?
-ਕਦਮਾਂ ਨੂੰ ਸ਼ਰਮਿੰਦਾ ਨਾ ਕਰੋ।

ਉਸ ਇਕੱਠ ਵਿੱਚ ਕ੍ਰਾਂਤੀਕਾਰੀ ਲੇਖਕ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ। ਬੁਲਾਰਿਆਂ ਨੇ ਸਟੇਜ ਉੱਤੇ ਵੀ ਆਪਣੀ ਗੱਲ ਬੜੇ ਜ਼ੋਰ ਨਾਲ ਰੱਖੀ ਸੀ। ਉਹਨਾਂ ਅਨੁਸਾਰ ਹੁਣ ਸਾਹਿਤ ਅਤੇ ਸਿਆਸਤ ਵਿੱਚ ਆਈਆਂ ਤੇਜ਼ ਤਿੱਖੀਆਂ ਤਬਦੀਲੀਆਂ ਨੂੰ ਸਮਝਣ ਅਤੇ ਨਵੇਂ ਤਰੀਕੇ ਅਤੇ ਭਰਵੇਂ ਜੋਸ਼ ਨਾਲ 'ਆਉਣ ਵਾਲੇ

ਜਸੂਸ: ਦੇਸ਼ ਵੰਡੋਂ ਪਹਿਲਾਂ ਓਸ ਪਾਰ, ਲੋਕ ਸੰਘਰਸ਼ਾਂ 'ਚ ਜੇਲ੍ਹ ਦੌਰਾਨ ਮਾਰ ਪੈਣ ਕਰਕੇ ਅੱਧਾ ਪਾਗਲ ਹੋਇਆ, ਹੁਣ ਜੰਗੀ ਹਲਾਤ ਵਿਚ, ਭ੍ਰਿਸ਼ਟ ਅਤੇ ਲੱਚਰ ਠੇਕੇਦਾਰ ਵੱਲੋਂ 'ਜਸੂਸ' ਆਖ ਕੁੱਟਿਆ-ਕੁਟਾਇਆ ਜਾਂਦਾ ਹੈ। ਅਖੀਰ ਆਪਣੇ ਕਾਮਰੇਡ ਸਾਥੀ ਲੇਖਕ, ਦੇ ਘਰ ਪੁੱਜਦਾ ਹੈ ਤਾਂ ਉਸਨੂੰ ਦੁੱਖ ਲੱਗਦਾ ਹੈ (1966)

ਉਪਰਾਲਾ: ਰੇਲ ਗੱਡੀ ਦੇ ਡੱਬੇ 'ਚ ਦਿਮਾਗ਼ ਵੱਲੋਂ ਕਮਜ਼ੋਰ ਮਿੱਠਬੋਲੜਾ ਅੱਲ੍ਹੜ ਆਪਣੇ ਪਿਤਾ ਦੀ ਜਿਸ ਤਨਦੇਹੀ ਨਾਲ ਸੇਵਾ ਕਰ ਰਿਹਾ ਹੈ, ਲੇਖਕ ਨੂੰ ਬਹੁਤ ਸੁਹਣਾ ਲੱਗਣ ਲੱਗਾ ਹੈ। (1970)

ਸੰਮੂ ਤੇ ਉਹਦੀ ਬੀਬੀ: ਜਮਾਂਦਾਰਾਂ ਦਾ ਬਰੀਕ-ਬੁੱਧ, ਮਦਦਗਾਰ ਬੱਚਾ ਅਮੀਰ ਘਰ ਦੇ ਬਹੁਤ ਕੰਮ ਸੁਆਰਦਾ ਹੈ ਅਤੇ ਬੀਬੀ ਜੀ ਦਾ ਚਹੇਤਾ ਹੈ। ਵੈਦ ਗ਼ਲਤ ਹੀ ਤਪਦਿਕ ਹੋਇਆ ਆਖ ਦਿੰਦਾ ਹੈ ਤਾਂ ਸੰਮੂ ਲੁਕਣ ਲੱਗ ਪੈਂਦਾ ਹੈ। ਡਾਕਟਰ ਤੋਂ ਟੈਸਟਾਂ ਬਾਅਦ ਤਪਦਿਕ ਕੋਈ ਨਹੀਂ ਲੱਭਦਾ ਹੈ। ਬੀਬੀ ਯਕੀਨ ਕਰਵਾਉਣ ਲਈ ਉਸਦਾ ਜੂਠਾ ਦੁੱਧ ਪੀਂਦੀ ਹੈ। (1971)

ਇੱਕ ਸੀ ਮਾਂ..ਇੱਕ ਸੀ ਪੁੱਤਰ...: ਸ਼ਹਿਰੋਂ ਕੁਝ ਪੜ੍ਹ ਆਇਆ ਦੇਹਾਤੀ ਨੌਜਵਾਨ ਜੰਗਲ ਦੇ ਰਾਖਿਆਂ ਨੂੰ ਰਿਸ਼ਵਤ ਦੇਣੋਂ ਰੋਕਦਾ ਹੈ ਤਾਂ ਬਹੁਤ ਕੁੱਟ ਪੈਂਦੀ ਹੈ। ਇੱਥੋਂ ਤੱਕ ਕਿ ਉਸ ਨੂੰ ਨੰਗਿਆਂ ਆਪਣੀ ਹੀ ਨੰਗੀ ਕੀਤੀ ਮਾਂ ਉੱਤੇ ਲੇਟਣ ਨੂੰ ਮਜਬੂਰ ਕੀਤਾ ਜਾਂਦਾ ਹੈ ... (1969)

ਬਾਸਮਤੀ ਦੀ ਮਹਿਕ: ਵੰਡ ਦੀ ਵੱਢ ਟੁੱਕ ਦੇ ਹਲਾਤ ਵਿਚ ਨੌਜਵਾਨ ਨੂੰ ਆਪਣੀ ਹੁਣ ਫ਼ੌਜੀ ਨਾਲ ਵਿਆਹੀ ਕਦੇ ਸੁਫ਼ਨਿਆਂ ਦੀ ਮਹਿਬੂਬਾ ਦੇ ਦਰਸ਼ਨ ਹੋ ਜਾਂਦੇ ਹਨ- ਜੋ ਉਸ ਤੋਂ ਉਸਦਾ ਦਿਲ ਤੋੜਨ ਲਈ ਮਾਫ਼ੀ ਮੰਗਦੀ ਹੈ। (1957)

ਕੋਟ ਤੇ ਮਨੁੱਖ: ਜਗੀਰਦਾਰੀ ਦੇ ਦੌਰ ਵਿਚ ਅਧਖੜ ਗਰੀਬ ਕਬੀਲਦਾਰ ਮਾਸਟਰ ਜਗੀਰਦਾਰ ਦੇ ਮੁੰਡੇ ਨੂੰ ਅਤਿ ਦੀ ਠੰਢ ਵਿਚ ਵੀ ਬਿਨਾ ਗਰਮ ਕੱਪੜਿਆਂ ਦੇ ਟਿਊਸ਼ਨ ਪੜ੍ਹਾਉਂਦਾ ਹੈ। ਜਗੀਰਦਾਰ ਦੀ ਦਿਆਲੂ ਪਤਨੀ ਪਹਿਨਣ ਲਈ ਇੱਕ ਕੋਟ ਦਿੰਦੀ ਹੈ। ਜਗੀਰਦਾਰ ਨੌਕਰੀ ਤੋਂ ਹਟਾਅ ਦਿੰਦਾ ਹੈ ਕਿ ਹੁਣ ਤਾਂ ਮੇਰਾ ਪੁੱਤਰ ਤੁਹਾਡੀ ਇੱਜ਼ਤ ਨਹੀਂ ਕਰ ਸਕੇਗਾ- (1950)

ਦਿਲ ਦੀ ਥਾਂ ਜੰਦਰਾ: ਹੱਦੋਂ ਵੱਧ ਸ਼ੱਕੀ ਪਤੀ ਹੱਸਾਸ ਪਤਨੀ ਨੂੰ ਕਈ ਤਾਲਿਆਂ ਵਿਚ ਰੱਖਦਾ ਹੈ, ਉਹ ਜ਼ਿੰਦਗੀ ਵੱਲੋਂ ਬੇ-ਚਾਅ ਹੋ ਗਈ ਹੈ। (1956)

ਮਨੁੱਖ- ਜਿਹੜਾ ਪਿਆਰ ਬਾਰੇ ਨਹੀਂ ਸੀ ਬੋਲਦਾ: ਕਵੀ ਨੂੰ ਪਿਆਰ ਕਰਨ ਦੀ ਜੁੱਰਤ ਕਰਨ ਕਰਕੇ ਕੁੱਟ ਪੈਂਦੀ ਹੈ। ਉਹ ਆਪਣੇ ਹੁਨਰ ਨਾਲ ਇਸ਼ਤਿਹਾਰਬਾਜ਼ ਬਣ ਜਾਂਦਾ ਹੈ। ਹੋਰ

ਵਰਿਆਮ ਸਿੰਘ ਸੰਧੂ

ਇਨਕਲਾਬ' ਲਈ ਕੰਮ ਕਰਨ ਦੀ ਜ਼ਰੂਰਤ ਸੀ। ਕ੍ਰਾਂਤੀਕਾਰੀ ਲੇਖਕਾਂ ਨੂੰ ਗੁਰਬਖ਼ਸ਼ ਸਿੰਘ ਦਾ ਵਿਰੋਧ ਕਰਨਾ ਵੀ ਆਪਣੀ ਸਾਹਿਤਕ ਲੜਾਈ ਦਾ ਵੱਡਾ ਹਿੱਸਾ ਲੱਗਦਾ ਸੀ। ਉਹਨਾਂ ਨੂੰ ਜਾਪਦਾ ਸੀ ਕਿ ਗੁਰਬਖ਼ਸ਼ ਸਿੰਘ ਨਵੇਂ ਸਾਹਿਤਕ-ਸਿਆਸੀ ਦ੍ਰਿਸ਼ ਵਿੱਚ ਉੱਭਰਨ ਵਾਲੇ ਨੌਜਵਾਨਾਂ ਦੀ ਸੋਚ ਨੂੰ ਸਥਿਰ ਅਤੇ ਗਤੀਹੀਨ ਬਣਾਈ ਰੱਖਣ ਵਾਲਾ ਲੇਖਕ ਹੈ। ਜਿੰਨਾਂ ਕੋਈ ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਦਾ ਪ੍ਰਭਾਵ ਕਬੂਲ ਕਰੇਗਾ ਓਨਾ ਹੀ ਉਸ ਅੰਦਰਲਾ ਇਨਕਲਾਬੀ ਤੱਤ ਖੁਰਦਾ ਜਾਂ ਖੁੰਢਾ ਹੁੰਦਾ ਜਾਵੇਗਾ! 'ਇਨਕਲਾਬੀ ਚੇਤਨਾ ਨਾਲ ਲਬਾ-ਲਬ ਭਰੇ ਹੋਏ' ਸਾਡੇ ਮਨਾਂ ਵਿਚਲੇ 'ਸੇਕ' ਨੇ ਇਸ 'ਠੋਸ ਸੱਚ' ਨੂੰ ਤਾਂ ਪਿਘਲਾ ਹੀ ਛੱਡਿਆ ਸੀ ਕਿ ਪੰਜਾਬੀ ਪੜ੍ਹਨ ਵਾਲੇ ਲਗਭਗ ਸਾਰੇ ਲੇਖਕਾਂ-ਪਾਠਕਾਂ ਦੀਆਂ ਸਾਡੇ ਵਰਗੀਆਂ ਘੱਟੋ-ਘੱਟ ਤਿੰਨ-ਚਾਰ ਪੀੜ੍ਹੀਆਂ ਦੇ ਦਿਲ-ਦਿਮਾਗ ਵਿੱਚ ਵਿਗਿਆਨਕ ਸੋਚ ਦੀ ਪਹਿਲੀ ਚੰਗਿਆੜੀ ਮਘਾਉਣ ਵਾਲਾ ਤੇ ਅਰਥਵਾਨ ਸਾਹਿਤ ਅਤੇ ਜਾਦੂਮਈ ਵਾਰਤਕ ਨਾਲ ਜੋੜਨ ਵਾਲਾ ਮੁਢਲਾ ਪ੍ਰੇਰਨਾ-ਸਰੋਤ ਗੁਰਬਖ਼ਸ਼ ਸਿੰਘ ਹੀ ਸੀ।

ਇਸ ਤੋਂ ਕੁਝ ਮਹੀਨੇ ਬਾਅਦ ਅੰਮ੍ਰਿਤਸਰ ਦੇ ਹਾਲ ਬਜ਼ਾਰ ਦੇ ਬਾਹਰਵਾਰ ਟੈਂਪਰੈਂਸ ਹਾਲ ਵਿੱਚ ਗੁਰਸ਼ਰਨ ਸਿੰਘ ਦੀ ਅਗਵਾਈ ਵਿੱਚ 'ਕ੍ਰਾਂਤੀਕਾਰੀ' ਲੇਖਕਾਂ ਦਾ ਬਹੁਤ ਵੱਡਾ ਇਕੱਠ ਹੋਇਆ। ਦਿਨ ਵੇਲੇ ਬੜੀਆਂ ਗਰਮਾ-ਗਰਮ ਤਕਰੀਰਾਂ ਹੋਈਆਂ। ਸਥਾਪਤ ਤਾਕਤਾਂ ਵਿਰੁੱਧ ਗੁੱਸੇ ਅਤੇ ਜੋਸ਼ ਦਾ ਉੱਬਲਦਾ ਹੋਇਆ ਮਾਹੌਲ ਸੀ। ਸ਼ਾਮ ਦੇ ਕਵੀ-ਦਰਬਾਰ ਵਿੱਚ ਮੈਂ 'ਦੀਵਾਰ 'ਤੇ ਲਟਕਿਆ ਲੈਨਿਨ ਬੁੱਢਾ ਹੋ ਰਿਹਾ ਹੈ!' ਵਾਲੀ ਨਜ਼ਮ ਸੁਣਾਈ। ਉਹਨਾਂ ਦਿਨਾਂ ਵਿੱਚ ਹਰੇਕ ਸਾਹਿਤਕ ਵੰਨਗੀ ਵਿੱਚ 'ਮਾਰੇ ਨਾਅਰਿਆਂ' ਨੂੰ ਭਰਵੀਂ ਦਾਦ ਮਿਲ ਜਾਂਦੀ ਸੀ। ਜਦੋਂ ਮੈਂ ਸਟੇਜ ਤੋਂ ਉੱਤਰ ਕੇ ਆਪਣੀ ਸੀਟ 'ਤੇ ਬੈਠਣ ਲੱਗਾ ਤਾਂ ਅਜੇ ਵੀ ਤਾੜੀਆਂ ਵੱਜੀ ਜਾ ਰਹੀਆਂ ਸਨ। ਵੇਖਿਆ; ਮੇਰੀਆਂ ਨਜ਼ਰਾਂ ਦੇ ਸਾਹਮਣੇ ਪਹਿਲੀ ਕੁਰਸੀ 'ਤੇ ਬੈਠਾ

ਨਵਤੇਜ ਸਿੰਘ ਕਵਿਤਾ ਦੀ ਦਾਦ ਦੇਣ ਵਾਲਿਆਂ ਨਾਲ ਮਿਲ ਕੇ ਤਾੜੀਆਂ ਮਾਰ ਰਿਹਾ ਸੀ। ਇਹ ਉਸਦੀ ਵਡੱਤਣ ਸੀ ਕਿ ਆਪਣੇ ਖ਼ਿਲਾਫ਼ ਕਵਿਤਾ ਸੁਣ ਕੇ ਖੁੱਲ੍ਹੇ ਦਿਲ ਨਾਲ ਤਾੜੀਆਂ ਮਾਰ ਰਿਹਾ ਸੀ। ਮੇਰਾ ਉਸ ਨਾਲ ਨਜ਼ਰਾਂ ਮਿਲਾਉਣ ਦਾ ਜੇਰਾ ਨਾ ਪਿਆ। ਅਜੇ ਕੁੱਝ ਸਾਲ ਪਹਿਲਾਂ ਹੀ ਨਵਤੇਜ ਸਿੰਘ ਨੇ 'ਪ੍ਰੀਤ-ਲੜੀ' ਵਿੱਚ ਮੇਰੀ ਕਹਾਣੀ 'ਅੱਖਾਂ ਵਿੱਚ ਮਰ ਗਈ ਖ਼ੁਸ਼ੀ' ਛਾਪ ਕੇ ਮੈਨੂੰ ਲੇਖਕਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਸੀ। ਮੈਂ; ਜਿਸਨੇ ਅਜੇ ਜ਼ਿੰਦਗੀ ਵਿੱਚ ਪਹਿਲਾ ਕਦਮ ਵੀ ਨਹੀਂ ਸੀ ਪੁੱਟਿਆ, ਸਾਰੀ ਉਮਰ ਅਗਾਂਹਵਧੂ ਲਹਿਰ ਨੂੰ ਸਮਰਪਿਤ ਰਹੇ ਵੱਡੇ ਲੇਖਕਾਂ ਨੂੰ 'ਝਨਾਂ ਪਾਰ ਨਾ ਕੀਤੇ ਹੋਣ ਦਾ' ਜਾਂ 'ਮਾਛੀਵਾੜੇ 'ਚੋਂ ਨਾ ਲੰਘਣ ਦਾ' ਮਿਹਣਾ ਮਾਰ ਰਿਹਾ ਸਾਂ! ਉਸ ਪਲ ਆਪਣੀ ਕਵਿਤਾ ਵਿਚਲੀ ਹਉਮੈ ਨੇ ਮੈਨੂੰ ਆਪਣੇ ਅੱਗੇ ਹੀ ਛੋਟਾ ਕਰ ਦਿੱਤਾ। ਨਵਤੇਜ ਸਿੰਘ ਮੇਰੀਆਂ ਨਜ਼ਰਾਂ ਵਿਚ ਹੋਰ ਉੱਚਾ ਉੱਠ ਗਿਆ।

ਇਹ ਸੀ ਨਵਤੇਜ ਸਿੰਘ ਦੀ ਮਾਨਵੀ ਵਡਿਆਈ ਦਾ ਸਿਖ਼ਰ।

ਪਰ ਅਫ਼ਸੋਸ ਸਾਡਾ ਇਹ ਸੱਚਾ ਲੇਖਕ ਤੇ ਵੱਡਾ ਇਨਸਾਨ ਸਾਡੇ ਨਾਲ ਛੇਤੀ ਹੀ 'ਧੋਖਾ' ਕਰ ਗਿਆ। ਉਹਨੂੰ ਕੈਂਸਰ ਹੋਣ ਦੀ ਖ਼ਬਰ ਨਾਲ ਸਾਰਾ ਪੰਜਾਬੀ ਜਗਤ ਹਿੱਲ ਗਿਆ। ਅਸੀਂ ਉਹਨੂੰ ਬਚਾਉਣ ਲਈ ਕੀ ਕਰ ਸਕਦੇ ਸਾਂ! ਗੱਲ ਕਰਨੀ ਹੋਛੀ ਜਿਹੀ ਤਾਂ ਲੱਗਦੀ ਹੈ, ਪਰ, ਅਸੀਂ ਆਪਣੇ ਸਾਹਿਤਕ ਦੋਸਤਾਂ ਨਾਲ ਮਿਲ ਕੇ ਇਲਾਕੇ ਦੇ ਅਧਿਆਪਕਾਂ ਕੋਲੋਂ ਫ਼ੰਡ ਇਕੱਠਾ ਕਰ ਕੇ ਨਾ-ਮਾਤਰ ਜਿਹੀ ਰਕਮ ਪਰਿਵਾਰ ਨੂੰ ਸਹਾਇਤਾ ਵਾਸਤੇ ਵੀ ਭੇਜੀ। ਸਾਨੂੰ ਲੱਗਦਾ ਸੀ ਕਿ ਕੋਈ ਸਾਡਾ ਡਾਢਾ ਸਕਾ ਬੀਮਾਰ ਹੋ ਗਿਆ ਹੈ ਤੇ ਉਹ ਛੇਤੀ ਤੋਂ ਛੇਤੀ ਰਾਜ਼ੀ ਹੋਣਾ ਚਾਹੀਦਾ ਹੈ।

ਪਰ ਉਹ ਰਾਜ਼ੀ ਨਾ ਹੋ ਸਕਿਆ!
ਉਹ ਸੱਚਾ ਲੇਖਕ ਤੇ ਵੱਡਾ ਮਨੁੱਖ , ਲਿਸ਼ਕਦਾ ਟੋਟਾ ਮੇਰੇ ਅੰਦਰ ਜੋੜ ਕੇ, ਅੰਬਰਾਂ ਵਿਚ ਸਦਾ ਲਈ ਅਲੋਪ ਹੋ ਗਿਆ। 12/12/2025

ਸਭ ਕੁਝ ਬੋਲਦਾ ਹੈ ਬੱਸ ਪਿਆਰ ਬਾਰੇ ਕਦੇ ਨਹੀਂ। ਇੱਕ ਵੱਡਾ ਕਾਰੋਬਾਰੀ ਉਸਦੀ ਮਦਦ ਮੰਗ ਰਿਹਾ ਹੈ, ਅਤੇ ਉਸਦੀ ਪਤਨੀ ਇਸੇ ਦੀ ਓਹੀ ਮਹਿਬੂਬਾ ਸੀ, ਜੋ ਚੁੱਪ ਹੋਈ ਮਿਲਦੀ ਹੈ। (1958)

ਸੋਹਣੀ ਮਹੀਂਵਾਲ: *ਇਹ ਕਿੱਸਾ ਕਹਾਣੀ ਵਾਂਗ ਦੱਸਿਆ ਹੈ। (1956)*

ਅੰਨ ਤੇ ਸੁਫ਼ਨਾ: *ਰਿਕਸ਼ੇਵਾਲੇ ਅਤੇ ਉਸ ਵਰਗਿਆਂ ਦੀ ਤੰਗ-ਹੱਥ ਜ਼ਿੰਦਗੀ, ਅਤੇ ਉਸਦੀਆਂ ਸਵਾਰੀਆਂ – ਆਦਰਸ਼ਵਾਦੀ, ਖ਼ੁਸ਼ ਪਤੀ-ਪਤਨੀ। ਉਸਦੀ ਤਾਂਘ- ਕੀ ਕਦੇ ਖ਼ੁਸ਼ ਜ਼ਿੰਦਗੀ ਮਿਲੇਗੀ? (1959)*

ਇੱਕ ਕੁੜੀ ਤੇ ਇੱਕ ਸਰਾਪ: *ਜਿਸ ਨਾਲ ਬਾਊਆਂ ਦੀ ਕੁੜੀ ਦੀ ਮੰਗਣੀ ਹੋਈ ਉਹ ਸਾਧ ਹੋ ਗਿਆ। ਕਿਸੇ ਹੋਰ ਥਾਂ ਮੰਗਣੀ ਕੀਤੀ ਅਤੇ ਉਸ ਨਵੇਂ ਮੰਗੇਤਰ ਦੀ ਮੌਤ ਹੋ ਗਈ। ਲੋਕਾਂ ਨੂੰ ਵਹਿਮ ਹੋ ਗਿਆ ਕਿ ਸਾਧ ਹੋਏ ਦਾ ਹੀ ਸਰਾਪ ਹੈ। ਮਾਪੇ ਉਸੇ ਸਾਧ ਹੋਏ ਕੋਲ ਇਹ ਭਰ ਜਵਾਨ ਕੁੜੀ ਛੱਡ ਆਏ! (1958)*

ਤਾਮੀਲ ਕੁਨਿੰਦਾ: *ਮੱਧ ਵਰਗੀ ਮਾਂ ਆਪਣੇ ਬੱਚਿਆਂ ਦੇ ਗ਼ਲਤ ਲਿਆਂਦੇ ਬੂਟਾਂ ਦਾ ਪਤੀ ਨੂੰ ਉਲਾਂਭਾ ਦੇ ਰਹੀ ਹੈ ਕਿ ਅਦਾਲਤੀ ਹੁਕਮ ਪਹੁੰਚਾਉਣ ਵਾਲਾ ਸਰਕਾਰੀ ਮੁਲਾਜ਼ਮ ਆਉਂਦਾ ਹੈ, ਜਿਸਦੀ ਭਰ ਗਰਮੀ ਵਿਚ ਟੁੱਟੀ ਸਾਈਕਲ ਅਤੇ ਪੈਰੀਂ ਟੁੱਟੇ ਬੂਟ ਹਨ। (1956)*

ਭੈਣ ਦੀ ਮਹਿਕ: *ਵੱਡੇ ਸ਼ਹਿਰ ਅਮੀਰ ਰਿਸ਼ਤੇਦਾਰਾਂ ਕੋਲ ਆ ਕੇ ਕੁਝ ਚਿਰ ਰਹਿਣ ਲਈ ਮਜਬੂਰ ਨਿੱਕੇ ਜਿਹੇ ਭੈਣ ਭਰਾ ਨਾਲ ਉਨ੍ਹਾਂ ਦਾ ਦਿਲ ਤੋੜਦਾ ਨਫ਼ਰਤ ਭਰਿਆ ਵਤੀਰਾ ਹੈ। (1957)*

ਦੂਜੀ ਵਾਰ ਜੇਬ ਕੱਟੀ ਗਈ: *ਮੋਟਾ ਆਦਮੀ ਕੁਝ ਘੰਟਿਆਂ ਲਈ ਰਿਕਸ਼ਾ ਕਰਦਾ ਹੈ, ਮਹਿੰਗੀਆਂ ਚੀਜ਼ਾਂ ਖ਼ਰੀਦਦਾ ਹੈ- ਰਿਕਸ਼ੇਵਾਲੇ ਨਾਲ ਹਿਸਾਬ ਵਿਚ ਹੇਰਾ ਫੇਰੀ ਕਰਦਾ ਹੈ। (1956)*

ਗੁਆਚੀਆਂ ਅੱਖਾਂ: *ਖ਼ੁਸ਼ਹਾਲ ਪਰਿਵਾਰ ਦੀ ਨਿੱਕੀ ਬੱਚੀ ਚੁੱਕੀ ਗਈ, ਅੱਖਾਂ ਕੱਢ ਕੇ ਮੰਗਤੀ ਬਣਾਅ ਦਿੱਤੀ ਗਈ। ਮਾਂ ਨੂੰ ਲੱਭ ਪੈਂਦੀ ਹੈ। (1959)*

ਸੱਤੇ ਦੇ ਸੱਤੇ ਅਜੂਬੇ: *ਪਹਾੜੀ ਥਾਂ ਛੁੱਟੀ ਮਨਾਉਣ ਆਏ ਅਮੀਰ ਟੱਬਰ ਕੋਲ ਬਹੁਤ ਹੀ ਸਾਰਾ ਸਮਾਨ ਹੈ। ਬੱਚੀ ਦੁੱਧ ਨਹੀਂ ਪੀ ਰਹੀ ਤੇ ਨੌਕਰਾਣੀ ਤਰਲੇ ਕੱਢ ਰਹੀ ਹੈ! ਇਹ ਦੇਖਭਾਲ ਕਰਨ ਵਾਲੇ ਗਰੀਬ ਝੁੱਗੀ ਵਿਚ ਰਹਿੰਦੇ ਪਰਿਵਾਰ ਦੀ ਕੁੜੀ ਨੂੰ ਸੱਤ ਅਜੂਬੇ ਵੇਖਣ ਜਿੰਨੀ ਅਜੀਬ ਗੱਲ ਲੱਗੀ। (1956)*

ਚਾਨਣ ਦੇ ਬੀਜ: *ਪੰਜਾਬ ਵਿਚ ਪੰਜਾਬੀ ਲਾਜ਼ਮੀ ਪੜ੍ਹਾਈ ਜਾਣ ਬਾਰੇ*

ਮੁਹਿੰਮ ਦੌਰਾਨ ਇੱਕ ਵਾਰ ਫੇਰ ਮਹੌਲ ਦੇ ਫ਼ਿਰਕੂ ਹੋ ਜਾਣ ਬਾਰੇ। *(1957)*

ਅਜੰਤਾ ਵੱਲ ਜਾਂਦਾ ਰਾਹ: ਵੰਡ ਦੇ ਦੁੱਖਾਂ 'ਚੋਂ ਨਿੱਕਲੇ ਪਰਿਵਾਰ ਦੀ ਵੱਡੀ ਧੀ ਪਰਿਵਾਰ ਲਈ ਕਮਾਊ ਬਣੀ ਅਤੇ ਵਿਆਹ ਨਾ ਕਰਾਇਆ। ਉਸਦਾ ਇੱਕ ਵਿਆਹਿਆ ਵਰਿਆ ਪਰ ਬੌਧਿਕ ਸਾਥ ਤੋਂ ਵਾਂਝਾ ਦੋਸਤ ਤਜਰਬੇ ਤੋਂ ਕਹਿੰਦਾ ਹੈ ਕਿ ਥੱਕ ਹਾਰ ਕੇ ਕਿਸੇ ਨਾਲ ਵੀ ਵਿਆਹ ਨਾ ਕਰਾਅ ਲਈਂ ਕਿਤੇ! *(1962)*

ਦਸਤਾਰ..ਝੂਲਾ...ਮੁਸਕਰਾਹਟ..: ਮੇਲੇ 'ਚ 'ਮਿਸ ਪਠਾਨਕੋਟ' ਨੱਚ ਰਹੀ ਹੈ ਅਤੇ ਸਾਰੇ ਮਰਦ ਦਰਸ਼ਕਾਂ ਨੂੰ ਲੱਗਦਾ ਹੈ ਕਿ ਉਹ ਸਿਰਫ਼ ਉਨ੍ਹਾਂ ਵੱਲ ਵੇਖ ਰਹੀ ਹੈ। ਅਸਲ ਵਿਚ ਉਹ ਆਪਣੇ ਦੁੱਧ ਪੀਂਦੇ ਬੱਚੇ ਵੱਲ ਵੇਖ ਵੇਖ ਨੱਚ ਰਹੀ ਹੈ! *(1959)*

ਸਜ਼ਾ: ਨੌਜਵਾਨ ਮੁੰਡੇ ਕੁੜੀਆਂ ਭੋਲੀ ਖੇਡ ਖੇਡ ਰਹੇ ਹਨ, ਜਿਸ ਦੌਰਾਨ ਵਿਦੇਸ਼ ਜਾ ਰਹੀ ਇੱਕ ਕੁੜੀ ਦਾ ਮੂੰਹ ਉਤਰ ਜਾਂਦਾ ਹੈ- ਈਰਖਾ ਨਾਲ। ਨਾਇਕ ਉਸ ਨੂੰ ਪਿਆਰ ਨਾਲ ਹੌਂਸਲਾ ਦੇ ਰਿਹਾ ਹੁੰਦਾ ਹੈ ਕਿ ਉਸਦੀ ਮੰਗੇਤਰ ਬਣਨ ਵਾਲੀ ਮਹਿਬੂਬਾ ਮੁਟਿਆਰ ਦੀ ਮਾਂ ਵੇਖ ਲੈਂਦੀ ਹੈ ਅਤੇ ਉਹ ਵਿਆਹ ਨਹੀਂ ਹੁੰਦਾ। *(1959)*

ਸੁਨੇਹਾ: ਬੱਸ ਦਾ ਕੰਡੱਕਟਰ ਸੁਨੇਹਾ ਪਹੁੰਚਾਉਣ ਦਾ ਹੀਆ ਹੀ ਨਾ ਕਰ ਸਕਿਆ ਜੋ ਇੱਕ ਨਿੱਕੇ ਮੁੰਡੇ ਨੇ ਆਪਣੀ ਮਾਂ ਵੱਲੋਂ ਮਿਸਤਰੀ ਪਿਓ ਲਈ ਦਿੱਤਾ ਸੀ- ਕਿ ਅੱਜ ਵੀ ਆਟਾ ਉਧਾਰ ਲਿਆਂਦਾ ਹੈ। *(1958)*

ਪੰਡਿਤ ਨਹਿਰੂ ਲਈ ਵੋਟ: ਜਗੀਰਦਾਰ ਦੇ ਘਰ ਗੋਲੀਆਂ ਵਾਂਗ ਕੰਮ ਕਰਦੀ, ਉਸਦੀ ਹਵਸ ਦੀ ਸ਼ਿਕਾਰ ਸੁੰਦਰਾਂ ਨਹਿਰੂ ਨੂੰ ਖਤ ਲਿਖਦੀ ਹੈ - ਕਿਉਂ ਇਹ ਜਗੀਰਦਾਰ ਉਨ੍ਹਾਂ ਦਾ ਨੁਮਾਇੰਦਾ ਹੈ? ਮੈਂ ਤਾਂ ਸਿਰਫ਼ ਤੁਹਾਨੂੰ ਵੋਟ ਪਾਉਣੀ ਚਾਹੁੰਦੀ ਹਾਂ! *(1957)*

ਭਾਗਾਂ ਦੀ ਡੋਰ: ਦੇਹਾਤ 'ਚ ਮੱਝਾਂ ਮਰਨ 'ਤੇ ਡਾਕਟਰੀ ਮਦਦ ਲੈਣ ਦੀ ਥਾਂ ਅੰਧ-ਵਿਸ਼ਵਾਸ ਭਾਰੂ ਹੈ। *(1962)*

ਜਨਮ-ਦਿਨ ਦੀ ਸੁਗਾਤ: ਅਸਫ਼ਲ ਪ੍ਰੇਮ ਦੀ ਕਹਾਣੀ। ਇੱਕ ਸਫ਼ਲ ਰੂਸੀ ਜੋੜੇ ਨੂੰ ਵੇਖ ਵੇਖ ਨਾਇਕ ਮਹਿਬੂਬਾ ਰਹੀ ਨਾਇਕਾ ਨੂੰ ਫ਼ੋਨ ਕਰ ਕੇ ਕਹਿੰਦਾ ਹੈ ਕਿ ਤੂੰ ਮੇਰੇ ਇਸ ਨੰਬਰ 'ਤੇ ਮੈਨੂੰ ਫ਼ੋਨ ਕਰ- ਮੇਰੇ ਜਨਮ ਦਿਨ ਦੀ ਵਧਾਈ ਦੇ- ਇਹ ਮੇਰੇ ਲਈ ਸੁਗਾਤ ਹੋਏਗੀ। *(1960)*

ਹਵਾਲਦਾਰ ਸ਼ਿੰਗਾਰਾ ਸਿੰਘ: ਨਾਇਕ ਕੋਲੋਂ ਬੇਕਸੂਰ ਦਾ ਕਤਲ ਹੋ ਗਿਆ ਸੀ, ਪਛਤਾਵੇ ਕਰਕੇ ਉਹ ਨੀਮ ਪਾਗਲ ਹੋ ਗਿਆ ਹੈ - *(1959)*

ਡੰਨ: ਮੁਸਲਮਾਨ ਗਰੀਬ ਕੁੜੀ ਨੂੰ ਉਸ ਖੂਹ ਵਿੱਚੋਂ ਪਾਣੀ ਭਰਨ ਦੀ ਆਗਿਆ ਨਹੀਂ, ਬਿਮਾਰ ਮਾਂ ਲਈ ਲੈ ਆਉਂਦੀ ਹੈ। ਜ਼ਾਲਮ ਅਮੀਰ ਪਾਣੀ ਦਾ ਲਾਲਚ ਦੇ ਦੇ ਕੇ ਉਸ ਨਾਲ ਜਬਰ ਕਰਦਾ ਰਹਿੰਦਾ ਹੈ ਤੇ ਪਿਓ ਨੂੰ ਡੰਨ ਲਾਉਂਦਾ ਹੈ ਕਿ ਜੰਮੇ ਬੱਚੇ ਅਤੇ ਉਸਦੀ ਮਾਂ ਨੂੰ ਮਾਰ ਦੇਵੇ। ਪਿਓ ਧੀ ਦੀ ਜਾਨ ਬਖ਼ਸ਼ੀ ਮੰਗ ਲੈਂਦਾ ਹੈ। ਡੰਨ ਵਿਚ ਮੱਝ ਦੇਣੀ ਪੈਂਦੀ ਹੈ। *(1947)*

ਨਾਂ ਵਿਚ ਕੀ ਪਿਆ ਏ?: ਨਾਇਕ ਇਕ ਕਵੀ ਹੈ ਅਤੇ ਸ਼ਾਮ ਦੇ ਕਵੀ ਦਰਬਾਰ ਵਿਚ ਜਾਣ ਨੂੰ ਉਸਦਾ ਦਿਲ ਨਹੀਂ ਕਰ ਰਿਹਾ। ਉਹ ਨਿੰਮੋਝੂਣਾ ਹੈ ਕਿਉਂਕਿ ਕਿਸੇ ਆਲੋਚਕ ਨੇ ਉਸਦੀ ਕਵਿਤਾ ਬਾਰੇ ਇਕ ਉਸਨੂੰ ਅਣਸੁਖਾਵੀਂ ਲੱਗ ਰਹੀ ਗੱਲ ਆਖ ਦਿੱਤੀ ਹੈ। ਉਹ ਕਾਨਫ਼ਰੰਸ ਵਿਚੋਂ ਨਿਕਲਣ ਹੀ ਲੱਗਾ ਹੈ ਕਿ ਇਕ ਪ੍ਰਸੰਸਕ ਮੁਟਿਆਰ ਮਿਲਦੀ ਹੈ ਜੋ ਪ੍ਰੇਮ ਨਾਲ ਸੰਵੇਦਨਸ਼ੀਲ ਵਰਤਾਓ ਕਰਦੀ ਹੈ। ਉਸਦੀ ਸਬੱਬੀ ਆਖੀ ਇਕ ਗੱਲ ਨਾਇਕ ਦੀ ਦੁਬਿਧਾ ਦੂਰ ਕਰ ਦਿੰਦੀ ਹੈ ਕਿ- ਨਾਂ ਵਿਚ ਕੀ ਪਿਆ ਹੈ? ਉਸਨੂੰ ਆਪਣੀ ਹਉਮੈਂ ਨੂੰ ਵੱਜੀ ਸੱਟ ਨੂੰ ਸਾਂਭਣ ਦਾ ਰਾਹ ਲੱਭ ਪੈਂਦਾ ਹੈ। *(1958)*

ਮੈਨੂੰ ਮਨੁੱਖਾਂ ਵਿਚ ਸ਼ਾਮਲ ਕਰ ਲਓ: ਆੜ੍ਹਤੀ ਕਾਮਰੇਡਾਂ ਦੀ ਕਾਨਫ਼ਰੰਸ ਲਈ ਕੁਝ ਬਹੁਤਾ ਹੀ ਦਿਲ ਨਾਲ ਯੋਗਦਾਨ ਦੇ ਰਿਹਾ ਹੈ। ਅਖੀਰ ਪਤਾ ਲੱਗਦਾ ਹੈ ਕਿ ਵੰਡ ਤੋਂ ਪਹਿਲਾਂ ਉਸ ਨੇ ਇੱਕ ਸੰਘਰਸ਼ ਦੇ ਨਾਇਕ ਨੂੰ ਮਰਵਾਅ ਦਿੱਤਾ ਸੀ, ਜਿਸਦਾ ਉਸਨੂੰ ਬਹੁਤ ਅਫ਼ਸੋਸ ਅਤੇ ਗੁਨਾਹ-ਅਹਿਸਾਸ ਹੈ। *(1959)*

ਮਾਂ ਦੇ ਦਿਲ ਵਿਚ ਅਲੋਰਾ ਦਾ ਮੰਦਰ: ਦੋ ਦੋਸਤ ਕਨਾੱਟ ਪਲੇਸ ਵਿਚ ਘਾਅ 'ਤੇ ਬੈਠੇ ਹਨ ਕਿ 'ਚਨਾ ਜੋਰ ਗਰਮ' ਵੇਚਦਾ ਨਿੱਕਾ ਜਿਹਾ ਮੁੰਡਾ ਆਉਂਦਾ ਹੈ। ਕਹਿੰਦਾ ਹੈ ਕਿ ਲੈ ਲਓ ਪੁੜੀਆਂ, ਅੱਜ ਮੀਂਹ ਕਰਕੇ ਵਿਕਰੀ ਨਹੀਂ ਹੋਈ। ਪਰ ਉਹ ਵੱਧ ਪੈਸੇ ਨਹੀਂ ਲੈਣਾ ਚਾਹੁੰਦਾ, ਭਾਨ ਲਿਆ ਕੇ ਦਿੰਦਾ ਹੈ- "ਮਾਂ ਨੇ ਕਿਹਾ ਹੈ ਕਿਸੇ ਕੋਲੋਂ ਭਿੱਖਿਆ ਦੇ ਪੈਸੇ ਨਹੀਂ ਲੈਣੇ"। *(1959)*

ਸੂਰਮਾ: ਮਲੋਕ-ਮੁਜ਼ਾਹਰਿਆਂ ਵਿਚ ਫੜਾ ਫੜਾਈ ਕਰਦਾ ਇੱਕ ਹੌਲਦਾਰ ਹੁਣ ਇਸ ਲਈ ਕੈਦ ਹੈ ਕਿਉਂਕਿ ਉਸ ਨੇ ਅਜ਼ਾਦ ਹਿੰਦੋਸਤਾਨ ਵਿਚ ਸਿਪਾਹੀਆਂ ਲਈ ਵੀ ਚੰਗੇ ਹਲਾਤ ਮੰਗਣ ਦੇ ਰੋਸ ਵਿਚ ਆਗੂ ਕਿਰਦਾਰ ਨਿਭਾਇਆ ਸੀ।*(1960)*

...ਫੇਰ ਅਜਿਹੀ ਕਹਾਣੀ ਨਾ ਲਿਖਣੀ ਪਏ!: ਗੁਰੂ ਨਾਨਕ ਦੇ ਗੁਰਪੁਰਬ ਵਾਲੇ ਦਿਨ ਹਰਮੰਦਰ ਦੇ ਨੇੜੇ ਹੀ ਇੱਕ ਨੌਜਵਾਨ ਦਾ ਕਤਲ ਹੋ ਗਿਆ ਹੈ- ਫੁੱਲਾਂ ਦੀ ਹੱਟੀ ਵਾਲੀ ਬੁੱਢੀ ਦਾ ਇਕਲੌਤਾ ਪੁੱਤਰ। ਹਿੰਦੂ ਸਿੱਖ ਝਗੜ ਰਹੇ ਸਨ। ਪੰਜਾਬੀ ਸੂਬੇ ਦੀ ਗੱਲ ਸੀ। 1919 ਦੀ ਵਸਾਖੀ ਵਾਲੇ ਦਿਨ ਉਸ ਦਾ ਘਰਵਾਲਾ ਮਾਰਿਆ ਗਿਆ ਸੀ। ਲੇਖਕ ਨਹੀਂ ਸੀ ਸੋਚਿਆ ਕਿ ਉਸਨੂੰ ਅਜਿਹੀ ਕਹਾਣੀ ਫੇਰ ਲਿਖਣੀ ਪਏਗੀ। *(1956)*

ਇਕ ਕੁੜੀ ਤੇ ਕੁਝ ਬਾਲਣ: ਇੱਕ ਕੰਮੀਆਂ ਦੀ ਧੀ ਆਪਣੇ ਸਹੁਰਿਓਂ ਉਧਾਲ ਲਈ ਗਈ ਹੈ। ਤਕੜੇ ਜਿਗਰੇ ਵਾਲਾ ਪਿਓ ਰੋ ਰਿਹਾ ਹੈ ਅਤੇ ਗੱਲ ਸਮਝਣ ਲਈ ਪਿੰਡ ਦੇ ਬੁੱਧੀਜੀਵੀ ਨੂੰ ਨਾਲ ਲੈ ਕੇ ਗਿਆ ਹੈ। ਅਖੀਰ ਪਤਾ ਲੱਗਦਾ ਹੈ ਕਿ ਸਹੁਰੇ ਪਿੰਡ ਦਾ ਜਗੀਰਦਾਰ ਬਾਲਣ ਦਾ ਝੂਠਾ ਮੁਕੱਦਮਾ ਪਾ ਕੇ, ਉਸ ਕੁੜੀ ਦੇ ਸਹੁਰਿਆਂ ਤੋਂ ਕੋਈ ਗਵਾਹੀ ਪੁਆਉਣੀ ਚਾਹੁੰਦਾ ਹੈ! *(1956)*

ਤਿੰਨ ਜੀਆਂ ਦੀਆਂ ਅੱਖਾਂ: ਰਿਕਸ਼ੇ ਵਾਲਾ ਤਿੰਨ ਜੀਆਂ ਦੀਆਂ ਅੱਖਾਂ ਹੈ! ਬੁੱਢਾ ਪਿਓ, ਮਾਂ ਅੱਖਾਂ ਤੋਂ ਬਿਨਾ ਹਨ- ਤੇ ਬੁੱਢੀ ਗਾਂ ਵੀ! ਇਨ੍ਹਾਂ ਲਈ ਕਮਾਉਣ ਤੋਂ ਵੱਧ ਉਸਦਾ ਕਿਸੇ ਚੀਜ਼ ਵੱਲ ਧਿਆਨ ਨਹੀਂ ਹੈ। *(1956)*

ਇਕ ਫੁੱਲ ਇੱਕ ਫਲੂਹਾ: ਸੁਹਣਾ ਦਿਨ ਹੈ, ਨਾਇਕ ਦੀ ਜੇਬ ਵਿਚ ਉਸ ਨੂੰ ਬੇਆਰਾਮ ਕਰ ਰਹੇ ਦੋ ਪੀਲੇ ਕਾਗ਼ਜ਼ ਹਨ। ਜਿਸ ਨਾਲਜ਼ਿੰਦਗੀ ਬਿਤਾਉਣ ਦਾ ਖ਼ਾਬ ਪਾਲਿਆ ਸੀ- ਉਸਦੇ ਵਿਆਹ ਦੀ ਖ਼ਬਰ ਉਸੇ ਨੇ ਦਿੱਤੀ ਸੀ। ਅਖੇ ਹੁਣ ਓਹੋ ਜਿਹੀਆਂ ਚਿੱਠੀਆਂ ਲਿਖਣੀਆਂ ਜੋ ਸਭ ਪੜ੍ਹ ਸਕਣ... *(1960)*

ਅੰਬ, ਮੌਤ ਤੇ ਜਿਊਂਦੇ ਅੱਥਰੂ: (ਅੰਬ ਦੱਸ ਰਹੇ ਹਨ ਕਿ ਦੇਸ਼ ਦੀ ਗੁਲਾਮੀ ਹਟੀ ਹੈ, ਲੋਕ ਅਜੇ ਵੀ ਭੁੱਖੇ ਤੇ ਗਰੀਬ ਹਨ, ਗਿਟਕਾਂ ਪੀਹ ਕੇ ਖਾ ਰਹੇ ਹਨ- ਇੱਕ ਤੀਵੀਂ ਇਹ ਖਾਣ ਬਾਅਦ ਮਰ ਗਈ। ਇੱਟਾਂ ਬੋਲ ਰਹੀਆਂ ਹਨ, ਸੰਸਦ ਦੀਆਂ। ਬਹਿਸ ਹੋ ਰਹੀ ਹੈ ਕਿ ਉਹ ਤੀਵੀਂ ਕਿਸ ਤਰ੍ਹਾਂ ਮਰੀ? ਤੀਵੀਂ ਦਾ ਹੀ ਕਸੂਰ ਕੱਢਿਆ ਜਾ ਰਿਹਾ ਹੈ! *(1958)*

ਸੁਹਾਗ ਰਾਤ: ਨਵਾਂ ਵਿਆਹਿਆ ਜੋੜਾ ਇੱਕ ਦੂਜੇ ਤੋਂ ਤ੍ਰਹਿ ਰਿਹਾ ਹੈ। ਨਰ ਨੇ ਬਹੁਤ ਘਾਟਾਂ ਦਾ ਪਾਣੀ ਪੀਤਾ ਹੋਇਆ ਹੈ ਅਤੇ ਡਰਦਾ ਹੈ ਕਿ ਉਹ ਪਤਨੀ ਨੂੰ ਕੋਈ ਬਿਮਾਰੀਨਾ ਲਾ ਦਏ। ਓਧਰ, ਨਾਰ ਨਾਲ ਬਲਾਤਕਾਰ ਹੋਇਆ ਸੀ। *(1962)*

ਸੌਣ ਮਹੀਨੇ:..ਕੁੜੀ ਨੂੰ ਸੱਪ ਲੜਿਆ ਹੈ ਤੇ ਪਿੰਡਾਂ ਵਿਚ ਡਾਕਟਰ ਨਹੀਂ ਲੱਭ ਰਿਹਾ। ਭ੍ਰਿਸ਼ਟਾਚਾਰ ਕਰਕੇ ਇੱਕ ਥਾਂ ਹਸਪਤਾਲ ਦੇ ਨਾਂ ਉੱਤੇ ਜੋਰੀਂ ਲੈ ਲਈ ਗਈ ਸੀ- ਉਸ ਵਿਚ ਅੱਯਾਸ਼ੀ ਹੋ ਰਹੀ ਹੈ। *(1962*

ਤਰੱਕੀ: ਪੱਛਮੀ ਰਸੀਲੇ ਸ਼ੌਕ ਰੱਖਣ ਵਾਲਾ ਇੱਕ ਜਾਣਕਾਰ ਹੈ- ਅਤੇ ਉਸਦੀ ਪਤਨੀ- ਪਿਤਾ ਦੀ ਮੌਤ ਤੋਂ ਬਾਅਦ ਪਿਤਾ ਦੀ ਥਾਂ ਬਾਬਾ ਬਣ ਗਿਆ ਹੈ। *(1962)*

ਸਭ ਤੋਂ ਵੱਡਾ ਖ਼ਜ਼ਾਨਾ: ਸੁੰਦਰਬਨ ਵਿਚ ਲੋਕ ਖ਼ੁਸ਼ੀ ਨਾਲ ਰੰਗਾਂ ਦੇ ਤਿਓਹਾਰ ਮਨਾਉਂਦੇ ਸਨ। ਰਾਜੇ ਨੂੰ ਖ਼ਜ਼ਾਨੇ ਦਾ ਸੁਫ਼ਨਾ ਆਇਆ ਤੇ ਉਸ ਥਾਂ ਪੁਟਾਉਣੀ ਸ਼ੁਰੂ ਕੀਤੀ। ਦੂਜੇ ਰਾਜੇ ਨੂੰ ਵੀ ਓਹੋ ਸੁਫ਼ਨਾ

ਆਇਆ। ਦੋਏ ਧਿਰਾਂ ਲੜੀਆਂ-ਮਰੀਆਂ। ਦੁਖੀ ਹੋ ਕੇ, ਬਹਾਰ ਨੇ ਕੁਝ ਆਖਿਆ: "ਖ਼ਜ਼ਾਨਾ ਤੁਹਾਡੇ ਦਿਲ ਵਿਚ ਹੈ। ਇਕੇ ਨਾਲ ਰਹੋ।" (1957)

ਨਵੀਂ ਰੁੱਤ: ਅਜ਼ਾਦੀਓਂ ਬਾਅਦ ਵੀ ਲੋਕ ਸੰਘਰਸ਼ ਦੀ ਲੋੜ ਪੈ ਰਹੀ ਹੈ। ਛੋਟਾ ਕਿਸਾਨ ਸਾਥੀਆਂ ਸਣੇ ਜੇਲ੍ਹ ਵਿਚ ਹੈ, ਅੰਦਰ ਵੀ ਗੋਲੀ ਵੱਜੀ ਹੈ। ਉਸਦੇ ਸਾਥੀ ਉਸਦੀ ਵਿਹਲੀ ਪਈ ਭੂਮੀ ਨੂੰ ਰਲ਼ ਕੇ ਵਾਹੁਣ ਆਏ ਹਨ। (1949)

ਮਨੁੱਖ ਦੇ ਪਿਓ: ਬਾਲ ਮਜ਼ਦੂਰੀ ਅਤੇ ਇੱਥੋਂ ਤੱਕ ਕਿ ਦੱਲਪੁਣਾ ਕਰਦੇ ਬੱਚਿਆਂ ਦੀ ਫ਼ੌਜ ਦੀ ਫ਼ੌਜ! ਕੀ ਮਨੁੱਖ ਦੇ ਪਿਓ ਆਖ ਸਕਦੇ ਹਾਂ? (1950)

ਮਲਾਇਆ ਦੀ ਇੱਕ ਕੁੜੀ ਦੇ ਨਾਂ: ਮਲਾਇਆ ਦੇਸ਼ ਦੀ ਜਪਾਨੀਆਂ ਖ਼ਿਲਾਫ਼ ਗੁਰੀਲਾ ਲੜਾਈ। ਜਵਾਨ ਦਾ ਸਿਰ ਵੱਢ ਕੇ ਚੌਂਕ ਵਿਚ ਟੰਗਿਆ ਗਿਆ। ਪ੍ਰੇਮਕਾ ਨੂੰ ਹਰ ਸੰਘਰਸ਼ਸ਼ੀਲ ਵਿਚ ਆਪਣਾ ਪ੍ਰੇਮੀ ਦਿਸਦਾ ਹੈ। (1952)

ਪਰੀ-ਕਹਾਣੀ ਵਰਗੀ ਛੋਹ ਤੇਰੀ: ਪ੍ਰੇਮ ਦੀ ਮਾਂਦਰੀ ਛੋਹ ਮਿਲੀ ਨਾਇਕ ਨੂੰ ਅਤੇ ਆਸ ਪਾਸ ਓਹੀ ਸਮਾਜਕ ਬਰਾਬਰੀ ਲਈ ਸੰਘਰਸ਼ ਚੱਲ ਰਿਹਾ ਹੈ। ਨਾਇਕ ਸਭ ਲਈ ਪ੍ਰੇਮ ਨਾਲ ਰਹਿਣ ਥੀਣ ਦੀ ਖ਼ੁਸ਼ੀ ਚਾਹੁੰਦਾ ਹੈ। (1950)

ਜਲ੍ਹਿਆਂਵਾਲਾ ਜਾਗ ਪਿਆ: ਅਜ਼ਾਦੀਓਂ ਬਾਅਦ ਵੀ ਲੋਕ ਸੰਘਰਸ਼ ਕਰਨੇ ਪੈ ਰਹੇ ਹਨ, ਅਤੇ ਪੱਤਰਕਾਰ ਦੀ ਕਲਮ ਦੀ ਜ਼ਮੀਰ ਨਵੇਂ ਮਾਲਿਕਾਂ ਲਈ ਝੂਠ ਲਿਖਣ ਤੋਂ ਇਨਕਾਰੀ ਹੈ। (1952)

ਕਹਾਣੀਆਂ ਦੀ ਰਾਖੀ ਲਈ: ਪ੍ਰੇਮ ਕਹਾਣੀ ਲਿਖਣ ਦੀ ਕੋਸ਼ਿਸ਼ ਕਰ ਰਹੇ ਲੇਖਕ ਨੂੰ ਵਾਰ ਵਾਰ ਦੁਨੀਆ ਉੱਤੇ ਡੋਲ ਰਿਹਾ ਐਟਮ ਬੰਬ ਦਾ ਖ਼ਤਰਾ ਤੰਗ ਕਰੀ ਜਾ ਰਿਹਾ ਹੈ। (1950)

ਬ੍ਰਿਛ ਬਾਲੜੀ ਨੂੰ... ਹੜ੍ਹ ਦੀ ਮਾਰ ਵਿਚ ਇੱਕ ਬੱਚੀ ਬ੍ਰਿਛ ਉੱਤੇ ਜੰਮਣ ਨੂੰ ਮਜਬੂਰ ਮਾਂ। ਹੜ੍ਹ ਸਿਰਫ਼ ਕੁਦਰਤੀ ਨਹੀਂ, ਬੇਜ਼ਮੀਰੀ ਭ੍ਰਿਸ਼ਟ ਆਪੋਧਾਪੀ,ਅਣਗਹਿਲੀ ਕਰਕੇ ਵੀ ਹਨ। (1955)

ਮੰਗਦੇ ਹਾਂ ਰੋਟੀ ਦੇਂਦੇ ਨੇ ਗੋਲੀਆਂ...: ਭ੍ਰਿਸ਼ਟ ਹੋ ਰਹੇ ਅਜ਼ਾਦ ਦੇਸ਼ ਵਿਚ ਕੁਚ ਬਿਹਾਰ ਵਿਚ ਛੇ ਬਾਗ਼ੀ ਮਾਰ ਦਿੱਤੇ ਜਾਂਦੇ ਹਨ। ਲੇਖਕ ਲੋਕਾਂ ਤੋਂ ਲੋਕ-ਸੰਘਰਸ਼ ਮੰਗਦਾ ਹੈ। (1951)

ਜਦੋਂ ਲੋਕੀ ਸੌਂ ਜਾਂਦੇ: ਨਾਇਕ ਜਵਾਨ ਹੈ ਅਤੇ ਆਪਣੀ ਮੁਹੱਬਤ ਨੂੰ ਚੇਤੇ ਕਰਦਾ ਰਹਿੰਦਾ ਹੈ ਜੋ ਜ਼ਮਾਨੇ ਨੇ ਮਿਲਣ ਨਹੀਂ ਦੇਣੀ। ਫਿਰ ਲੋਕਾਂ ਦੇ ਮਹਾਨ ਦੁੱਖਾਂ ਅੱਗੇ ਉਸ ਨਿਜੀ ਪੀੜ ਨੂੰ ਪੀ ਜਾਣਾ ਚਾਹੁੰਦਾ ਹੈ। (1941)

ਰੇਲ ਕਾ ਪਹੀਆ ਜਾਮ ਕਰੇਂਗੇ: ਗੋਰੀ ਸਰਕਾਰ ਰੇਲ ਮਜ਼ਦੂਰਾਂ ਦੀ ਹੱਕੀ ਹੜਤਾਲ ਤੋੜਨ ਲਈ ਰੇਲ ਚਲਾਅ ਕੇ ਜਬਰ ਕਰਦੀ ਹੈ। (1946)

ਆਜ਼ਾਦੀ ਤੇ ਵਸਮਾ: ਅਜ਼ਾਦ ਦੇਸ਼ ਵਿਚ ਵੀ ਸੀਆਈਡੀ ਤੋਂ ਡਰਦੇ ਕੱਚੇ ਅਧਿਆਪਕ ਹੱਕੀ ਜਲਸੇ ਵਿਚ ਨਹੀਂ ਖਲੋਅ ਸਕਦੇ ਪਏ। (1959)

ਭੋਲੂ ਦੀ ਚਿੱਠੀ: ਬੇਜ਼ਮੀਨਾ ਹੋ ਗਏ ਸੰਘਰਸ਼ਸ਼ੀਲ ਦੇ ਬਿਮਾਰ ਪਿਓ ਨੂੰ ਦੁੱਧ ਦੀ ਲੋੜ ਹੈ। ਪੋਤਾ ਭੋਲੂ ਗਾਂਧੀ ਨੂੰ ਚਿੱਠੀ ਲਿਖਦਾ ਹੈ ਕਿ ਨਹਿਰੂ ਨੂੰ ਆਖੋ ਗਾਂ ਭੇਜ ਦੇਵੇ, ਜਿਵੇਂ ਜਪਾਨ ਦੇ ਮੁੰਡੇ ਨੂੰ ਹਾਥੀ ਭੇਜਿਆ ਹੈ। (1959)

ਅੱਜ ਅਸੀਂ ਮਿਲੇ: ਸੋਵੀਅਤ ਯੂਨੀਅਨ ਖੁੱਲ੍ਹਦਿਲੀ ਨਾਲ ਭਾਰਤ ਨੂੰ ਸਹਿਯੋਗ ਦੇ ਰਿਹਾ ਹੈ, ਖ਼ੁਰਸ਼ਚੇਵ ਭਾਖੜਾ ਨੰਗਲ ਆਇਆ ਹੈ। ਇੱਕ ਬਜ਼ੁਰਗ ਗਦਰੀ ਬਾਬਾ ਸੰਘਰਸ਼ ਦੌਰਾਨ ਸੋਵੀਅਤ ਯੂਨੀਅਨ ਵਿਚ ਬਿਤਾਏ ਮਿੱਠੇ ਦਿਨ ਚੇਤੇ ਕਰ ਰਿਹਾ ਹੈ। (1955)

ਕਵੀ ਦੀ ਮੌਤ: ਦੀਵਾਨ ਸਿੰਘ ਕਾਲੇਪਾਣੀ ਦਾ ਜਾਪਾਨੀ ਜ਼ੁਲਮ ਹੱਥੋਂ ਤਸੀਹੇ ਦੇ ਕੇ ਮਾਰਿਆ ਜਾਣਾ (1946)

ਮਨੋਵਿਗਿਆਨਕ ਜਿਹਾ ਅਸਰ: ਬਚਪਨ ਬਚਪਨ ਦਾ ਫ਼ਰਕ - ਇੱਕ ਮਾਲਿਕ ਇੱਕ ਨੌਕਰ। (1949)

ਮੂੰਹ ਲੁਕਾਈ: ਰਈਸੀ ਟਾਂਗੇ ਤੋਂ ਆਪਣਾ ਸਵਾਰੀਆਂ ਵਾਲਾ ਟਾਂਗਾ ਅੱਗੇ ਲੰਘਾਅ ਸਵਾਦ ਲੈਂਦਾ ਟਾਂਗੇਵਾਲਾ- (1942)

ਛੱਲਾਂ: ਆਦਰਸ਼ਵਾਦੀ ਲੋਕ-ਸੰਘਰਸ਼ੀ ਨੌਜਵਾਨ ਮੁੰਡਾ ਅਤੇ ਕੁੜੀ, ਪਿਆਰ ਦਾ ਭੋਲਾ ਸੁਆਦ ਮਾਣਦੇ। (1944)

ਦੇਸ ਵਾਪਸੀ: ਮਲਾਇਆ ਤੋਂ ਕਮਾਈਆਂ ਕਰ ਮੁੜ ਰਹੇ ਪੰਜਾਬੀ - ਇੱਕ ਸਿੱਖ ਇੱਕ ਮੁਸਲਮਾਨ-ਮਲਾਇਆ ਵਿਚ ਤਾਂ ਇਕੋ ਗੁਰਦਵਾਰੇ ਵਿਚ ਰਹਿੰਦੇ ਰਹੇ ਪਰ ਭਾਰਤ, ਕਲਕੱਤੇ, ਵਿਚ ਫ਼ਿਰਕੂ ਦੰਗਿਆਂ ਦਾ ਸ਼ਿਕਾਰ ਹੋ ਗਏ। (1947)

ਮੂੰਡੂ ਤੇ ਟਾਮੀ: ਪਹਾੜੀ ਮੂੰਡੂ ਨੂੰ ਛੁੱਟੀ ਲਈ ਜਾ ਰਹੇ ਮਾਲਿਕਾਂ ਨਾਲ ਆਪਣੇ ਘਰ ਜਾਣ ਦਾ ਚਾਅ ਹੈ ਪਰ ਮਾਲਿਕ ਕੁੱਤੇ ਦੀ ਦੇਖਭਾਲ ਲਈ ਛੱਡ ਜਾਂਦੇ ਹਨ। (1949)

ਨਿੱਘਾ ਭੇਤ: ਪਿਆਰ ਅੱਗੇ ਸਮਾਜਕ ਰੋਕਾਂ ਵਿੱਚ ਇੱਕ ਪਿਆਰ ਗ਼ਲਤਫ਼ਹਿਮੀ ਦਾ ਸ਼ਿਕਾਰ ਹੋ ਗਿਆ। (1949)

ਕਾਲ ਦੇ ਦਿਨਾਂ ਵਿਚ: ਗਰੀਬੀ ਅਤੇ ਭੁੱਖ ਵਿਚ ਕੁੜੀਆਂ ਨੂੰ ਤਨ ਢਕਣ ਲਈ ਕੱਪੜਾ ਵੀ ਨਹੀਂ ਲੱਭ ਰਿਹਾ। (1945)

ਚੋਰ: ਚੋਰ ਸਮਝ ਪੁਲਸ ਹਵਾਲੇ ਕੀਤਾ ਜਾ ਰਿਹਾ, ਫ਼ੌਜੀ ਅਫ਼ਸਰ ਦਾ ਸੜੇ ਟੋਸਟ ਲਈ ਝੱਲਾ ਕੀਤਾ ਪਹਾੜੀਆ ਹੈ। (1948)

ਬੇਤਾਲ: ਪਤਵੰਤੇ ਘਰ ਦੀ ਪਾਰਟੀ 'ਚ ਗਾਉਣ ਵਾਲੀ ਲਈ ਤਬਲਾ ਵਜਾਉਂਦੇ ਦਾ ਅਣਭੋਲ ਪ੍ਰੇਮ। (1941)

ਦਾਈ: ਫ਼ਿਰਕੂ ਦੰਗਿਆਂ ਵਿਚ ਜਿਸਨੂੰ ਦਾਈ ਹੱਥੋਂ ਜੰਮਣ ਵਾਲਾ, ਬਲਾਤਕਾਰੀ ਬਣਿਆ ਖੜ੍ਹਾ ਹੈ। (1948)

ਮੈਨੂੰ ਸ਼ੇਰ ਬਣਾ ਦਿਓ: ਮਾਸਟਰ ਨੇ ਨਿੱਕੇ ਬੱਚੇ ਨੂੰ ਥੱਪੜ ਮਾਰਿਆ। ਬੱਚਾ ਕਿਸੇ ਤਰ੍ਹਾਂ ਸ਼ੇਰ ਬਣ ਕੇ ਉਸ ਨੂੰ ਖਾ ਜਾਣਾ ਚਾਹੁੰਦਾ ਹੈ। (1944)

ਜਦੋਂ ਲੋਕ ਜਾਗਣਗੇ: ਮਸ਼ਹੂਰ ਮਲਮਲ ਬਨਾਉਣ ਵਾਲੇ ਕਾਰੀਗਰਾਂ ਦਾ ਕਾਰੋਬਾਰ ਚੌਪਟ ਕੀਤਾ ਗਿਆ ਹੈ ਤੇ ਉਹ ਭੁੱਖੇ ਮਰ ਰਹੇ ਹਨ। (1944)

ਅਣਜੰਮੇ ਬਾਲ ਦੇ ਨਾਂ: ਯੋਗਸਲਾਵੀਆ ਦੇ ਇੱਕ ਮਰ ਰਹੇ ਛਾਪੇਮਾਰ ਫ਼ੌਜੀ ਦੀ ਅਸਲੀ ਚਿੱਠੀ। ਚਿੱਠੀ ਕਦੇ ਨਾ ਪੁੱਜੀ, ਬਾਲ ਵੀ ਕਦੇ ਨਾ ਜੰਮਿਆ। (1945)

ਸਰਦਾਰਾਂ ਲਈ ਸਮੋਸੇ: ਘਰਾਂ ਵਿਚ ਕੰਮ ਕਰਦੀ ਅੱਲ੍ਹੜ ਦਾ ਲਿੰਗਕ ਫ਼ਾਇਦਾ ਉਠਾਇਆ ਜਾਣਾ, ਫ਼ੁਕਰਿਆਂ ਵੱਲੋਂ। ਨਿੱਕੇ ਜਿਹੇ ਭੋਲੇ ਭਰਾ ਨੂੰ ਧੋਖਾ ਦੇ ਕੇ। (1944)

ਇੱਕ ਮਿਲਣੀ: ਬੱਚਾ ਨਾ ਜੰਮ ਸਕੀ ਪਿੰਡ ਦੀ ਇੱਕ ਔਰਤ ਨੂੰ ਉਸਦੇ ਪਤੀ ਨੇ ਛੱਡ ਦਿੱਤਾ ਸੀ ਤੇ ਉਹ ਝੱਲੀ ਹੋਈ ਹੋਈ ਫਿਰਦੀ ਰਹਿੰਦੀ ਸੀ। ਨਾਇਕਾ ਦੇ ਵੀ ਬੱਚਾ ਨਹੀਂ ਠਹਿਰ ਰਿਹਾ ਅਤੇ ਉਸਨੂੰ ਤਰ੍ਹਾਂ ਤਰ੍ਹਾਂ ਦੇ ਧੁੜਕੂ ਲੱਗੇ ਹੋਏ ਹਨ। (1948)

ਬਸ਼ੀਰਾ: ਇੱਕ ਖਾਂਦੇ ਪੀਂਦੇ ਅਤੇ ਇੱਕ ਗਰੀਬ ਘਰ ਦਾ ਮੁੰਡਾ ਇਕੱਠੇ ਸਕੂਲ ਵਿਚ ਪੜ੍ਹਦੇ ਹਨ ਅਤੇ ਇੱਕ ਦੂਜੇ ਦੇ ਮਿੱਤਰ ਅਤੇ ਮਦਦਗਾਰ ਹਨ, ਸੁਫ਼ਨੇ ਬੁਣਦੇ ਹਨ। ਗਰੀਬ ਮੁੰਡਾ ਸਕੂਲ ਆਉਣੋਂ ਹਟ ਜਾਂਦਾ ਹੈ ਕਿਉਂਕਿ ਉਸਦੇ ਪਿਓ ਨੇ ਮੱਝ ਖਰੀਦ ਲਈ ਹੈ ਜਿਸਨੂੰ ਚਰਾਉਣ ਦਾ ਕੰਮ ਉਸਨੂੰ ਕਰਨਾ ਪੈਣਾ ਹੈ। (1950)

ਤੰਦੂਰ 'ਤੇ: ਬੰਗਾਲ ਵਿਚ ਅਕਾਲ ਪੈਣ ਦੇ ਦਿਨਾਂ ਵਿਚ ਓਥੇ ਭੁੱਖ ਨਾਲ ਲੋਕ ਮਰ ਰਹੇ ਹਨ। ਇੱਕ ਬੰਗਾਲੀ ਬੈਰਾ ਵੱਡੇ ਹੋਟਲ ਵਿਚ ਕੰਮ ਕਰਦਾ ਹੈ ਪਰ ਤੰਦੂਰ 'ਤੇ ਰੋਟੀ ਖਾਂਦਾ ਹੈ। ਹੋਟਲ ਆਇਆਂ ਦੀਆਂ ਗੱਲਾਂ ਬਾਤਾਂ ਵਿਚ ਕੋਈ ਪਰਵਾਹ ਨਹੀਂ। ਤੰਦੂਰ ਵਾਲਾ ਹਮਦਰਦ ਹੈ। (1943)

ਸੁਹਣੀ ਸਵੇਰ: ਆਜ਼ਾਦੀ ਦੀ ਲੜਾਈ ਬਾਰੇ - ਕਿ ਲੋਕ ਜਾਗ ਪਏ ਹਨ ਅਤੇ ਆਪਣੇ ਦੇਸ਼ ਨੂੰ ਓਹੀ ਮਹਾਨ ਦੇਸ਼ ਬਨਾਉਣ ਲਈ ਠਾਠਾਂ ਮਾਰ ਕੇ ਅੱਗੇ ਵਧ ਰਹੇ ਹਨ- ਫ਼ਿਰੰਗੀ ਨੂੰ ਦੌੜਨ ਲਈ ਮਜਬੂਰ ਕਰਦੇ। (1950)

ਪੇਸ਼ਕਸ਼- ਪਰਮ ਸਿੰਘ

ਕਵਿਤਾ

ਉਹ ਇੱਕ ਆਮ ਨਾਰ ਸੀ
ਸਾਰੇ ਉਸਨੂੰ ਨਾਰ ਰੂਪ 'ਚ ਹੀ
ਵੇਖਦੇ ਸੀ
ਕੋਈ ਉਸਨੂੰ ਸੁਹਣੀ ਕੋਈ ਸਧਾਰਨ
ਕੋਈ ਔਸਤ ਕਹਿੰਦਾ ਸੀ
ਹਰ ਕੋਈ ਉਸਨੂੰ
ਸੁਹੱਪਣ ਦੀ ਤੱਕੜੀ ਤੋਲਦਾ ਸੀ
ਮੈਂ ਰਤਾ ਹਟ ਕੇ ਵੇਖਦਾ ਸੀ
ਓਸ ਨਾਰ ਵਿਚ ਲੁਕੀ ਕਵਿਤਾ ਨੂੰ
ਜਿਸਨੂੰ ਵੇਖਣਾ ਹਰੇਕ ਲਈ
ਸੰਭਵ ਨਾ ਸੀ
ਜ਼ਰੂਰੀ ਨਹੀਂ
ਹਰ ਕੋਈ ਕਵਿਤਾ ਨੂੰ
ਸਮਝਦਾ ਹੀ ਹੋਵੇ।

ਭਰੋਸਾ

ਪਾਰਕ 'ਚ ਸਵੇਰ ਦੀ ਸੈਰ ਕਰਦਿਆਂ
ਰੁੱਖ ਤੋਂ ਇੱਕ ਪੱਤਾ ਟੁਟ ਕੇ
ਮੇਰੇ ਮੋਢੇ ਆ ਡਿੱਗਾ
ਮੈਂ ਉਸਨੂੰ
ਉਸਦੀ ਮਰਜ਼ੀ ਖ਼ਿਲਾਫ਼
ਹਟਾਉਣਾ ਮੁਨਾਸਬ ਨਾ ਸਮਝਿਆ
ਚਾਹੁੰਦਾ ਹਾਂ
ਜਦੋਂ ਤੱਕ ਇਹ ਦੁਨੀਆ ਰਹੇ
ਪੱਤੇ ਦਾ ਭਰੋਸਾ
ਬਣਿਆ ਰਹੇ ਇਨਸਾਨ ਵਿਚ।

ਜੋ ਤੁਹਾਡੇ ਕੋਲ ਹੈ

ਜੋ ਤੁਹਾਡੇ ਕੋਲ ਹੈ
ਜਿਸਦਾ ਹੋਣਾ ਤੁਹਾਡੇ ਹੋਣ ਨੂੰ
ਅਰਥ ਦਿੰਦਾ ਹੈ
ਤੁਹਾਡੀ ਜ਼ਿੰਦਗੀ ਨੂੰ ਨਵੇਂ
ਮਾਅਨੇ ਦਿੰਦਾ ਹੈ
ਉਸ ਨੂੰ ਸਾਂਭ-ਸੰਜੋਅ ਕੇ ਰੱਖੋ
ਉਸਨੂੰ ਪਿਆਰ ਕਰੋ
ਇਹ ਕੋਈ ਜ਼ਰੂਰੀ ਤਾਂ ਨਹੀਂ
ਜੋ ਅੱਜ ਹੈ ਤੁਹਾਡੇ ਕੋਲ
ਉਹ ਸਦਾ ਹੋਵੇ।

ਜਿਉਣ-ਮਰਨ

ਗੇਰੂਏ ਵਸਤਰ ਧਾਰੀ
ਚਾਰ ਵੈਰਾਗੀ
ਮਾਘ ਮਹੀਨੇ ਦੀ ਸਾਝਰ-ਸਵੇਰੇ
ਗਲੀ ਵਿਚ
ਗਾ ਰਹੇ ਭਗਤੀਭਰੇ ਗੀਤ
ਦੋ ਬਿਨ-ਨੇਤਰੇ ਦੋ ਨੇਤਰਵਾਲੇ
ਦੋ ਦੇ ਪੈਰੀਂ ਚੱਪਲ
ਦੋ ਨੰਗੇ ਪੈਰੀਂ
ਇੱਕ ਹੱਥ ਢੋਲਕੀ
ਦੂਜੇ ਹੱਥ ਮੰਜੀਰਾ
ਚਾਰੇ ਇੱਕ ਦੂਜੇ ਦੇ
ਸੁਰ ਵਿਚ ਸੁਰ ਮਿਲਾਉਂਦਿਆਂ
ਗਾ ਰਹੇ ਹਨ ਵੈਰਾਗ-ਗੀਤ
ਪਤਾ ਨਹੀਂ ਉਨ੍ਹਾਂ ਦੇ ਸੁਰ ਵਿਚ
ਕਿਹੜਾ ਦਰਦ ਸੀ?
ਅੰਦਰੀਂ ਇੱਕ ਹੂਕ-ਜਿਹੀ ਉੱਠਦੀ
ਲੱਗਦਾ ਸੁਰ ਗਲੇ 'ਚੋਂ ਨਹੀਂ
ਆਤਮਾ 'ਚੋਂ ਨਿੱਕਲ ਰਿਹਾ ਹੈ
ਸੁਨਣ ਵਾਲਾ ਗੁਆਚ ਜਾਂਦਾ
ਗੀਤ ਦੀਆਂ ਡੂੰਘਿਆਈਆਂ ਵਿਚ
ਜਦੋਂ ਉਹ ਇੱਕ ਸੁਰ ਹੋ ਗਾਉਂਦੇ-
ਪ੍ਰਭੂ ਮਿਟਾਅ ਦੇ, ਮੇਰੇ
ਜਨਮ-ਮਰਨ ਦੇ ਫੇਰੇ
ਕੋਈ ਨਹੀਂ ਮੇਰਾ ਬਿਨ ਤੇਰੇ।

ਉਦਾਸੀ

ਕਈ ਵਾਰ ਉਦਾਸੀ
ਆ ਸਾਹਮਣੇ ਖੜ੍ਹ ਜਾਂਦੀ ਹੈ
ਮੈਂ ਅੱਖ ਚੁਰਾਉਂਦਿਆਂ
ਉਸ ਨੂੰ ਅਣਡਿੱਠ ਕਰਦਾ ਹਾਂ
ਉਹ ਕੋਈ ਨਵੀਂ ਤਰਕੀਬ ਲੜਾਉਂਦੀ ਹੈ
ਕਦੇ ਮੇਰੇ ਪਿੱਛੇ ਤੇ ਕਦੇ ਬਗਲ ਵਿਚ
ਆ ਕੇ ਖੜ੍ਹ ਜਾਂਦੀ ਹੈ
ਮੈਂ ਖ਼ੁਦ ਨੂੰ ਸੰਭਾਲੀ ਰੱਖਦਾ ਹਾਂ
ਉਹ ਕਿਸੇ ਜ਼ਿੱਦੀ ਸ਼ਰਾਰਤੀ ਬਾਲ ਵਾਂਗੂੰ
ਹਾਰ ਨਾ ਮੰਨਦੀ
ਮੈਨੂੰ ਆਪਣੇ ਵੱਲ ਖਿੱਚੀ ਜਾਂਦੀ ਹੈ
ਉਦਾਸੀ ਨਿਰਾਸ ਨਹੀਂ ਹੁੰਦੀ
ਲਗਾਤਾਰ ਤੁਰੀ ਹੀ ਰਹਿੰਦੀ ਹੈ
ਮੈਂ ਉਦਾਸੀ ਤੋਂ ਬਚਣਾ ਚਾਹੁੰਦਾ ਹਾਂ
ਉਹ ਮੈਨੂੰ ਆਪਣੇ ਵੱਲ ਬੁਲਾਉਂਦੀ ਹੈ
ਮੈਂ ਜਾਣ ਬੁੱਝ ਬੇਧਿਆਨਾ ਹੁੰਦਾ ਹਾਂ
ਉਹ ਲਗਾਤਾਰ ਮੇਰੇ ਵੱਲ
ਆਸ-ਭਰੀ ਨਿਗਾਹੀਂ ਤੱਕਦੀ ਜਾਂਦੀ ਹੈ।

ਦੁੱਖ

ਹਰ ਕਿਸੇ ਦੇ
ਆਪੋ ਆਪਣੇ ਦੁੱਖ ਹਨ
ਕਿਸੇ ਦੇ ਵੱਡੇ, ਕਿਸੇ ਦੇ ਨਿੱਕੇ
ਕਿਸੇ ਦੇ ਘੱਟ, ਕਿਸੇ ਦੇ ਬਹੁਤੇ

ਕੋਈ ਕਿਸੇ ਦੂਜੇ ਦਾ ਦੁੱਖ ਨਾ ਲੈ ਸਕਦੈ
ਤੇ ਨਾ ਦੇ ਸਕਦਾ ਹੈ
ਇਨਸਾਨ ਆਪਣੇ ਦੁੱਖਾਂ ਨੂੰ
ਇਕੱਲਿਆਂ ਛੱਡ
ਕਿਸੇ ਇਕੱਲਵਾਂਝੇ ਆਸਰੇ 'ਚ ਵੀ
ਨਹੀਂ ਜਾ ਸਕਦਾ
ਦੁੱਖ ਕੱਪੜੇ 'ਤੇ ਲੱਗਾ ਕੋਈ ਦਾਗ਼ ਨਹੀਂ
ਜਿਸਨੂੰ ਰਗੜ, ਮਲ ਮਲ
ਲਾਹ ਦਿੱਤਾ ਜਾਏ
ਦੁੱਖ ਖੂੰਝੇ 'ਚ ਪਈ ਭੁਲਾਈ ਰੱਖੀ
ਚੀਜ਼ ਨਹੀਂ
ਕਿ ਕਬਾੜੀ ਦੀ ਤੱਕੜੀ ਧਰ ਦਿੱਤੀ ਜਾਏ
ਦੁੱਖ ਸ਼ਾਹੂਕਾਰੋਂ ਲਿਆ ਕਰਜ਼ਾ ਨਹੀਂ
ਕਿ ਖੇਤ-ਬੰਨਾ ਵੇਚ ਚੁਕਾਅ ਦਿੱਤਾ ਜਾਏ
ਤੇ ਦੁੱਖ ਘਰ ਦਾ ਕੋਈ ਚੂਹਾ ਵੀ ਨਹੀਂ
ਜਿਸਨੂੰ ਚੂਹੇਦਾਨੀ 'ਚ ਰੋਟੀ ਦਾ ਟੁੱਕ ਲਾ
ਕੈਦ ਕੀਤਾ ਜਾ ਸਕੇ

ਦੁੱਖ ਕਰਮਾਂ ਦੀ ਕਾਇਆ ਨਾਲ
ਚੰਬੜੀ
ਖੱਲ ਹੈ

ਦੁੱਖ ਨੀਂਦ ਵਿਚ ਵੀ ਜਾਗਦਾ ਕੋਈ
ਸੁਆਲ (ਬਿਨਾ ਹਲ) ਹੈ।

ਭੁੱਲਣਾ

ਉਸਨੂੰ ਭੁੱਲਣਾ ਚਾਹੁੰਦਾ ਹਾਂ
ਇਸ ਸੱਚਾਈ ਨੂੰ ਰੋਜ਼ ਚੇਤੇ ਕਰਦਾ
ਹਾਂ ਕਿ
ਮੈਂ ਉਸਨੂੰ ਭੁੱਲਣਾ ਹੈ।

ਜਸਵੀਰ ਤਿਆਗੀ

ਕਵੀ, ਪ੍ਰੋਫ਼ੈਸਰ,
ਦਿੱਲੀ ਯੂਨਿਵਰਸਿਟੀ

98183 89571

ਅਨੁ: ਪਰਮ ਸਿੰਘ

ਨਿੱਕਿਆਂ ਦੀ ਨੁੱਕਰ

ਭੱਜੇ ਭੱਜੇ ਆਓ ਜੀ
ਭੱਜੇ ਭੱਜੇ ਜਾਓ ਜੀ
ਲਾਲ ਗੇਂਦ ਲੱਭੇ ਨਾ
ਲੱਭ ਕੇ ਲਿਆਓ ਜੀ

ਭਾਲੂ ਰਾਜਾ ਬੋਲਿਆ
ਮੈਨੂੰ ਲੱਭ ਗਈ ਐ
ਲਾਲ ਗੇਂਦ ਅੰਬ ਦੇ
ਦ੍ਰਖ਼ਤ ਕੋਲ ਪਈ ਐ!

ਭੱਜੇ ਭੱਜੇ ਆਓ ਜੀ
ਭੱਜੇ ਭੱਜੇ ਜਾਓ ਜੀ
ਨੀਲੀ ਗੇਂਦ ਲੱਭੇ ਨਾ
ਲੱਭ ਕੇ ਲਿਆਓ ਜੀ

ਬਾਂਦਰ ਰਾਜਾ ਬੋਲਿਆ
ਮੈਨੂੰ ਲੱਭ ਗਈ ਐ
ਨੀਲੀ ਗੇਂਦ ਮੱਕੀ ਵਾਲੇ
ਖੇਤ ਕੋਲ ਪਈ ਐ!

ਭੱਜੇ ਭੱਜੇ ਆਓ ਜੀ
ਭੱਜੇ ਭੱਜੇ ਜਾਓ ਜੀ
ਪੀਲੀ ਗੇਂਦ ਲੱਭੇ ਨਾ
ਲੱਭ ਕੇ ਲਿਆਓ ਜੀ

ਮਾਨੋ ਬਿੱਲੀ ਆਖਿਆ
ਮੈਨੂੰ ਲੱਭ ਗਈ ਐ
ਪੀਲੀ ਗੇਂਦ ਇੱਥੇ
ਅਲਮਾਰੀ ਪਿੱਛੇ ਪਈ ਐ!

ਭੱਜੇ ਭੱਜੇ ਆਓ ਜੀ
ਭੱਜੇ ਭੱਜੇ ਜਾਓ ਜੀ
ਹਰੀ ਗੇਂਦ ਲੱਭੇ ਨਾ
ਲੱਭ ਕੇ ਲਿਆਓ ਜੀ

ਮੋਤੀ ਰਾਜਾ ਬੋਲਿਆ
ਮੈਨੂੰ ਲੱਭ ਗਈ ਐ
ਹਰੀ ਗੇਂਦ ਦੇਖੋ ਇੱਥੇ
ਪੌੜੀਆਂ 'ਚ ਪਈ ਐ!

ਭੱਜੇ ਭੱਜੇ ਆਓ ਜੀ
ਭੱਜੇ ਭੱਜੇ ਜਾਓ ਜੀ
ਚਿੱਟੀ ਗੇਂਦ ਲੱਭੇ ਨਾ
ਲੱਭ ਕੇ ਲਿਆਓ ਜੀ

ਮੋਰ ਰਾਜਾ ਬੋਲਿਆ
ਮੈਨੂੰ ਲੱਭ ਗਈ ਐ
ਚਿੱਟੀ ਗੇਂਦ ਨਦੀ ਦੇ
ਕਿਨਾਰੇ ਉੱਤੇ ਪਈ ਐ!

ਭੱਜੇ ਭੱਜੇ ਆਓ ਜੀ
ਭੱਜੇ ਭੱਜੇ ਜਾਓ ਜੀ
ਕਾਲੀ ਗੇਂਦ ਲੱਭੇ ਨਾ
ਲੱਭ ਕੇ ਲਿਆਓ ਜੀ

ਕਾਂ ਰਾਜਾ ਬੋਲਿਆ
ਮੈਨੂੰ ਲੱਭ ਗਈ ਐ
ਕਾਲੀ ਗੇਂਦ ਪਾਣੀ ਵਾਲੀ
ਟੂਟੀ ਕੋਲ ਪਈ ਐ!

ਭੱਜੇ ਭੱਜੇ ਆਓ ਜੀ
ਭੱਜੇ ਭੱਜੇ ਜਾਓ ਜੀ
ਸੰਤਰੀ ਤੇ ਬੈਂਗਣੀ ਵੀ
ਲੱਭ ਕੇ ਲਿਆਓ ਜੀ

ਚਿੜੀਆਂ ਨੇ ਆਖਿਆ
ਸਾਨੂੰ ਲੱਭ ਪਈਆਂ ਨੇ
ਸੰਤਰੀ ਤੇ ਬੈਂਗਣੀ
ਸੰਦੂਕ ਕੋਲ ਪਈਆਂ ਨੇ!

ਧੰਨਵਾਦੀ ਹਾਂ–
Non Stop Rhymes from SikhVille, YouTube ਦੇ

ਦਿਨ ਵਿੱਚ ਸੌ ਚੰਨ

ਇੱਕ ਦਿਨ ਸ਼ੇਰ ਰਾਜੇ ਨੂੰ ਆਪਣੇ 'ਨੌਂ ਰਤਨਾਂ' ਨੂੰ ਪਰਖਣ ਦਾ ਖ਼ਿਆਲ ਆਇਆ।

ਉਸ ਨੇ ਉਨ੍ਹਾਂ ਸਾਰਿਆਂ ਨੂੰ ਰਾਤ ਵੇਲੇ ਜੰਗਲ ਦੇ ਇੱਕ ਸਫ਼ਾ ਚੱਟ ਥਾਂ 'ਚ ਇਕੱਠੇ ਹੋਣ ਲਈ ਕਿਹਾ। ਪੁੰਨਿਆ ਦੀ ਰਾਤ ਸੀ। ਚਾਰੇ ਪਾਸੇ ਚਾਨਣ ਫੈਲਿਆ ਹੋਇਆ ਸੀ।

ਰਾਜੇ ਸ਼ੇਰ ਨੇ ਪੁੱਛਿਆ, " ਦੱਸੋ, ਇਸ ਵੇਲੇ ਸਭ ਤੋਂ ਵੱਧ ਸੋਹਣਾ ਕੀ ਹੈ?"

ਹਾਥੀ ਕਹਿਣ ਲੱਗਾ, "ਰਾਜਾ ਜੀ, ਇਸ ਵੇਲੇ ਤਾਂ ਤੁਸੀਂ ਹੀ ਸਭ ਤੋਂ ਵੱਧ ਸੋਹਣੇ ਲੱਗ ਰਹੇ ਹੋ।"

"ਓਏ ਹਾਥੀਰਾਮਾ, ਇਹ ਚਮਚਾਗਿਰੀ ਦਿਨ ਦੇ ਵੇਲੇ ਲਈ ਛੱਡ ਦੇ। ਕੋਈ ਹੋਰ ਚੀਜ਼ ਦੱਸ," ਰਾਜਾ ਬੋਲਿਆ।

ਬਘਿਆੜ ਨੇ ਕਿਹਾ, "ਇਸ ਵੇਲੇ ਤਾਂ ਸਾਡੇ ਰਾਜਾ ਜੀ ਤੁਸੀ; ਅਤੇ ਤੁਹਾਡੇ ਇਹ ਨਵਰਤਨ, ਅਸੀਂ, ਹੀ ਸਭ ਤੋਂ ਵੱਧ ਸੋਹਣੇ ਦਿਸ ਰਹੇ ਹਾਂ।"

"ਆਪਣੇ ਮੂੰਹ ਮਿਆਂ ਮਿੱਠੂ ਨਾ ਬਣਿਆ ਕਰ, ਕੋਈ ਅਕਲ ਦੀ ਗੱਲ ਕਰਿਆ ਕਰ।"

ਜਦੋਂ ਸਾਰਿਆਂ ਨੇ ਆਪਣਾ ਆਪਣਾ ਕੁਝ ਨਾ ਕੁਝ ਕਹਿ ਲਿਆ- ਤਾਂ ਨਿੱਕੇ ਖ਼ਰਗੋਸ਼ ਦੀ ਵਾਰੀ ਆਈ।

ਉਸ ਨੇ ਕਿਹਾ, "ਰਾਜਾ ਜੀ, ਇਸ ਸਮੇਂ ਤਾਂ ਚੰਨ ਹੀ ਸਭ ਤੋਂ ਵੱਧ ਸੋਹਣਾ ਲੱਗ ਰਿਹਾ ਹੈ। ਨਾ ਸਿਰਫ਼ ਉਹ, ਸਗੋਂ ਜਿੱਥੇ ਜਿੱਥੇ ਉਸਦੀਆਂ ਕਿਰਨਾਂ ਪਹੁੰਚ ਰਹੀਆਂ ਹਨ, ਉੱਥੇ ਉੱਥੇ ਸੁਹੱਪਣ ਹੀ ਸੁਹੱਪਣ ਖਿੱਲਰ ਗਿਆ ਹੈ।"

"ਵਾਹ, ਖ਼ਰਗੋਸ਼! ਤੂੰ ਤਾਂ ਮੇਰੇ ਦਿਲ ਦੀ ਗੱਲ ਕਹਿ ਦਿੱਤੀ ਹੈ। ਮੈਂ ਚਾਹੁੰਦਾ ਹਾਂ ਕਿ ਬੱਸ ਇਸ ਚੰਨ ਨੂੰ ਵੇਖੀ ਜਾਵਾਂ, ਵੇਖੀ ਜਾਵਾਂ! ਪਰ ਅਫ਼ਸੋਸ! ਥੋੜ੍ਹੀ ਦੇਰ ਬਾਅਦ ਹੀ ਮੈਨੂੰ ਨੀਂਦ ਆ ਜਾਏਗੀ। ਜੇ ਇਹ ਚੰਨ ਦਿਨ ਨੂੰ ਵੀ ਦਿਸੇ, ਤਾਂ ਮੈਂ ਇਸਨੂੰ ਸਾਰਾ ਸਾਰਾ ਦਿਨ ਵੇਖਦਾ ਰਹਾਂ। ਕੀ ਤੁਹਾਡੇ ਵਿਚੋਂ ਕੋਈ ਐਸਾ ਹੈ- ਜੋ ਦਿਨੇ ਵੀ ਚੰਨ ਵਿਖਾਅ ਸਕੇ?"

ਸ਼ੇਰ ਰਾਜੇ ਦੀ ਇਹ ਗੱਲ ਸੁਣ ਕੇ ਕੋਈ ਨਾ ਬੋਲਿਆ!

ਥੋੜ੍ਹੀ ਦੇਰ ਬਾਅਦ ਪਰ ਖ਼ਰਗੋਸ਼ ਨੇ ਕਿਹਾ, "ਦਿਨ 'ਚ ਇੱਕ ਚੰਨ ਹੀ ਕਿਉਂ, ਮੈਂ ਤੁਹਾਨੂੰ ਸੌ ਚੰਨ ਵਿਖਾਅ ਸਕਦਾ ਹਾਂ।"

ਉਸਦੀ ਇਹ ਗੱਲ ਸੁਣ ਕੇ ਸ਼ੇਰ ਸਮੇਤ ਸਾਰੇ ਹੱਸ ਪਏ।

ਸ਼ੇਰ ਬੋਲਿਆ, "ਖ਼ਰਗੋਸ਼ਾ, ਥੋੜ੍ਹੀ ਦੇਰ ਪਹਿਲਾਂ ਤੂੰ ਜਿੰਨੀ ਸਿਆਣੀ ਗੱਲ ਕੀਤੀ ਸੀ, ਹੁਣ ਤੂੰ ਓਨੀ ਹੀ ਮੂਰਖਾਨਾ ਗੱਲ ਕਰ ਰਿਹਾ ਹੈਂ। ਦਿਨ ਵਿਚ ਚੰਨ ਕਿਸ ਤਰ੍ਹਾਂ ਵਿਖਾਏਂਗਾ?"

"ਲਓ, ਜੇ ਮੈਂ ਵਿਖਾਅ ਦੇਵਾਂ?"

"ਤੈਨੂੰ ਮੂੰਹ ਮੰਗਿਆ ਇਨਾਮ ਦਿੱਤਾ ਜਾਇਗਾ।"

ਦੂਜੇ ਦਿਨ ਦੁਪਹਿਰ ਵੇਲੇ ਰਾਜਾ ਸ਼ੇਰ ਤੇ ਉਸਦੇ ਸਾਰੇ ਦਰਬਾਰੀ ਇੱਕ ਵੱਡੇ ਰੁੱਖ ਥੱਲੇ ਫੇਰ ਇਕੱਠੇ ਹੋਏ।

ਖ਼ਰਗੋਸ਼ ਅਜੇ ਆਇਆ ਨਹੀਂ ਸੀ। ਆਉਂਦਾ ਵੀ ਕਿਵੇਂ, ਉਹ ਤਾਂ ਸ਼ਰਤ ਜਿੱਤਣ ਦੀ ਤਿਆਰੀ ਕਰ ਰਿਹਾ ਸੀ!

ਮੋਰਾਂ ਨਾਲ ਗੱਲ ਕਰ ਕੇ, ਉਹ ਰੁੱਖ ਥੱਲੇ ਬੈਠੇ ਸ਼ੇਰ ਰਾਜੇ ਕੋਲ ਪਹੁੰਚਿਆ।

ਉਸ ਨੂੰ ਵੇਖਦਿਆਂ ਹੀ ਸ਼ੇਰ ਰਾਜਾ ਕਹਿੰਦਾ,

"ਹਾਂ ਬਈ ਖ਼ਰਗੋਸ਼, ਅਜੇ ਤੱਕ ਸੌ ਤਾਂ ਕੀ, ਤੂੰ ਤਾਂ ਸਾਨੂੰ ਇੱਕ ਚੰਨ ਵੀ ਨਹੀਂ ਵਿਖਾਇਆ। ਕਦੋਂ ਵਿਖਾਅ ਰਿਹਾ ਹੈਂ?"

"ਬਸ ਕੁਝ ਹੀ ਮਿੰਟਾਂ 'ਚ ਤੁਹਾਡੀ ਇਹ ਇੱਛਾ ਪੂਰੀ ਹੋ ਜਾਵੇਗੀ। ਵੇਖੋ ਉਹ ਮੋਰ ਆ ਰਹੇ ਹਨ- ਇਹ ਤੁਹਾਨੂੰ ਨਾਚ ਵਿਖਾਉਣਗੇ। ਤੁਸੀਂ ਕੁਝ ਚਿਰ ਮੋਰਾਂ ਦਾ ਨਾਚ ਵੇਖ ਕੇ ਦਿਲ ਪਰਚਾਓ। ਫਿਰ ਤੁਹਾਨੂੰ ਚੰਨ ਵਿਖਾਵਾਂਗਾ।"

ਮੋਰਾਂ ਨੇ ਆਪਣੇ ਖੰਭ ਫੈਲਾਏ ਅਤੇ ਨੱਚਣਾ ਸ਼ੁਰੂ ਕਰ ਦਿੱਤਾ। ਮੋਰ ਏਨਾ ਸੋਹਣਾ ਨੱਚੇ ਕਿ ਸ਼ੇਰ ਰਾਜਾ ਮੋਹਿਆ ਗਿਆ। ਨਾਚ ਨਾਲ ਨਿਹਾਲ ਹੋਏ ਸ਼ੇਰ ਨੂੰ ਛੇੜਦਿਆਂ ਖ਼ਰਗੋਸ਼ ਨੇ ਕਿਹਾ, "ਕਿਉਂ ਜੀ, ਮੋਰ ਕਿਹੋ ਜਿਹੇ ਲੱਗ ਰਹੇ ਹਨ?"

"ਸੋਹਣੇ, ਬਹੁਤ ਸੋਹਣੇ।"

"ਮੋਰਾਂ ਦਾ ਨਾਚ ਕਿਸ ਤਰ੍ਹਾਂ ਦਾ ਲੱਗ ਰਿਹਾ ਹੈ?"

"ਸੋਹਣਾ, ਬਹੁਤ ਸੋਹਣਾ।"

"ਮੋਰਾਂ ਦੇ ਖੰਭ ਕਿਹੋ ਜਿਹੇ ਲੱਗ ਰਹੇ ਹਨ?"

"ਸੋਹਣੇ, ਬਹੁਤ ਸੋਹਣੇ।"

"ਮੋਰਾਂ ਦੇ ਖੰਭਾਂ ਦੇ ਸਿਰਿਆਂ 'ਤੇ ਜੋ ਚੰਦੋਏ ਜਾਂ ਚੰਨ ਹਨ, ਉਹ ਕਿਹੋ ਜਿਹੇ ਲੱਗ ਰਹੇ ਹਨ?"

"ਸੋਹਣੇ, ਬਹੁਤ ਸੋਹਣੇ।"

"ਤੁਹਾਨੂੰ ਇਹੋ ਜਿਹੇ ਕਿੰਨੇ ਕੁ ਚੰਨ ਦਿਸ ਰਹੇ ਹਨ?"

"ਮੈਂ ਗਿਣੇ ਤਾਂ ਨਹੀਂ, ਪਰ ਸੌ ਤੋਂ ਵੱਧ ਚੰਨ ਤਾਂ ਦਿਸ ਹੀ ਰਹੇ ਹਨ।"

"ਬੱਸ, ਮੈਂ ਤੁਹਾਡੇ ਮੂੰਹ ਤੋਂ ਇਹੀ ਸੁਣਨਾ ਚਾਹੁੰਦਾ ਸੀ।"

ਖ਼ਰਗੋਸ਼ ਨੇ ਇਸ਼ਾਰਾ ਕੀਤਾ ਅਤੇ ਮੋਰਾਂ ਨੇ ਨੱਚਣਾ ਬੰਦ ਕਰ ਕੇ ਆਪਣੇ ਖੰਭ ਸਮੇਟ ਲਏ।

ਖ਼ਰਗੋਸ਼ ਬੋਲਿਆ, "ਰਾਜਾ ਜੀ, ਤੁਸੀਂ ਸੌ ਤੋਂ ਵੱਧ ਚੰਨ ਵੇਖ ਲਏ ਹਨ। ਮੈਂ ਸ਼ਰਤ ਜਿੱਤ ਗਿਆ ਹਾਂ।"

ਸ਼ੇਰ ਰਾਜਾ ਆਪਣੇ ਮੂੰਹੋਂ ਕਹਿ ਚੁੱਕਿਆ ਸੀ ਕਿ ਉਹ ਚੰਨ ਵੇਖ ਰਿਹਾ ਹੈ - ਸੋ ਨਾਂਹ ਨਹੀਂ ਕਰ ਸਕਿਆ।

ਸ਼ੇਰ ਨੇ ਖ਼ਰਗੋਸ਼ ਦੀ ਅਕਲ ਦਾ ਲੋਹਾ ਮੰਨਿਆ ਅਤੇ ਉਸਨੂੰ ਬਹੁਤ ਵੱਡਾ ਇਨਾਮ ਦਿੱਤਾ।

ਗੋਵਿੰਦ ਸ਼ਰਮਾ, ਰਾਜਸਥਾਨ

(ਹਿੰਦੀ ਤੋਂ ਅਨੁਵਾਦ- ਬਿਕ੍ਰਮਜੀਤ ਸਿੰਘ ਦੀ ਮਦਦ ਨਾਲ)

ਜੰਗਲ ਵਿਚ ਰੌਣਕਾਂ

ਸੰਜੀਵ ਵਰਮਾਨੀ

ਜੰਗਲ ਵਿਚ ਅਚਾਨਕ ਰੌਲਾ ਜਿਹਾ ਪਿਆ ਅਤੇ ਰੌਣਕ ਲੱਗ ਗਈ। ਪੰਛੀ ਅਤੇ ਜਾਨਵਰ ਇੱਕ ਦੂਜੇ ਵੱਲ ਵੇਖਣ ਲੱਗੇ। ਭੱਜਦਾ ਭੱਜਦਾ ਖਰਗੋਸ਼ ਆ ਕੇ ਦੱਸਣ ਲੱਗਾ ਕਿ ਅੱਜ ਮੀਤੀ ਗਾਲ੍ਹੜ ਦਾ ਜਨਮ ਦਿਨ ਹੈ- ਇਸੇ ਲਈ ਸੰਗੀਤ ਦੀਆਂ ਅਵਾਜ਼ਾਂ ਆ ਰਹੀਆਂ ਹਨ; ਸਾਰਿਆਂ ਨੂੰ ਰਾਤ ਦੇ ਪ੍ਰੋਗਰਾਮ ਲਈ ਸੱਦਿਆ ਗਿਆ ਹੈ।

ਸਾਰੇ ਖੁਸ਼ ਸਨ ਕਿ ਰਾਤ ਨੂੰ ਨੱਚਾਂਗੇ ਅਤੇ ਖਾਵਾਂਗੇ-ਪੀਆਂਗੇ। ਸ਼ਾਮ ਹੋਈ ਤਾਂ ਸਭ ਇਹ ਵੇਖ ਕੇ ਖ਼ੁਸ਼ ਸਨ ਕਿ ਇੱਕ ਖੁੱਲ੍ਹੇ ਮੈਦਾਨ ਵਿੱਚ ਇੱਕ ਵੱਡੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਹੈ। ਖਾਣ-ਪੀਣ ਲਈ ਭਾਂਤ-ਭਾਂਤ ਦੀਆਂ ਸੁਆਦਲੀਆਂ ਚੀਜ਼ਾਂ ਅਤੇ ਪਕਵਾਨ ਸਜਾਏ ਗਏ ਸਨ। ਕੇਕ ਕੱਟਿਆ ਗਿਆ। ਸਭ ਨੇ ਮੀਤੀ ਗਾਲ੍ਹੜ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਫਿਰ ਖਾਣ ਪੀਣ ਲੱਗੇ। ਕਈ ਪੰਛੀ ਅਤੇ ਜਾਨਵਰ ਭੋਜਨ ਖਾ ਕੇ ਖ਼ੁਸ਼ੀ ਨਾਲ਼ ਨੱਚਣ ਲੱਗੇ ਅਤੇ ਕਈ ਛੇਤੀ ਹੀ ਆਪਣੇ-ਆਪਣੇ ਘਰਾਂ ਨੂੰ ਮੁੜ ਗਏ। ਰਾਤ ਕਾਫ਼ੀ ਬੀਤ ਗਈ ਸੀ। ਪਰ ਭੀਰੂ ਹਿਰਨ ਅਜੇ ਵੀ ਕੁਝ ਨਾ ਕੁਝ ਖਾ ਈ ਜਾ ਰਿਹਾ ਸੀ। ਸਾਰੇ ਜੰਗਲ ਦੇ ਜਾਨਵਰ ਅਤੇ ਪੰਛੀ ਜਾਣਦੇ ਸਨ ਕਿ ਉਹ, ਮੁਫ਼ਤ ਦਾ ਭੋਜਨ ਵੇਖ ਕੇ, ਲਾਲਚ-ਵੱਸ, ਲੋੜ ਅਤੇ ਭੁੱਖ ਤੋਂ ਜ਼ਿਆਦਾ ਭੋਜਨ ਖਾ ਲੈਂਦਾ ਹੈ। ਅੱਜ ਵੀ ਇਹੋ ਕੁਝ ਹੋਇਆ। ਭੀਰੂ ਹਿਰਨ ਸੁਆਦਲੀ ਆਇਸ ਕਰੀਮ ਖਾ ਰਿਹਾ ਸੀ। ਕੋਈ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਤਾਂ ਉਹ ਝੱਟ ਲੜਨ ਲੱਗ ਜਾਂਦਾ। ਸਾਰਿਆਂ ਦਾ ਧਿਆਨ ਅੱਜ ਭੀਰੂ ਹਿਰਨ ਵੱਲ ਹੀ ਸੀ।

ਉਹ ਕਦੇ ਫ਼ਾਸਟ-ਫੂਡ ਖਾ ਰਿਹਾ ਸੀ ਅਤੇ ਕਦੇ ਵਾਰ-ਵਾਰ ਆਇਸ ਕਰੀਮ। ਕੁਝ ਸਮੇਂ ਬਾਅਦ ਉਹ ਪਰੇਸ਼ਾਨ ਜਿਹਾ ਦਿਸਿਆ। ਜਦੋਂ ਕਾਲ਼ੇ ਲੰਗੂਰ ਨੇ ਉਸਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਸਦੇ ਪੇਟ ਵਿਚ ਤੇਜ਼ ਦਰਦ ਹੋ ਰਿਹਾ ਹੈ। ਫੇਰ ਉਹ ਛੇਤੀ ਹੀ ਆਪਣੇ ਘਰ ਚਲਾ ਗਿਆ। ਉਸਦੀ ਸਿਹਤ ਕਈ ਦਿਨ ਤੱਕ ਖਰਾਬ ਰਹੀ। ਉਸਦਾ ਹਾਲ ਚਾਲ ਪੁੱਛਣ ਪਹੁੰਚੀ ਗੁਟਾਰ ਨੇ ਜਦੋਂ ਉਸਨੂੰ ਸਮਝਾਇਆ, ਤਾਂ ਉਹ ਮੰਨ ਗਿਆ ਕਿ ਹਾਂ, ਮੈਂ ਹੀ ਗਲਤੀ ਕੀਤੀ ਹੈ ਅਤੇ ਹੁਣ ਮੈਂ ਕਦੇ ਵੀ ਲਾਲਚ ਕਰ ਕੇ ਵੱਧ ਭੋਜਨ ਨਹੀਂ ਖਾਇਆ ਕਰਾਂਗਾ।

9478561356

ਚੜ੍ਹਦੀ ਜਵਾਨੀ ਨੂੰ ਸੰਭਾਲੋ ਮਿੱਤਰੋ

ਚੜ੍ਹਦੀ ਜਵਾਨੀ ਨੂੰ
ਸੰਭਾਲੋ ਮਿੱਤਰੋ
ਖੇਡਾਂ ਨਾਲ ਪਿਆਰ ਨੂੰ
ਵਧਾਵੋ ਮਿੱਤਰੋ
ਪੜ੍ਹ ਲਿਖ ਉੱਚੇ
ਬਣ ਜਾਓ ਮਿੱਤਰੋ
ਸੋਹਣੀ ਜਿਹੀ ਸਕੀਮ
ਬਣਾਓ ਮਿੱਤਰੋ
ਸੋਨ-ਮੈਡਲ ਜਿੱਤ
ਜਿੱਤ ਲਿਆਓ ਮਿੱਤਰੋ
ਪਿੰਡ ਪਿੰਡ ਖੁਸ਼ੀਆਂ
ਮਨਾਓ ਮਿੱਤਰੋ
ਪੁੰਗਰਦੀ ਪਨੀਰੀ ਨੂੰ
ਜਗਾਓ ਮਿੱਤਰੋ
ਸਮਾਹਜ ਵਿਚ
ਜਾਗ੍ਰਤੀ ਲਿਆਓ ਮਿੱਤਰੋ
ਪੰਜਾਬ ਨੂੰ ਬੁਲੰਦੀ
'ਤੇ ਪਹੁੰਚਾਓ ਮਿੱਤਰੋ
ਸ਼ਾਨ ਬਾਨ ਹਿੰਦ ਦੀ
ਵਧਾਓ ਮਿੱਤਰੋ
ਗੀਤ ਦੇਸ਼ ਪ੍ਰੇਮ ਦੇ
ਗਾਓ ਮਿੱਤਰੋ
ਸੁਰਾਜ ਦਿਵਸ 'ਤੇ
ਜਸ਼ਨ ਮਨਾਓ ਮਿੱਤਰੋ
ਤਿਰੰਗੇ ਝੰਡੇ ਨੂੰ ਸੀਸ
ਝੁਕਾਓ ਮਿੱਤਰੋ
ਕੌਮੀ ਏਕੇ ਦਾ ਪੈਗ਼ਾਮ
ਫੈਲਾਓ ਮਿੱਤਰੋ
ਚੜ੍ਹਦੀ ਜਵਾਨੀ ਨੂੰ
ਸੰਭਾਲੋ ਮਿੱਤਰੋ।

ਇਕਬਾਲ ਸਿੰਘ ਸਰੋਆ
9914022101

ਖ਼ਾਲੀ ਬੋਤਲ ਭਰਿਆ ਦਿਲ / ਕ੍ਰਿਸ਼ਨ ਚੰਦਰ

ਮੰਟੋ ਦੇ ਟੁਰ ਜਾਣ ਦੀ ਖ਼ਬਰ ਸੁਣ ਕ੍ਰਿਸ਼ਨ ਚੰਦਰ ਵੱਲੋਂ ਲਿਖਿਆ ਮਸ਼ਹੂਰ ਸ਼ਬਦ ਚਿੱਤਰ।



ਨਵੰਬਰ 1914–ਮਾਰਚ 1977

ਪੰਜਾਬੀਆਂ ਨੂੰ ਹੋਰ ਵਧੇਰੇ ਜਾਨਣਾ ਚਾਹੀਦਾ ਹੈ ਵਜ਼ੀਰਾਬਾਦ, ਪੰਜਾਬ, ਦੇ ਇੱਕ ਪਰਿਵਾਰ ਵਿਚ, ਰਾਜਸਥਾਨ ਜੰਮੇ, ਫਿਰ ਪੁਣਛ ਰਹੇ, ਅਤੇ ਅਖੀਰ ਤੱਕ ਬੰਬਈ ਰਹੇ ਉਰਦੂ ਦੇ ਚੋਟੀ ਦੇ ਲੇਖਕ ਕ੍ਰਿਸ਼ਨ ਚੰਦਰ ਨੂੰ – ਸੰ.)

ਇਕ ਅਨੋਖੀ ਘਟਨਾ ਵਾਪਰੀ ਹੈ– ਮੰਟੋ ਮਰ ਗਿਆ ਹੈ। ਉਂਝ ਤਾਂ ਉਹ ਇਕ ਅਰਸੇ ਦਾ ਮਰ ਰਿਹਾ ਸੀ– ਕਦੇ ਸੁਣਿਆ, ਉਹ ਪਾਗਲਖਾਨੇ ਵਿਚ ਹੈ; ਕਦੇ ਸੁਣਿਆ, ਉਹ ਵਧੇਰੇ ਸ਼ਰਾਬ ਪੀ ਜਾਣ ਕਾਰਨ ਹਸਪਤਾਲ ਵਿਚ ਪਿਆ ਹੈ; ਕਦੇ ਸੁਣਿਆ, ਉਸਦੇ ਯਾਰ–ਮਿੱਤਰ ਵੀ ਉਸਦਾ ਸਾਥ ਛੱਡ ਗਏ ਹਨ; ਕਦੇ ਸੁਣਿਆ, ਉਹ ਤੇ ਉਸਦੇ ਬੀਵੀ–ਬੱਚੇ ਭੁੱਖਾਂ ਕੱਟ ਰਹੇ ਹਨ। ਬਹੁਤ ਸਾਰੀਆਂ ਗੱਲਾਂ ਸੁਣੀਆਂ; ਹਮੇਸ਼ਾ ਮਾੜੀਆਂ ਗੱਲਾਂ ਸੁਣੀਆਂ, ਹਮੇਸ਼ਾ ਬੁਰੀਆਂ ਲੱਗੀਆਂ...ਪਰ ਵਿਸ਼ਵਾਸ ਨਹੀਂ ਆਇਆ; ਕਿਉਂਕਿ ਉਦੋਂ ਵੀ ਉਸਦੀਆਂ ਕਹਾਣੀਆਂ ਲਗਾਤਾਰ ਛਪ ਰਹੀਆਂ ਸਨ। ਚੰਗੀਆਂ ਕਹਾਣੀਆਂ ਵੀ ਅਤੇ 'ਮਾੜੀਆਂ' ਕਹਾਣੀਆਂ ਵੀ। ਜਿਨ੍ਹਾਂ ਨੂੰ ਪੜ੍ਹ ਕੇ ਮੰਟੋ ਦਾ ਮੂੰਹ ਵਲੂੰਧਰ ਦੇਣ ਨੂੰ ਦਿਲ ਕਰਦਾ ਸੀ ਅਤੇ ਅਜਿਹੀਆਂ ਕਹਾਣੀਆਂ ਵੀ ਜਿਨ੍ਹਾਂ ਨੂੰ ਪੜ੍ਹ ਕੇ ਉਸਦਾ ਮੂੰਹ ਚੁੰਮ ਲੈਣ ਨੂੰ ਜੀਅ ਕਰਦਾ ਸੀ। ਇਹ ਕਹਾਣੀਆਂ ਮੰਟੋ ਦੇ ਠੀਕ–ਠਾਕ ਹੋਣ ਦਾ ਸਬੂਤ ਸਨ। ਮੈਂ ਸਮਝਦਾ ਸਾਂ, ਉਸਦੀਆਂ ਕਹਾਣੀਆਂ ਛਪ ਰਹੀਆਂ ਹਨ। ਸੋ ਮੰਟੋ ਖੁਸ਼ ਹੈ। ਕੀ ਹੋਇਆ ਜੇ ਉਹ ਸ਼ਰਾਬ ਪੀ ਰਿਹਾ ਹੈ? ਕੀ ਸ਼ਰਾਬ ਪੀਣਾ ਸਿਰਫ਼ ਵੱਡੇ ਲੇਖਕਾਂ ਤੱਕ ਹੀ ਸੀਮਤ ਹੈ? ਕੀ ਹੋਇਆ ਜੇ ਉਹ ਭੁੱਖਾਂ ਕੱਟ ਰਿਹਾ ਹੈ? ਇਸ ਛੋਟੇ ਮਹਾਂਦੀਪ ਦੀ ਤਿੰਨ ਚੌਥਾਈ ਅਬਾਦੀ ਨੇ ਹਮੇਸ਼ਾ ਹੀ ਭੁੱਖਾਂ ਕੱਟੀਆਂ ਹਨ। ਕੀ ਹੋਇਆ ਜੇ ਉਹ ਪਾਗਲਖਾਨੇ ਚਲਾ ਗਿਆ? ਇਸ ਪਾਗਲ ਅਤੇ ਮਜਨੂੰ ਸਮਾਜ ਵਿਚ ਮੰਟੋ ਵਰਗੇ ਹੋਸ਼ਮੰਦ ਬੰਦੇ ਦਾ ਪਾਗਲਖਾਨੇ ਪਹੁੰਚ ਜਾਣਾ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ, ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਉਹ ਅੱਜ ਤੋਂ ਬੜਾ ਚਿਰ ਪਹਿਲਾਂ ਪਾਗਲਖਾਨੇ ਕਿਉਂ ਨਹੀਂ ਸੀ ਪਹੁੰਚ ਗਿਆ? ਮੈਨੂੰ ਇਨ੍ਹਾਂ ਸਾਰੀਆਂ ਗੱਲਾਂ ਦੀ ਨਾ ਤਾਂ ਕੋਈ ਹੈਰਾਨੀ ਹੋਈ, ਨਾ ਅਚੰਭਾ। ਮੰਟੋ ਕਹਾਣੀਆਂ ਲਿਖ ਰਿਹਾ ਹੈ–ਮੰਟੋ ਠੀਕ–ਠਾਕ ਹੈ–ਰੱਬ ਉਸਦੀ ਕਲਮ ਵਿਚ ਹੋਰ ਜ਼ਹਿਰ ਭਰੇ।

ਪਰ ਅੱਜ ਜਦੋਂ ਰੇਡੀਓ ਪਾਕਿਸਤਾਨ ਨੇ ਇਹ ਖ਼ਬਰ ਸੁਣਾਈ, ਕਿ 'ਮੰਟੋ ਧੜਕਨ ਬੰਦ ਹੋ ਜਾਣ ਕਰਕੇ ਚੱਲ ਵੱਸਿਆ' ਤਾਂ ਦਿਲ ਅਤੇ ਦਿਮਾਗ ਚਲਦੇ–ਚਲਦੇ ਛਿਣ ਕੁ ਲਈ ਰੁਕ ਗਏ। ਦੂਜੇ ਛਿਣ ਵਿਸ਼ਵਾਸ ਹੀ ਨਹੀਂ ਹੋਇਆ। ਦਿਲ ਅਤੇ ਦਿਮਾਗ, ਦੋਵ੍ਹਾਂ, ਇਹ ਮੰਨਿਆਂ ਹੀ ਨਹੀਂ ਕਿ ਇੰਝ ਵੀ ਹੋ ਸਕਦਾ ਹੈ– ਛਿਣ ਭਰ ਲਈ ਮੰਟੋ ਦਾ ਚਿਹਰਾ ਮੇਰੀਆਂ ਨਜ਼ਰਾਂ ਸਾਹਵੇਂ ਅਟਕ ਗਿਆ। ਉਸਦਾ ਦਗ਼–ਦਗ਼ ਕਰਦਾ ਚੌੜਾ ਮੱਥਾ, ਗੱਲ–ਗੱਲ 'ਤੇ ਉਸਦੀ ਤਿੱਖੀ ਮੁਸਕਰਾਹਟ ਅਤੇ ਲਾਂਬੂ ਵਾਂਗ ਲਟ–ਲਟ ਬਲਦਾ ਉਸਦਾ ਦਿਲ– ਕੀ ਕਦੀ ਬੁਝ ਸਕਦਾ ਹੈ? ਪਰ ਦੂਜੇ ਛਿਣ ਵਿਸ਼ਵਾਸ ਕਰਨਾ ਪਿਆ– ਰੇਡੀਓ ਉੱਤੇ ਪੱਤਰਕਾਰਾਂ ਨੇ ਰਲ ਕੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਸੀ ਕਿ ਮੰਟੋ ਮਰ ਗਿਆ ਹੈ। ਅੱਜ ਤੋਂ ਬਾਅਦ ਉਹ ਨਵੀਆਂ ਕਹਾਣੀਆਂ ਨਹੀਂ ਲਿਖੇਗਾ। ਅੱਜ ਤੋਂ ਪਿੱਛੋਂ ਉਸਦੀ ਰਾਜ਼ੀ–ਖੁਸ਼ੀ ਦਾ ਕੋਈ ਖ਼ਤ ਨਹੀਂ ਆਵੇਗਾ!

ਅੱਜ ਸਰਦੀ ਬੜੀ ਹੈ ਅਤੇ ਅਸਮਾਨ 'ਤੇ ਹਲਕੇ ਹਲਕੇ ਬੱਦਲ ਛਾਏ ਹੋਏ ਹਨ ਪਰ ਇਸ ਵਾਤਾਵਰਨ ਵਿਚ ਮੀਂਹ ਦੀ ਇਕ ਬੂੰਦ ਵੀ ਨਹੀਂ। ਮੇਰੀ ਅੱਖ ਵਿਚ ਵੀ ਹੰਝੂਆਂ ਦਾ ਇਕ ਕਤਰਾ ਤਕ ਨਹੀਂ। ਮੰਟੋ ਨੂੰ ਰੋਣ–ਰੁਆਉਣ ਤੋਂ ਬੜੀ ਨਫ਼ਰਤ ਸੀ। ਅੱਜ ਮੈਂ ਉਸਦੀ ਯਾਦ ਵਿਚ ਹੰਝੂ ਵਹਾਅ ਕੇ ਉਸਨੂੰ ਪਰੇਸ਼ਾਨ ਨਹੀਂ ਕਰਾਂਗਾ। ਚੁੱਪਚਾਪ ਮੈਂ ਆਪਣਾ ਕੋਟ ਪਹਿਨ ਲੈਂਦਾ ਹਾਂ ਅਤੇ ਘਰੋਂ ਬਾਹਰ ਨਿਕਲ ਜਾਂਦਾ ਹਾਂ।

ਬੜਾ ਅਦਭੁਤ ਸੰਜੋਗ ਹੈ ਕਿ ਜਿਸ ਦਿਨ ਮੰਟੋ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ, ਉਸ ਦਿਨ ਮੈਂ ਦਿੱਲੀ ਵਿਚ ਸਾਂ। ਜਿਸ ਦਿਨ ਉਹ ਮਰਿਆ ਹੈ, ਉਸ ਦਿਨ ਵੀ ਮੈਂ ਇੱਥੇ ਮੌਜੂਦ ਹਾਂ। ਉਸੇ ਘਰ ਵਿਚ ਹਾਂ ਜਿਸ ਵਿਚ ਅੱਜ ਤੋਂ ਚੌਦਾਂ ਵਰ੍ਹੇ ਪਹਿਲਾਂ ਉਹ ਮੇਰੇ ਨਾਲ ਪੰਦਰਾਂ ਦਿਨ ਰਿਹਾ ਸੀ। ਘਰ ਦੇ ਬਾਹਰ ਉਹੀ ਬਿਜਲੀ ਦਾ ਖੰਭਾ ਹੈ, ਜਿਸ ਹੇਠ ਅਸੀਂ ਪਹਿਲੀ ਵੇਰ ਗਲੇ ਮਿਲੇ ਸਾਂ। ਇਹ ਉਹੀ ਅੰਡਰ ਹਿੱਲ ਰੋਡ ਹੈ, ਜਿੱਥੇ ਆਲ ਇੰਡੀਆ ਰੇਡੀਓ ਦਾ ਪੁਰਾਣਾ ਦਫ਼ਤਰ ਸੀ, ਜਿੱਥੇ ਅਸੀਂ ਦੋਵੇਂ ਕੰਮ ਕਰਦੇ ਹੁੰਦੇ ਸੀ। ਇਹ ਮੇਡੇਨ ਹੋਟਲ ਦਾ ਬਾਰ ਹੈ। ਇਹ ਮੋਰੀ ਗੇਟ ਦੇ ਪ੍ਰਧਾਨ ਦਾ ਘਰ ਹੈ। ਇਹ ਜਾਮਾ ਮਸਜਿਦ ਦੀਆਂ ਪੌੜੀਆਂ ਹਨ; ਜਿਨ੍ਹਾਂ ਉੱਤੇ ਬੈਠ ਕੇ ਅਸੀਂ ਕਬਾਬ ਖਾਂਦੇ ਹੁੰਦੇ ਸਾਂ। ਇਹ ਉਰਦੂ ਬਜ਼ਾਰ ਹੈ। ਸਭ ਕੁਝ ਉਹੀ ਹੈ; ਓਵੇਂ ਦਾ ਓਵੇਂ। ਹਰ ਜਗ੍ਹਾ ਓਸੇ ਤਰ੍ਹਾਂ ਕੰਮਕਾਜ ਹੋ ਰਹੇ ਹਨ। ਆਲ ਇੰਡੀਆ ਰੇਡੀਓ ਵੀ ਖੁੱਲ੍ਹਾ ਹੈ, ਮੇਡੇਨ ਹੋਟਲ ਦਾ ਬਾਰ ਵੀ ਅਤੇ ਉਰਦੂ ਬਜ਼ਾਰ ਵੀ; ਕਿਉਂਕਿ ਮੰਟੋ ਇਕ ਮਾਮੂਲੀ ਆਦਮੀ ਸੀ। ਉਹ ਇਕ ਗਰੀਬ ਕਹਾਣੀਕਾਰ ਸੀ। ਉਹ ਕੋਈ ਮੰਤਰੀ ਨਹੀਂ ਸੀ, ਜਿਹੜਾ ਉਸਦੀ ਸ਼ਾਨ ਵਿਚ ਝੰਡੇ ਝੁਕ ਜਾਂਦੇ। ਉਹ ਕੋਈ ਸੱਟੇਬਾਜ਼ ਜਾਂ ਬਲੈਕ ਮਾਰਕਿਟੀਅਰ ਵੀ ਨਹੀਂ ਸੀ, ਜਿਸ ਲਈ ਕੋਈ ਬਜ਼ਾਰ ਬੰਦ ਹੁੰਦਾ। ਉਹ ਕੋਈ ਫ਼ਿਲਮੀ ਹੀਰੋ ਵੀ ਨਹੀਂ ਸੀ, ਜਿਸ ਲਈ ਸਕੂਲ ਅਤੇ ਕਾਲਜ ਬੰਦ ਹੋ ਜਾਂਦੇ। ਉਹ ਇਕ ਗਰੀਬ ਸਤਾਈ ਹੋਈ ਭਾਸ਼ਾ ਦਾ, ਗਰੀਬ ਅਤੇ ਸਤਾਇਆ ਹੋਇਆ ਲੇਖਕ ਸੀ। ਉਹ ਮੋਚੀਆਂ, ਵੇਸਵਾਵਾਂ ਅਤੇ ਤਾਂਗੇ ਵਾਲਿਆਂ ਦਾ ਪਿਆਰਾ ਲੇਖਕ ਸੀ। ਅਜਿਹੇ ਲੇਖਕ ਲਈ ਕੌਣ ਰੋਏਗਾ...? ਕੌਣ ਆਪਣਾ ਕਾਰੋਬਾਰ ਬੰਦ ਕਰੇਗਾ...? ਇਸ ਲਈ ਆਲ ਇੰਡੀਆ ਰੇਡੀਓ ਖੁੱਲ੍ਹਾ ਹੈ; ਜਿਸ ਨੇ ਸੈਂਕੜੇ ਵਾਰੀ ਉਸ ਦੀਆਂ ਕਹਾਣੀਆਂ

ਖ਼ਾਲੀ ਬੋਤਲ ਭਰਿਆ ਦਿਲ

ਦੇ ਅਵਾਜ਼-ਨਾਟਕ ਬਰਾਡਕਾਸਟ ਕੀਤੇ ਹਨ। ਉਰਦੂ ਬਜ਼ਾਰ ਵੀ ਖੁੱਲ੍ਹਾ ਹੈ; ਜਿਸਨੇ ਉਸਦੀਆਂ ਹਜ਼ਾਰਾਂ ਕਿਤਾਬਾਂ ਵੇਚੀਆਂ ਹਨ ਅਤੇ ਅੱਜ ਵੀ ਵੇਚ ਰਹੇ ਹੋਣਗੇ। ਅੱਜ ਮੈਂ ਉਨ੍ਹਾਂ ਲੇਖਕਾਂ ਨੂੰ ਵੀ ਠਹਾਕੇ ਲਾ ਕੇ ਹੱਸਦੇ ਵੇਖ ਰਿਹਾ ਹਾਂ, ਜਿਨ੍ਹਾਂ ਮੰਟੋ ਤੋਂ ਹਜ਼ਾਰਾਂ ਰੁਪਏ ਦੀ ਸ਼ਰਾਬ ਪੀਤੀ ਹੈ। ਮੰਟੋ ਮਰ ਗਿਆ ਤਾਂ ਕੀ ਹੋਇਆ? ਵਪਾਰ ਵਪਾਰ ਹੈ! ਇਕ ਪਲ ਲਈ ਵੀ ਕੰਮ ਨਹੀਂ ਰੁਕਣਾ ਚਾਹੀਦਾ...ਜਿਸਨੇ ਸਾਨੂੰ ਸਾਰੀ ਜ਼ਿੰਦਗੀ ਦੇ ਦਿੱਤੀ, ਉਸਨੂੰ ਅਸੀਂ ਆਪਣਾ ਇਕ ਛਿਣ ਵੀ ਨਹੀਂ ਦੇ ਸਕਦੇ। ਸਿਰ ਝੁਕਾਅ ਕੇ ਆਪਣੇ ਦਿਲਾਂ ਵਿਚ ਇਕ ਛਿਣ ਲਈ ਵੀ ਉਸਦੀ ਯਾਦ ਤਾਜ਼ਾ ਨਹੀਂ ਕਰ ਸਕਦੇ। ਸ਼ੁਕਰਾਨੇ ਦੇ ਨਾਲ, ਖੁਸ਼ਾਮਦ ਦੇ ਨਾਲ, ਹਮਦਰਦੀ ਦੇ ਨਾਲ ਉਸਦੀ ਤੜਫਦੀ ਹੋਈ ਆਤਮਾ ਲਈ ਜਿਸਨੇ ਹੱਤਕ, ਨਯਾ ਕਾਨੂੰਨ, ਖੋਲ ਦੋ, ਟੋਭਾ ਟੇਕ ਸਿੰਘ ਜਿਹੀਆਂ ਦਰਜਨਾਂ ਬੇਮਿਸਾਲ ਅਤੇ ਅਮਰ ਕਹਾਣੀਆਂ ਲਿਖੀਆਂ ਹਨ। ਜਿਸ ਨੇ ਸਮਾਜ ਦੀਆਂ ਅੰਦਰਲੀਆਂ ਤੈਹਾਂ ਵਿਚ ਵੜ ਕੇ ਪਿਸੇ ਹੋਏ, ਕੁਚਲੇ ਹੋਏ, ਸਮਾਜ ਦੀਆਂ ਠੋਕਰਾਂ ਨਾਲ ਵਿਗੜੇ ਹੋਏ ਪਾਤਰਾਂ ਨੂੰ ਆਪਣੀ ਕਲਮਕਾਰੀ ਨਾਲ ਇੱਜ਼ਤ ਮਾਣ ਦਿੱਤਾ ਹੈ। ਜਿਹੜਾ ਅਸਲੀਅਤ ਅਤੇ ਕਲਾਤਮਕਤਾ ਲਈ ਗੋਰਕੀ ਦੇ 'ਲੋਅਰ ਡੈਪਥਸ' ਦੇ ਪਾਤਰਾਂ ਦੀ ਯਾਦ ਦੁਆਂਦਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਉਨ੍ਹਾਂ ਲੋਕਾਂ ਨੇ ਗੋਰਕੀ ਲਈ ਅਜਾਇਬ ਘਰ ਬਣਵਾਏ, ਬੁੱਤ ਬਣਵਾਏ, ਸ਼ਹਿਰ ਬਣਵਾਏ ਅਤੇ ਅਸੀਂ ਮੰਟੋ ਉਪਰ ਮੁਕੱਦਮੇ ਚਲਾਏ, ਉਸਨੂੰ ਭੁੱਖਾ ਮਾਰਿਆ, ਉਸਨੂੰ ਪਾਗਲਖਾਨੇ ਪਹੁੰਚਾਇਆ, ਉਸਨੂੰ ਹਸਪਤਾਲਾਂ ਵਿਚ ਸਾੜਿਆ ਅਤੇ ਅਖ਼ੀਰ ਵਿਚ ਉਸਨੂੰ ਇੱਥੋਂ ਤਕ ਮਜਬੂਰ ਕਰ ਦਿੱਤਾ ਕਿ ਉਹ ਕਿਸੇ ਇਨਸਾਨ ਨੂੰ ਨਹੀਂ, ਸ਼ਰਾਬ ਦੀ ਬੋਤਲ ਨੂੰ ਆਪਣਾ ਦੋਸਤ ਸਮਝਣ ’ਤੇ ਮਜਬੂਰ ਹੋ ਜਾਵੇ।

ਇਹ ਕੋਈ ਨਵੀਂ ਗੱਲ ਨਹੀਂ। ਅਸੀਂ ਗ਼ਾਲਿਬ ਨਾਲ ਵੀ ਇਓਂ ਕੀਤਾ ਸੀ। ਪ੍ਰੇਮ ਚੰਦ ਨਾਲ ਇਹੋ ਕੀਤਾ ਸੀ। ਹਸਰਤ ਨਾਲ ਇੰਝ ਹੀ ਕੀਤਾ ਸੀ। ਮੰਟੋ ਨਾਲ ਵੀ ਇਹੀ ਵਰਤਾਅ ਕਰਾਂਗੇ, ਕਿਉਂਕਿ ਮੰਟੋ ਕੋਈ ਉਨ੍ਹਾਂ ਨਾਲੋਂ ਵੱਡਾ ਵਿਦਵਾਨ ਤਾਂ ਸੀ ਨਹੀਂ...ਜਿਸ ਲਈ ਅਸੀਂ ਆਪਣੀ ਪੰਜ ਹਜ਼ਾਰ ਵਰ੍ਹੇ ਪੁਰਾਣੀ ਸੰਸਕ੍ਰਿਤੀ ਨੂੰ ਤੋੜ ਦੇਈਏ। **ਅਸੀਂ ਇਨਸਾਨਾਂ ਦੇ ਨਹੀਂ ਮਕਬਰਿਆਂ** (ਮੜ੍ਹੀਆਂ-ਮਜ਼ਾਰਾਂ) **ਦੇ ਪੁਜਾਰੀ ਹਾਂ।** ਦਿੱਲੀ ਵਿਚ ਮਿਰਜ਼ਾ ਗ਼ਾਲਿਬ ਦੀ ਫ਼ਿਲਮ ਚੱਲ ਰਹੀ ਹੈ। ਇਸ ਫ਼ਿਲਮ ਦੀ ਕਹਾਣੀ ਇਸੇ ਦਿੱਲੀ ਦੇ ਮੋਰੀ ਗੇਟ ਕੋਲ ਬੈਠ ਕੇ ਮੰਟੋ ਨੇ ਲਿਖੀ ਸੀ। ਇਕ ਦਿਨ ਅਸੀਂ ਮੰਟੋ ਦੀ ਤਸਵੀਰ (ਫ਼ਿਲਮ) ਵੀ ਬਣਾਵਾਂਗੇ ਅਤੇ ਇਸ ਤੋਂ ਲੱਖਾਂ ਰੁਪਏ ਕਮਾਵਾਂਗੇ, ਜਿਵੇਂ ਅੱਜ ਅਸੀਂ ਮੰਟੋ ਦੀਆਂ ਕਿਤਾਬਾਂ ਦੇ ਕਈ ਕਈ ਨਕਲੀ ਐਡੀਸ਼ਨ ਹਿੰਦੁਸਤਾਨ ਵਿਚ ਛਾਪ ਕੇ ਹਜ਼ਾਰਾਂ ਰੁਪਏ ਕਮਾਅ ਰਹੇ ਹਾਂ। ਉਹ ਰੁਪਏ ਜਿਨ੍ਹਾਂ ਦੀ ਮੰਟੋ ਨੂੰ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਥੁੜ੍ਹ ਰਹੀ ਹੈ, ਉਹ ਰੁਪਏ ਅੱਜ ਵੀ ਉਸਦੀ ਪਤਨੀ ਅਤੇ ਬੱਚੇ ਨੂੰ ਮੁਸੀਬਤਾਂ ਅਤੇ ਨਮੋਸ਼ੀ ਤੋਂ ਬਚਾਅ ਸਕਦੇ ਨੇ। ਪਰ ਅਸੀਂ ਅਜਿਹੀ ਗ਼ਲਤੀ ਨਹੀਂ ਕਰਾਂਗੇ। ਜੇ ਅਸੀਂ ਅਕਾਲ ਦੇ ਦਿਨਾਂ ਵਿਚ ਚੌਲਾਂ ਦੇ ਰੇਟ ਵਧਾਅ ਕੇ ਇਨਸਾਨਾਂ ਦੇ ਖ਼ੂਨ ਤੋਂ ਆਪਣਾ ਮੁਨਾਫ਼ਾ ਵਧਾਅ ਸਕਦੇ ਹਾਂ, ਤਾਂ ਕੀ ਇਸ ਮੁਨਾਫ਼ੇ ਲਈ ਇਕ ਗ਼ਰੀਬ ਲੇਖਕ ਦੀ ਜੇਬ ਨਹੀਂ ਕਤਰ ਸਕਦੇ...ਮੰਟੋ ਨੇ ਜਦ 'ਜੇਬਕਤਰਾ' ਲਿਖੀ ਸੀ, ਉਸ ਸਮੇਂ ਉਸਨੂੰ ਨਹੀਂ ਸੀ ਪਤਾ ਕਿ ਇਕ ਦਿਨ ਜੇਬਕਤਰਿਆਂ ਦੀ ਪੂਰੀ ਦੀ ਪੂਰੀ ਟੋਲੀ ਨਾਲ ਉਸਦਾ ਵਾਸਤਾ ਪਵੇਗਾ।

ਮੰਟੋ ਇਕ ਬਹੁਤ ਵੱਡੀ ਗਾਲ੍ਹ ਸੀ। ਇਸਦਾ ਕੋਈ ਦੋਸਤ ਅਜਿਹਾ ਨਹੀਂ ਸੀ, ਜਿਸਨੂੰ ਇਸ ਨੇ ਕੋਈ ਗਾਲ੍ਹ ਨਾ ਕੱਢੀ ਹੋਵੇ! ਕੋਈ ਅਜਿਹਾ ਪ੍ਰਕਾਸ਼ਕ ਵੀ ਨਹੀਂ ਸੀ, ਜਿਸ ਨਾਲ ਇਸ ਨੇ ਲੜਾਈ ਮੁੱਲ ਨਾ ਲਈ ਹੋਵੇ। ਕੋਈ ਮਾਲਕ ਅਜਿਹਾ ਨਹੀਂ, ਜਿਸਦੀ ਇਸ ਨੇ ਬੇਇੱਜ਼ਤੀ ਨਾ ਕੀਤੀ ਹੋਵੇ! ਪ੍ਰਤੱਖ ਤੌਰ 'ਤੇ ਉਹ ਤਰੱਕੀਪਸੰਦਾਂ ਤੋਂ ਖ਼ੁਸ਼ ਨਹੀਂ ਸੀ, ਨਾ ਗੈਰ-ਤਰੱਕੀਪਸੰਦਾਂ ਤੋਂ। ਨਾ ਪਾਕਿਸਤਾਨ ਨਾਲ ਖੁਸ਼ ਸੀ, ਨਾ ਹਿੰਦੁਸਤਾਨ ਨਾਲ। ਨਾ ਅੰਕਲ ਸੈਮ ਅਤੇ ਨਾ ਰੂਸ ਨਾਲ- ਪਤਾ ਨਹੀਂ, ਉਸਦੀ ਤੜਫ਼ਦੀ ਹੋਈ ਬੇਚੈਨ ਆਤਮਾ ਕੀ ਚਾਹੁੰਦੀ ਸੀ? ਉਸਦੀ ਜ਼ਬਾਨ ਬੜੀ ਕੁਸੈਲੀ ਸੀ- ਗੱਲ ਕਰਨ ਦਾ ਢੰਗ-ਤਰੀਕਾ ਤਿੱਖਾ ਅਤੇ ਤੀਰ ਵਾਂਗ ਚੁਭਵਾਂ ਅਤੇ ਬੇਰਹਿਮ...ਪਰ ਤੁਸੀਂ ਉਸਦੀ ਗਾਲ੍ਹ ਨੂੰ, ਉਸਦੀ ਕੁਸੈਲੀ ਗੱਲਬਾਤ ਨੂੰ, ਉਸਦੇ ਤੇਜ਼, ਨੁਕੀਲੇ ਕੰਡਿਆਂ ਵਰਗੇ ਸ਼ਬਦਾਂ ਨੂੰ ਜ਼ਰਾ ਠਰ੍ਹੰਮੇ ਨਾਲ ਚਖੋ- ਅੰਦਰੋਂ ਜ਼ਿੰਦਗੀ ਦਾ ਮਿੱਠਾ-ਮਿੱਠਾ ਰਸ ਟਪਕਦਾ ਲੱਭੇਗਾ। ਇਸਦੀ ਨਫ਼ਰਤ ਵਿਚ ਪਿਆਰ ਸੀ; ਨੰਗੇਜ ਉਪਰ ਪਰਦਾ ਇੰਝ ਪਾ ਦੇਂਦਾ ਸੀ ਕਿ ਤਨ ਵੇਚਣ ਵਾਲੀਆਂ ਵੇਸਵਾਵਾਂ ਦੇ ਪੱਲੇ ਵੀ ਸ਼ਰਮ ਹਯਾ ਦੀ ਲਾਲੀ ਦੀ ਚਮਕ ਨਾਲ ਭਰੇ ਜਾਪਦੇ ਸਨ- ਜੋ ਸਾਰੇ ਕਿ ਉਸਦੇ ਸਾਹਿਤ ਦੀ ਪਵਿੱਤਰਤਾ ਦਾ ਐਲਾਨ ਕਰਦੇ ਹਨ। ਮੰਟੋ ਨਾਲ ਜ਼ਿੰਦਗੀ ਨੇ ਇਨਸਾਫ਼ ਨਹੀਂ ਕੀਤਾ, ਪਰ ਇਤਿਹਾਸ ਜ਼ਰੂਰ ਉਸ ਨਾਲ ਨਿਆਂ ਕਰੇਗਾ।

ਮੰਟੋ ਤਾਂ ਬਿਆਲੀ ਵਿਚ ਹੀ ਮਰ ਗਿਆ ਸੀ...ਪਰ ਅਜੇ ਇਸ ਦੇ ਕੁਝ ਕਹਿਣ ਅਤੇ ਸੁਣਨ ਦੇ ਦਿਨ ਰਹਿੰਦੇ ਸਨ; ਅਜੇ ਜ਼ਿੰਦਗੀ ਦੇ ਕੌੜੇ ਤਜਰਬਿਆਂ ਨੇ, ਵਰਤਮਾਨ ਸਮਾਜ ਦੀ ਕਠੋਰਤਾ ਨੇ, ਮੁਸੀਬਤ ਭਰੀ ਜ਼ਿੰਦਗੀ ਦੇ ਛਿਣਾਂ ਵਿਚ, ਇਸ ਦੇ ਟੁੱਟੇ-ਤਿੜਕੇ ਵਿਅਕਤੀਤਵ ਦੇ ਕ੍ਰੋਧ ਅਤੇ ਵਿਰੋਧ ਦੇ ਜਖ਼ਮਾਂ ਨੇ ਉਸ ਤੋਂ 'ਟੋਭਾ ਟੇਕ ਸਿੰਘ' ਵਰਗੀਆਂ ਕਈ ਹੋਰ ਕਹਾਣੀਆਂ ਲਿਖਵਾਉਣੀਆਂ ਸਨ। ਦੁੱਖ ਮੰਟੋ ਦੀ ਮੌਤ ਦਾ ਨਹੀਂ- ਮੌਤ ਤਾਂ ਹਰੇਕ ਨੂੰ ਆਉਣੀ ਹੈ, ਮੈਨੂੰ ਵੀ ਅਤੇ ਤੁਹਾਨੂੰ ਵੀ- ਦੁੱਖ ਤਾਂ ਇਸ ਗੱਲ ਦਾ ਹੈ ਕਿ ਉਸ ਨੇ ਸਾਹਿਤ ਨੂੰ ਜਿਹੜੇ ਹੀਰੇ, ਪੰਨੇ ਅਤੇ ਜਵਾਹਰਾਤ ਦੇਣੇ ਸਨ, ਉਹ ਹੁਣ ਨਹੀਂ ਮਿਲਣੇ। ਉਹ ਸਿਰਫ਼ ਮੰਟੋ ਹੀ ਦੇ ਸਕਦਾ ਸੀ। ਉਰਦੂ ਸਾਹਿਤ ਵਿਚ ਚੰਗੇ ਚੰਗੇ ਕਹਾਣੀਕਾਰ ਹੈਨ ਅਤੇ ਪੈਦਾ ਹੋਣਗੇ; ਪਰ ਮੰਟੋ ਦੁਬਾਰਾ ਨਹੀਂ ਪੈਦਾ ਹੋਣਾ। ਹੁਣ ਕੋਈ ਉਸਦੀ ਜਗ੍ਹਾ ਪੂਰੀ ਨਹੀਂ ਕਰ ਸਕੇਗਾ। ਇਹ ਗੱਲ

ਕ੍ਰਿਸ਼ਨ ਚੰਦਰ

ਮੈਂ ਵੀ ਜਾਣਦਾ ਹਾਂ ਅਤੇ ਰਾਜਿੰਦਰ ਸਿੰਘ ਬੇਦੀ ਵੀ, ਇਸਮਤ ਚੁਗ਼ਤਾਈ ਵੀ ਅਤੇ ਖ਼ਵਾਜਾ ਅਹਿਮਦ ਅੱਬਾਸ ਵੀ ਅਤੇ ਉਪਿੰਦਰ ਨਾਥ ਅਸ਼ਕ ਵੀ। ਅਸੀਂ ਸਾਰੇ ਜਣੇ, ਉਸਨੂੰ ਚਾਹੁਣ ਵਾਲੇ, ਉਸ ਨਾਲ ਝਗੜਾ ਕਰਨ ਵਾਲੇ, ਉਸਨੂੰ ਪਿਆਰ ਕਰਨ ਵਾਲੇ, ਉਸ ਨਾਲ ਨਫ਼ਰਤ ਕਰਨ ਵਾਲੇ, ਉਸਦੇ ਸਾਥੀ ਅਤੇ ਹਮਸਫ਼ਰ ਸੀ ਅਤੇ ਅੱਜ ਜਦ ਉਹ ਸਾਡੇ ਵਿਚਕਾਰ ਨਹੀਂ ਹੈ, ਸਾਡੇ ਵਿਚੋਂ ਹਰੇਕ ਨੇ ਉਸਦੀ ਮੌਤ ਦੇ ਜਨਾਜ਼ੇ ਨੂੰ ਆਪਣੇ ਮੋਢਿਆਂ ਉੱਤੇ ਮਹਿਸੂਸ ਕੀਤਾ ਹੈ। ਅੱਜ ਸਾਡੇ ਵਿਚੋਂ ਹਰੇਕ ਦੀ ਜ਼ਿੰਦਗੀ ਦਾ ਇਕ ਹਿੱਸਾ ਮਰ ਗਿਆ ਹੈ, ਉਸਦੀ ਪੂਰਤੀ ਕਦੀ ਨਹੀਂ ਹੋ ਸਕਣੀ। ਅੱਜ ਸਾਡੇ ਵਿਚੋਂ ਹਰੇਕ ਜਣਾ ਮੰਟੋ ਦੇ ਨਜ਼ਦੀਕ ਹੈ ਅਤੇ ਇਕ ਦੂਜੇ ਨਾਲੋਂ ਵੱਧ। ਅਜਿਹੇ ਸਮੇਂ, ਜੇ ਅਸੀਂ ਇਹ ਫ਼ੈਸਲਾ ਕਰ ਲਈਏ ਕਿ ਅਸੀਂ ਮੰਟੋ ਦੀਆਂ ਜ਼ਿੰਮੇਵਾਰੀਆਂ ਨੂੰ ਰਲ ਕੇ ਪੂਰਾ ਕਰਾਂਗੇ ਤਾਂ ਉਸਦੀ ਆਤਮਾ ਬੇਚੈਨ ਨਹੀਂ ਰਹੇਗੀ।

ਅੱਜ ਤੋਂ ਚੌਦਾਂ ਸਾਲ ਪਹਿਲਾਂ ਮੈਂ ਅਤੇ ਮੰਟੋ ਨੇ ਰਲ ਕੇ ਇਕ ਕਹਾਣੀ ਲਿਖੀ ਸੀ, 'ਵਣਜਾਰਾ'। ਮੰਟੋ ਨੇ ਅੱਜ ਤਕ ਕਿਸੇ ਦੂਜੇ ਲੇਖਕ ਨਾਲ ਰਲ ਕੇ ਕੋਈ ਕਹਾਣੀ ਨਹੀਂ ਲਿਖੀ, ਨਾ ਉਸ ਤੋਂ ਪਹਿਲਾਂ ਨਾ ਉਸ ਤੋਂ ਬਾਅਦ। ਉਹ ਦਿਨ, ਕੜਾਕੇ ਦੀ ਸਰਦੀ ਦੇ ਸਨ। ਮੇਰਾ ਸੂਟ ਬੇਕਾਰ ਹੋ ਕੇ ਲਟਕ ਗਿਆ ਸੀ ਅਤੇ ਮੰਟੋ ਦਾ ਸੂਟ ਵੀ ਲਿੱਸੜ ਜਿਹਾ ਹੋਇਆ ਪਿਆ ਸੀ। ਮੰਟੋ ਮੇਰੇ ਕੋਲ ਆਇਆ ਅਤੇ ਬੋਲਿਆ, 'ਕ੍ਰਿਸ਼ਨ ਨਵਾਂ ਸੂਟ ਚਾਹੀਦੈ...'

ਮੈਂ ਕਿਹਾ, 'ਹਾਂ।'

'ਤਾਂ ਚੱਲ ਮੇਰੇ ਨਾਲ...'

'ਕਿੱਥੇ?'

'ਬਸ, ਬਹੁਤੀ ਬਕਵਾਸ ਨਾ ਕਰ, ਚੱਲ ਚੱਲੀਏ...'

ਅਸੀਂ ਦੋਵੇਂ ਇਕ ਫ਼ਿਲਮ ਡਿਸਟ੍ਰੀਬਿਊਟਰ ਕੋਲ ਚਲੇ ਗਏ। ਮੈਂ ਉੱਥੇ ਕੁਝ ਬੋਲਦਾ ਤਾਂ ਸਚਮੁਚ ਬਕਵਾਸ ਹੀ ਕਰਦਾ, ਇਸ ਲਈ ਚੁੱਪ ਹੀ ਰਿਹਾ। ਡਿਸਟ੍ਰੀਬਿਊਟਰ, ਫ਼ਿਲਮ ਪ੍ਰੋਡਕਸ਼ਨ ਦੇ ਮੈਦਾਨ ਵਿਚ ਆਉਣਾ ਚਾਹੁੰਦਾ ਸੀ। ਮੰਟੋ ਨੇ ਪੰਦਰਾਂ-ਵੀਹ ਮਿੰਟਾਂ ਦੀ ਗੱਲਬਾਤ ਵਿਚ ਹੀ ਉਸਨੂੰ ਕਹਾਣੀ ਵੇਚ ਦਿੱਤੀ ਅਤੇ ਉਸ ਤੋਂ ਪੰਜ ਸੌ ਰੁਪਏ ਨਕਦ ਲੈ ਲਏ। ਬਾਹਰ ਆ ਕੇ ਉਸਨੇ ਢਾਈ ਸੌ ਮੈਨੂੰ ਦੇ ਦਿੱਤੇ ਅਤੇ ਢਾਈ ਸੌ ਆਪ ਰੱਖ ਲਏ। ਅਸਾਂ ਦੋਹਾਂ ਨੇ ਆਪਣੇ ਆਪਣੇ ਸੂਟ ਦਾ ਵਧੀਆ ਕੱਪੜਾ ਖਰੀਦਿਆ ਅਤੇ ਅਬਦੁਲ ਗਨੀ ਟੇਲਰ ਮਾਸਟਰ ਦੀ ਦੁਕਾਨ 'ਤੇ ਜਾ ਪਹੁੰਚੇ ਅਤੇ ਉਸਨੂੰ ਸੂਟ ਜਲਦੀ ਸਿਓਂ ਦੇਣ ਦੀ ਹਿਦਾਇਤ ਕੀਤੀ। ਫੇਰ ਸੂਟ ਤਿਆਰ ਹੋ ਗਏ। ਪਾ ਵੀ ਲਏ ਗਏ। ਪਰ ਸੂਟਾਂ ਦਾ ਕੱਪੜਾ ਦਰਜੀ ਨੂੰ ਦੇਣ ਅਤੇ ਸਿਵਾਉਣ ਵਿਚਕਾਰ, ਜਿੰਨਾ ਸਮਾਂ ਲੰਘਿਆ, ਉਸ ਵਿਚ ਅਸੀਂ ਬਾਕੀ ਦੇ ਰੁਪਏ ਘੋਲ ਕੇ ਪੀ ਗਏ। ਇਸ ਲਈ ਅਬਦੁਲ ਗਨੀ ਨਾਲ ਉਧਾਰ ਕਰਨਾ ਪਿਆ। ਉਸਨੇ ਸਾਨੂੰ ਸੂਟ ਪਾਉਣ ਲਈ ਦੇ ਦਿੱਤੇ। ਪਰ ਕਈ ਮਹੀਨਿਆਂ ਤੱਕ ਅਸੀਂ ਉਸਦਾ ਉਧਾਰ ਨਹੀਂ ਸੀ ਲਾਹ ਸਕੇ।

ਇਕ ਦਿਨ ਮੰਟੋ ਅਤੇ ਮੈਂ ਕਸ਼ਮੀਰੀ ਗੇਟ ਕੋਲੋਂ ਲੰਘ ਰਹੇ ਸੀ ਕਿ ਮਾਸਟਰ ਅਬਦੁਲ ਗਨੀ ਨੇ ਸਾਨੂੰ ਆ ਘੇਰਿਆ। ਮੈਂ ਸੋਚਿਆ, ਅੱਜ ਰੱਜ ਕੇ ਬੇਇੱਜ਼ਤੀ ਹੋਵੇਗੀ। ਮਾਸਟਰ ਅਬਦੁਲ ਗਨੀ ਨੇ ਮੰਟੋ ਨੂੰ ਕਾਲਰ ਤੋਂ ਫੜ ਕੇ ਕਿਹਾ, 'ਉਹ 'ਹੱਤਕ' ਤੂੰ ਲਿਖੀ ਐ?'

ਮੰਟੋ ਨੇ ਕਿਹਾ, 'ਹਾਂ, ਲਿਖੀ ਐ, ਫੇਰ? ਜੇ ਤੈਥੋਂ ਸੂਟ ਉਧਾਰ ਸਿਵਾਅ ਲਿਆ ਤਾਂ ਇਸਦਾ ਇਹ ਮਤਲਬ ਨਹੀਂ, ਕਿ ਤੂੰ ਮੇਰੀ ਕਹਾਣੀ ਦਾ ਚੰਗਾ ਪੜਚੋਲੀਆ ਵੀ ਬਣ ਗਿਐਂ। ਅਹਿ ਕਾਲਰ ਛੱਡ।' ਅਬਦੁਲ ਗਨੀ ਦੇ ਚਿਹਰੇ 'ਤੇ ਇਕ ਅਜੀਬ ਜਿਹੀ ਮੁਸਕਰਾਹਟ ਆਈ। ਉਸਨੇ ਮੰਟੋ ਦਾ ਕਾਲਰ ਛੱਡ ਦਿੱਤਾ ਅਤੇ ਉਸ ਵੱਲ ਅਜੀਬ ਜਿਹੀਆਂ ਨਜ਼ਰਾਂ ਨਾਲ ਦੇਖ ਕੇ ਕਹਿਣ ਲੱਗਾ, 'ਜਾਹ ਤੇਰੇ ਉਧਾਰ ਦੇ ਪੈਸੇ ਮਾਫ਼ ਕੀਤੇ।'

ਫੇਰ ਉਹ ਮੁੜਿਆ ਅਤੇ ਤੁਰ ਗਿਆ। ਕੁਝ ਛਿਣ, ਮੰਟੋ ਚੁੱਪਚਾਪ ਖੜ੍ਹਾ ਰਿਹਾ। ਉਹ ਉਸ ਤਰੀਫ਼ ਤੋਂ ਬਿਲਕੁਲ ਖੁਸ਼ ਨਹੀਂ ਸੀ ਹੋਇਆ...ਸਗੋਂ ਦੁੱਖ ਅਤੇ ਗੁੱਸੇ ਦਾ ਭਰਿਆ ਨਜ਼ਰ ਆਉਣ ਲੱਗ ਪਿਆ ਸੀ। 'ਸਾਲਾ ਮੇਰਾ, ਕੀ ਸਮਝਦੈ ਆਪਣੇ ਆਪ ਨੂੰ - ਮੈਨੂੰ ਪਰੇਸ਼ਾਨ ਕਰ ਦੇਵੇਗਾ, ਮੈਂ ਉਸਦੀ ਪਾਈ ਪਾਈ ਲਾਹ ਦਿਆਂਗਾ। ਸਾਲਾ ਸਮਝਦੈ, 'ਹੱਤਕ' ਮੇਰੀ ਚੰਗੀ ਕਹਾਣੀ ਏ। ਹੱਤਕ- ਹੱਤਕ ਤਾਂ ਮੇਰੀ ਸਭ ਤੋਂ ਚੰਗੀ ਕਹਾਣੀ ਹੈ।'

ਪਰ ਨਾ ਮੈਂ, ਅਤੇ ਨਾ ਮੰਟੋ ਨੇ ਹੀ ਅਬਦੁਲ ਗਨੀ ਦੇ ਪੈਸੇ ਦਿੱਤੇ...ਤੇ ਨਾ ਹੀ ਉਸਨੇ ਸਾਥੋਂ ਕਦੀ ਮੰਗੇ। ਅੱਜ ਜਦ ਮੈਨੂੰ ਇਹ ਘਟਨਾ ਯਾਦ ਆਈ ਤਾਂ ਮੈਂ ਫ਼ੌਰਨ ਅਬਦੁਲ ਗਨੀ ਨੂੰ ਮਿਲਣ ਕਸ਼ਮੀਰੀ ਗੇਟ ਜਾ ਪਹੁੰਚਿਆ। ਪਰ ਅਬਦੁਲ ਗਨੀ ਕਈ ਵਰ੍ਹੇ ਪਹਿਲਾਂ ਉੱਥੋਂ ਪਾਕਿਸਤਾਨ ਚਲਾ ਗਿਆ ਸੀ। ਕਾਸ਼, ਅੱਜ ਅਬਦੁਲ ਗਨੀ ਟੇਲਰ ਮਾਸਟਰ ਮਿਲ ਜਾਂਦਾ! ਉਸ ਨਾਲ ਮੰਟੋ ਬਾਰੇ ਦੋ ਗੱਲਾਂ ਕਰ ਲੈਂਦਾ...ਇਸ ਵੱਡੇ ਸ਼ਹਿਰ ਵਿਚ ਕਿਸੇ ਹੋਰ ਕੋਲ ਤਾਂ ਇਸ ਵਿਹਲੇ ਕੰਮ ਲਈ ਵਿਹਲ ਨਹੀਂ ਸੀ।

ਸ਼ਾਮੀਂ ਮੈਂ ਤੇ ਜ਼ੋਏ ਅਨਸਾਰੀ, ਸੰਪਾਦਕ 'ਸ਼ਾਹਰਾਹ', ਜਾਮਾ ਮਸਜਿਦ ਤੋਂ ਤੀਸ ਹਜ਼ਾਰੀ ਆਪਣੇ ਘਰ ਨੂੰ ਆ ਰਹੇ ਸੀ। ਰਸਤੇ ਵਿਚ ਅਸੀਂ ਦੋਵੇਂ ਹੌਲੀ ਹੌਲੀ ਮੰਟੋ ਦੀ ਸ਼ਖ਼ਸੀਅਤ ਅਤੇ ਉਸਦੀ ਕਲਾ ਉਪਰ ਬਹਿਸ ਕਰਦੇ ਰਹੇ। ਸੜਕ ਵਿਚ ਟੋਏ ਬਹੁਤ ਸਨ, ਇਸ ਲਈ ਬਹਿਸ ਵਿਚ ਬਹੁਤ ਸਾਰੇ ਨਾਜ਼ੁਕ ਸਥਾਨ ਵੀ ਆਏ। ਇਕ ਵਾਰੀ ਤਾਂ ਪੰਜਾਬੀ ਕੋਚਵਾਨ ਨੇ ਹੈਰਾਨੀ ਨਾਲ ਤ੍ਰਭਕ ਕੇ ਪੁੱਛਿਆ, 'ਕੀ ਕਿਹੈ ਜੀ, ਮੰਟੋ ਮਰ ਗਿਆ?'

ਅਨਸਾਰੀ ਨੇ ਧੀਮੀ ਅਵਾਜ਼ ਵਿਚ ਕਿਹਾ, 'ਹਾਂ ਭਰਾ!' ਤੇ ਫੇਰ ਆਪਣੀ ਗੱਲ ਜਾਰੀ ਰੱਖੀ।

ਕੋਚਵਾਨ ਹੌਲੀ ਹੌਲੀ ਆਪਣਾ ਤਾਂਗਾ ਚਲਾਉਂਦਾ ਰਿਹਾ ਪਰ ਮੋਰੀ ਗੇਟ ਕੋਲ ਆ ਕੇ ਉਸਨੇ ਤਾਂਗਾ ਰੋਕ ਦਿੱਤਾ ਤੇ ਸਾਡੇ ਵੱਲ ਭੌਂ ਕੇ ਬੋਲਿਆ, 'ਸਾਹਬ, ਤੁਸੀਂ ਸਾਰੇ ਕੋਈ ਹੋਰ ਤਾਂਗਾ ਕਰ ਲਓ...ਮੈਂ ਅੱਗੇ ਨਹੀਂ ਜਾ ਸਕਾਂਗਾ।' ਉਸਦੀ ਅਵਾਜ਼ ਵਿਚ ਇਕ ਅਜੀਬ ਜਿਹਾ ਦਰਦ ਸੀ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਕਹਿੰਦੇ ਉਹ ਸਾਡੇ ਵੱਲ ਦੇਖੇ ਬਿਨਾ ਤਾਂਗੇ ਤੋਂ ਉਤਰਿਆ ਤੇ ਸਿੱਧਾ ਸਾਹਮਣੀ ਬਾਰ ਵਿਚ ਚਲਾ ਗਿਆ।

(ਅਨੁ: ਮਹਿੰਦਰ ਬੇਦੀ, ਜੈਤੋ) ਧੰਨਵਾਦ, "ਕਿਤਾਬਨਾਮਾ" (FB)

ਮਿਹਰਬਾਨੀ ਧਰਮ, ਤੁਹਾਡੀ ਉਸ ਹੌਲੀ-ਫੁੱਲ ਰੌਸ਼ਨੀ ਦੇ ਲਈ ..



ਸਾਲਾਂ ਦੇ ਸਾਲ ਪਿਛਾਂਹ ਵੇਖਾਂ ਤਾਂ, ਧਰਮੇਂਦ੍ਰ ਉੱਤੇ ਪੈ ਰਹੀ ਰੌਸ਼ਨੀ ਓਸੇ ਤਰ੍ਹਾਂ ਦੀ ਓਸੇ ਤਰ੍ਹਾਂ ਦਿਸਦੀ ਹੈ। ਇਹ ਬੜੀ ਵੱਖਰੀ ਜਿਹੀ ਗੱਲ ਲੱਗਦੀ ਹੈ ਇੱਕ ਓਸ ਜਣੇ ਲਈ ਕਹਿਣੀ ਜਿਸਦਾ ਕਰੀਅਰ ਹਿੰਦੀ ਸਿਨੇਮੇ ਦੇ ਏਨੇ ਵਿਸ਼ਾਲ ਅਤੇ ਬਦਲਦੇ ਜਾਂਦੇ ਰਹੇ ਨਜ਼ਾਰੇ ਉੱਤੇ ਪੱਸਰਿਆ ਹੋਏ। ਇੱਕ ਪੱਕੇ ਪੈਰੀਂ, ਟਿਕੀ ਹੋਈ ਚਮਕ। ਸ਼ਾਇਦ ਇਹ ਇਸ ਲਈ ਹੈ ਕਿਉਂਕਿ ਭਾਵੇਂ ਉਸ ਨੂੰ ਭਾਰਤੀ ਸਿਨੇਮੇ ਦੇ "ਹੀ-ਮੈਨ" ਵਾਂਗ ਦੁਲਾਰਿਆ ਜਾ ਰਿਹਾ ਹੋਏ, ਜਾਂ ਸਾਡੇ ਸਭ ਤੋਂ ਸੁੰਦਰ ਸਿਤਾਰਿਆਂ ਵਜੋਂ ਉਸ ਨੂੰ ਬਹੁਤ, ਬਹੁਤ ਪਿਆਰਿਆ ਜਾ ਰਿਹਾ ਹੋਏ, ਆਪ ਧਰਮੇਂਦ੍ਰ ਤਾਂ, ਲੱਗਦਾ ਸੀ ਕਿ ਜਿਵੇਂ, ਇਸ ਸਭ ਤੋਂ ਇੱਕ ਸੁਖਾਵੇਂ ਜਿਹੇ ਮਹਿਸੂਸ ਹੁੰਦੇ ਢੰਗ ਨਾਲ ਅਣਭਿੱਜ ਸਨ। ਉਨ੍ਹਾਂ ਮਸ਼ਹੂਰੀ ਨੂੰ ਇਓਂ ਹੌਲੇ ਜਿਹੇ ਢੰਗ ਨਾਲ ਓੜ੍ਹਿਆ ਹੋਇਆ ਸੀ ਕਿ ਜਿਵੇਂ ਇਹ ਕਿਸੇ ਹੋਰ ਦੀ ਮਾਲਕੀ ਦੀ ਸ਼ੈਅ ਹੋਏ।

ਉਨ੍ਹਾਂ ਨਾਲ ਕੰਮ ਕਰਨ ਦੀਆਂ ਮੇਰੀਆਂ ਪਹਿਲੀਆਂ ਯਾਦਾਂ "ਦੇਵਰ" ਅਤੇ "ਅਨੁਪਮਾ" ਦੀਆਂ ਹਨ, ਉਹ ਦੋ ਫ਼ਿਲਮਾਂ ਜਿਨ੍ਹਾਂ ਵਿਚਲੀਆਂ ਭਾਵੁਕ ਚੁੱਪੀਆਂ ਵੀ ਓਨੀਆਂ ਹੀ ਅਹਿਮ ਸਨ ਜਿੰਨੀਆਂ ਉਨ੍ਹਾਂ ਚੁੱਪੀਆਂ ਦਿੱਤੇ ਗਏ ਨੂੰ ਬੋਲ। ਓਦੋਂ ਵੀ ਜਿਸ ਚੀਜ਼ ਨੇ ਮੇਰਾ ਉਨ੍ਹਾਂ ਵੱਲ ਧਿਆਨ ਖਿੱਚਿਆ ਸੀ ਉਹ ਸੀ ਉਨ੍ਹਾਂ ਦੀ ਮੌਜੂਦਗੀ ਪਿਛਲੀ ਕੋਮਲਤਾ। ਭਾਵੇਂ ਪਰਦੇ ਉੱਤੇ ਉਹ ਛਾ ਜਾਣ ਵਾਲੇ ਹੈ ਸਨ, ਤਕਰੀਬਨ ਅਸੰਭਵ ਤਰੀਕੇ ਨਾਲ ਖ਼ੂਬਸੂਰਤ, ਪਰ ਪਰਦੇ ਤੋਂ ਬਾਹਰ ਹਮੇਸ਼ਾ ਹੀ ਮਿੱਠ-ਬੋਲੜੇ, ਇੱਕ ਅਜਿਹੇ ਅੰਦਰ ਤੱਕ ਰਚੇ ਸ਼ਿਸ਼ਟਾਚਾਰ ਵਾਲੇ ਜਿਸ ਨੂੰ ਪੇਸ਼ਕਾਰੀ ਦੀ ਲੋੜ ਨਹੀਂ ਸੀ। ਉਨ੍ਹਾਂ ਅਜੇ ਉਹ ਸਿਤਾਰਾ ਬਨਣਾ ਸੀ ਜੋ "ਫੂਲ ਔਰ ਪੱਥਰ" ਨਾਲ ਬਣ ਗਏ। ਜਦੋਂ ਮੈਂ ਅਜੇ ਇੰਡਸਟ੍ਰੀ ਵਿਚ ਆਪਣੀ ਥਾਂ ਲੱਭ ਰਹੀ ਸੀ, ਉਨ੍ਹਾਂ ਮੇਰੇ ਨਾਲ ਵਰਤਾਓ ਵਿਚ ਲੋੜੋਂ ਵੱਧ ਉਚੇਚ ਵਿਖਾਈ ਅਤੇ ਓਦੋਂ ਜ਼ਰੂਰ ਮੈਨੂੰ ਆਪਣੇ ਤੌਖ਼ਲੇ, ਘਬਰਾਹਟ ਘੱਟ ਦਿਸੇ ਹੋਣਗੇ। ਫ਼ਿਰਾਖ਼ਦਿਲੀ ਉਨ੍ਹਾਂ ਦਾ ਇੱਕ ਬਹੁਤ ਅਹਿਮ ਹਿੱਸਾ ਸੀ।

"ਅਨੁਪਮਾ" ਵਿਚ, ਰਿਸ਼ੀਕੇਸ਼ ਮੁਖਰਜੀ ਨੇ ਸਾਨੂੰ ਸੰਕੋਚ, ਸਤਹ ਹੇਠ ਸਾਹ ਲੈ ਰਹੀਆਂ ਭਾਵਨਾਵਾਂ, ਸ਼ਬਦਾਂ ਨਾਲੋਂ ਵੱਧ ਬੋਲਦੀਆਂ ਅੱਖਾਂ ਵਾਲੀ ਇੱਕ ਦੁਨੀਆ ਦਿੱਤੀ। ਧਰਮੇਂਦ੍ਰ ਨੇ ਉਸ ਭਾਸ਼ਾ ਨੂੰ ਸਹਿਜਿਆਂ ਹੀ ਪਕੜ ਲਿਆ। ਉਨ੍ਹਾਂ ਨੂੰ ਉਸ ਅ-ਹਿੱਲਪੁਣੇ ਦੀ ਕੁਝ ਅਜਿਹੀ ਸੋਝੀ ਹੈ ਸੀ ਕਿ ਜਿਸ ਵਿਚ ਸੋਚ ਦਾ ਕੋਈ ਕੰਮ ਨਹੀਂ ਹੁੰਦਾ। ਉਨ੍ਹਾਂ ਨੂੰ ਉਹ ਕਿਰਦਾਰ ਜਿਉਂਦਿਆਂ ਵੇਖ ਮੈਨੂੰ ਇਹ ਸਿੱਖਣ ਲਈ ਮੌਕਾ ਮਿਲਿਆ ਕਿ ਇੱਕ ਚੁਪੀਤੀ-ਪਕੜ ਕੀ ਹੁੰਦੀ ਹੈ। ਮੈਨੂੰ ਚੇਤੇ ਹੈ ਕਿ ਉਸ ਵੇਲੇ ਮੈਂ ਇਹ ਵੀ ਸੋਚ ਗਈ ਸੀ ਕਿ ਵੇਖੋ, ਇਹ ਵੀ ਕਿੰਨਾ ਗ਼ੈਰ-ਮਾਮੂਲੀ ਹੈ, ਕਿ ਕੋਈ ਫ਼ਿਲਮੀ ਹੀਰੋ, ਉਨ੍ਹਾਂ ਵੇਲਿਆਂ ਦਾ, ਸੂਬਕ ਕਿਸਮ ਦੀ ਨਰਮਾਈ ਨੂੰ ਵਿਖਾਉਣ ਵਿਚ ਏਨੀ ਸੌਖ ਮਹਿਸੂਸ ਕਰ ਰਿਹਾ ਹੋਏ। ਮਰਦਾਨਗੀ ਨੂੰ ਖਰ੍ਹਵੇ ਹੋ ਕੇ ਪੇਸ਼ ਕਰਨ ਦੀ ਉਨ੍ਹਾਂ ਨੂੰ ਕੋਈ ਲੋੜ ਨਹੀਂ ਸੀ ਪੈਂਦੀ; ਉਹ ਤਾਂ ਬੱਸ ਹੈ ਹੀ ਸਨ ਇਹ, ਅਤੇ ਇਸ ਭਰੋਸੇ ਨਾਲ ਉਹ ਅਜਿਹੇ ਕਿਸੇ ਪਲ ਨੂੰ ਖ਼ੁਦ ਆਪਣੇ ਲਈ ਬੋਲਣ ਦੇ ਸਕਦੇ ਸਨ।

"ਸੱਤਯਕਾਮ: ਸ਼ਾਇਦ ਉਹ ਸਭ ਤੋਂ ਹੀ ਡੂੰਘਾ ਸਫ਼ਰ ਸੀ ਜੋ ਅਸੀਂ ਇਕੱਠਿਆਂ ਤੈਅ ਕੀਤਾ। ਰਿਸ਼ੀਦਾ ਦੀ ਦੁਨੀਆ ਐਕਟਰਾਂ ਲਈ ਕਦੇ ਵੀ ਸੌਖੀ ਨਹੀਂ ਸੀ ਹੁੰਦੀ; ਜੋ ਮੰਗਦੀ ਸੀ ਇਮਾਨਦਾਰੀ, ਨਾ ਕਿ ਪੇਸ਼ਕਾਰੀ। ਅਤੇ ਧਰਮੇਂਦ੍ਰ ਉਸ ਵੰਗਾਰ 'ਤੇ ਪੂਰੇ ਉਤਰਦੇ ਸਨ। ਇੱਕ ਅਜਿਹੇ ਤਰੀਕੇ ਨਾਲ ਕਿ ਜੋ, ਮੈਨੂੰ ਲੱਗਦਾ ਹੈ, ਉਨ੍ਹਾਂ ਦੇ ਕਰੀਅਰ ਦੀਆਂ ਸਭ ਤੋਂ ਰੌਸ਼ਨ ਪ੍ਰਾਪਤੀਆਂ ਵਿਚੋਂ ਇੱਕ ਸੀ। ਹੁਣ ਵੀ ਜਦੋਂ ਮੈਂ "ਸੱਤਯਕਾਮ" ਬਾਰੇ ਸੋਚਦੀ ਹਾਂ, ਜਿਹੜੀ ਚੀਜ਼ ਨਾਲ ਨਾਲ ਚੱਲਦੀ ਹੈ ਉਹ ਹੈ ਉਨ੍ਹਾਂ ਦੀਆਂ ਭਾਵਨਾਵਾਂ ਦੀ ਪਾਰਦਰਸ਼ਤਾ; ਭਾਵਨਾਵਾਂ- ਬੇਦਾਗ਼, ਅਣਰੋਕੀਆਂ, ਬਹੁਤ ਹੀ ਡੂੰਘੀ ਤਰ੍ਹਾਂ ਅਸਰ ਪਾਉਣ ਵਾਲੀਆਂ।

ਹਲਕੇ ਫੁਲਕੇ ਪਲ ਵੀ ਹੁੰਦੇ, ਅਤੇ ਉਹ ਵੀ ਓਨੇ ਹੀ ਅਭੁੱਲ। "ਮੇਰੇ ਹਮਦਮ ਮੇਰੇ ਦੋਸਤ" ਉਸੇ ਆਪਮੁਹਾਰੇ ਮਨਮੋਹਣੇਪੁਣੇ ਨਾਲ ਓਤਪੋਤ ਸੀ ਜੋ ਉਨ੍ਹਾਂ ਦੇ ਸੁਭਾਅ ਵਾਂਗ ਹੀ ਉਨ੍ਹਾਂ ਦੇ ਨਾਲ ਨਾਲ ਰਹਿੰਦਾ ਸੀ। ਉਨ੍ਹਾਂ ਦੀ ਖਿੱਚ ਦਾ ਸੋਮਾ ਸੀ ਉਨ੍ਹਾਂ ਦੀ ਫੁੱਟ ਫੁੱਟ ਪੈਂਦੀ ਹਾਜ਼ਰਜਵਾਬੀ ਅਤੇ ਉਨ੍ਹਾਂ ਦਾ ਜ਼ਿੰਦਾਦਿਲ ਕਿਸਮ ਦਾ ਹਾਸਰਸ। ਸੈੱਟ ਉੱਤੇ ਉਨ੍ਹਾਂ ਦੀ ਮੌਜੂਦਗੀ ਨਾਲ ਲੰਬੇ ਲੰਬੇ ਦਿਨ ਵੀ ਵੱਧ ਸੌਖੇ ਹੋ ਗਏ ਲੱਗਦੇ। ਉਨ੍ਹਾਂ ਵਿਚ ਮਹੌਲ ਨੂੰ ਹੌਲਾ ਕਰ ਦੇਣ ਦੀ ਕਾਬਲੀਅਤ ਸੀ, ਕੰਮ ਨੂੰ ਵੀ ਜਿਵੇਂ ਅਣਵੇਖੇ-ਅਣਸੋਚੇ ਰਾਹਾਂ ਦਾ ਕੋਈ ਸਾਂਝਾ ਦਲੇਰ-ਸਫ਼ਰ ਬਣਾਅ ਦਿੰਦੇ - ਨਾ ਕਿ ਇੱਕ ਬੋਝ।

ਅਤੇ ਉੱਤੋਂ, ਬੇਸ਼ਕ, ਇੱਕ "ਯਕੀਨ" ਵੀ ਹੈ ਸੀ, ਆਪਣੇ ਡਬਲ ਰੋਲਾਂ ਅਤੇ ਸੁਆਦਲੇ-ਖਿਲੰਦੜੇ ਭੇਤਾਂ ਦਰਮਿਆਨ ਆਪਣੇ ਦਮ ਅਤੇ ਊਰਜਾ ਵਿਚ। ਇਸ ਫ਼ਿਲਮ ਵਿਚ ਉਨ੍ਹਾਂ ਲਗਾਤਾਰ ਆਪਣਾ ਆਪ ਬਦਲ ਬਦਲ ਵਿਖਾਉਣਾ ਸੀ- ਹਲਕੇ ਤੋਂ ਪੀਡੇ, ਮਨਮੋਹਕ ਤੋਂ ਭੇਤਭਰੇ- ਅਤੇ ਉਨ੍ਹਾਂ ਸੌਖ ਨਾਲ ਹੀ ਇਹ ਸਭ ਕਰ ਲਿਆ।

ਓਸੇ ਐਕਟਰ ਜਿਸ ਨੇ "ਸੱਤਯਕਾਮ" ਦਾ ਸਾਰਾ ਭਾਰ ਆਪਣੇ ਮੋਢਿਆਂ 'ਤੇ ਚੁੱਕਿਆ ਸੀ, ਕੁਝ ਹੀ ਸਾਲਾਂ ਬਾਅਦ, "ਚੁਪਕੇ ਚੁਪਕੇ" ਦੇ ਸੁਆਦਲੇ ਬੇਤੁਕੇਪੁਣਿਆਂ ਵਿਚ ਇੱਕ ਅਜਿਹਾ ਹੌਲਾਫੁੱਲਪੁਣਾ ਵਸਾਅ ਦੇਣਾ ਸੀ, ਕਿ ਜਿਵੇਂ ਭਾਰ ਤਾਂ ਕੋਈ ਚੀਜ਼ ਹੀ ਨਹੀਂ ਹੁੰਦੀ।

ਉਹ ਬੋਲਣ ਵਿਚ ਤਕਲੀਫ਼, ਉਹ ਝੂਠ ਮੂਠ ਦੀ ਗੰਭੀਰ ਵਨਸਪਤੀ-ਵਿਗਿਆਨ ਵਾਲੀ ਸਾਰੀ ਗੱਲਬਾਤ - ਉਹ ਹਰੇਕ ਇਸ਼ਾਰਾ ਜੋ ਹੈ ਤਾਂ ਸੀ ਪਹਿਲਾਂ ਹੀ ਚੰਗੀ ਤਰ੍ਹਾਂ ਤੈਅ ਕੀਤਾ, ਸੋਚਿਆ ਵਿਚਾਰਿਆ ਪਰ ਲੱਗਦਾ ਸੀ ਪੂਰਾ ਆਪਮੁਹਾਰਾ। ਕੌਮੇਡੀ, ਉਨ੍ਹਾਂ ਦੇ ਹੱਥਾਂ ਵਿਚ, ਕੋਈ ਚਾਨਣਾ ਕਰਾਉਣ ਦਾ ਰੂਪ ਲੈ ਲੈਂਦੀ। ਮੈਂ ਕਈ ਵਾਰ ਦੁੱਖ ਜ਼ਾਹਿਰ ਕੀਤਾ ਹੈ ਕਿ ਰਾਸ਼ਟਰੀ ਇਨਾਮ, ਇਤਿਹਾਸਕ ਤੌਰ 'ਤੇ, ਹਾਸਰਸ ਨੂੰ ਹਮੇਸ਼ਾ ਕਲਾ ਦੀ ਸੌਤੇਲੀ ਔਲਾਦ ਵਾਂਗ ਲੈਂਦੇ ਰਹੇ ਹਨ;

ਸ਼ਰਮਿਲਾ ਟੈਗੋਰ, ਅਭਿਨੇਤ੍ਰੀ, ਸੰਪਾਦਕਾ

ਜੇ ਕਿਤੇ ਇਸ ਕਿਰਦਾਰ ਦੀਆਂ ਅਸਲੀ ਤੈਹਾਂ ਸਮਝ ਸਕੇ ਹੁੰਦੇ, ਤਾਂ ਧਰਮ ਦੇ ਨਿਭਾਏ ਪਰਿਮਲ ਤ੍ਰਿਪਾਠੀ ਨੂੰ ਰਾਸ਼ਟਰੀ ਇਨਾਮ ਮਿਲਣਾ ਸੀ।

ਧਰਮ ਇੱਕ ਵੱਡੇ ਦਿਲ ਵਾਲੇ ਸਾਥੀ ਐਕਟਰ ਵੀ ਸਨ। "ਮੇਰੇ ਹਮਦਮ ਮੇਰੇ ਦੋਸਤ" ਦੀ ਸੂਟਿੰਗ ਦੌਰਾਨ, ਟਾਈਗਰ (ਮਨਸੂਰ ਅਲੀ ਖ਼ਾਨ ਪਟੌਦੀ -ਸ਼ਰਮਿਲਾ ਜੀ ਦੇ ਪਤੀ-ਸੰ.) ਨੇ ਕੋਲਕਾਤਾ ਵਿਚ ਵੈਸਟ ਇੰਡੀਜ਼-ਇੰਡੀਆ ਮੈਚ ਖੇਡਣਾ ਸੀ, ਅਤੇ ਉਨ੍ਹਾਂ ਦਾ ਜਨਮਦਿਨ ਸੀ। ਮੈਂ ਸਾਝਰੇ ਦੀ ਉਡਾਨ ਫੜ ਕੇ ਮੈਚ ਲਈ ਕੋਲਕਾਤਾ ਹੋਣਾ, ਅਤੇ ਉਨ੍ਹਾਂ ਦਾ ਜਨਮਦਿਨ ਮਨਾਉਣਾ ਚਾਹੁੰਦੀ ਸੀ। ਧਰਮ ਤੋਂ ਪੁੱਛਿਆ ਕਿ ਕੀ ਉਹ ਸਾਰੀ ਰਾਤ ਕੰਮ ਕਰ ਸਕਣਗੇ। ਉਨ੍ਹਾਂ ਦੇ ਮੰਨਣ ਵਿਚ ਇੱਕ ਫੱਬਤ ਸੀ ਅਤੇ ਉਨ੍ਹਾਂ 7 ਵਜੇ ਤੱਕ ਸੂਟਿੰਗ ਕੀਤੀ। ਉਸ ਬੇਆਰਾਮੀ ਦੀ ਉਨ੍ਹਾਂ ਕਦੇ ਗੱਲ ਨਾ ਕੀਤੀ ਅਤੇ ਮੈਂ ਅੱਜ ਵੀ ਉਨ੍ਹਾਂ ਦੀ ਸ਼ੁਕਰਗੁਜ਼ਾਰ ਹਾਂ ਕਿ ਓਸ ਸਾਝਰੇ ਉਨ੍ਹਾਂ ਉਹ ਉਡਾਨ ਫੜਨੀ ਮੇਰੇ ਲਈ ਸੰਭਵ ਕੀਤੀ।

ਸਟਾਰਡਮ ਜੋ ਹੈ ਇਹ ਕਿਸੇ ਨਾਲ ਬੜਾ ਕੁਝ ਬੜਾ ਹੀ ਗੁੰਝਲਦਾਰ ਕਰ ਸਕਦਾ ਹੁੰਦਾ ਹੈ। ਇਹ ਦੂਰੀਆਂ ਪੈਦਾ ਕਰ ਸਕਦਾ ਹੈ ਅਤੇ ਅਸੁਰੱਖਿਆ ਨੂੰ ਕਈ ਗੁਣਾ ਵਧਾਅ ਸਕਦਾ ਹੈ। ਪਰ ਧਰਮ ਬਾਰੇ ਬੜੀ ਖ਼ਾਸ ਗੱਲ ਇਹ ਹੈ ਕਿ ਉਹ ਇਸ ਸਭ ਤੋਂ ਅਣਛੋਹੇ ਰਹੇ। ਓਸੇ ਨਿੱਘ ਨਾਲ ਕੁਰਸੀਆਂ ਚੁੱਕੀ ਸ਼ੌਟਾਂ ਦਰਮਿਆਨ ਭੱਜੇ ਫਿਰਦੇ ਸਪੌਟ-ਬੌਇਜ਼ ਨਾਲ ਵਰਤਣਾ, ਓਸੇ ਨਾਲ ਡਰਾਉਣੀਆਂ ਉਚਿਆਈਆਂ ਵਾਲੀਆਂ ਪੌੜੀਆਂ ਦੇ ਉੱਤੇ ਕਰ ਕੇ ਕਿਤੇ ਬੈਠੇ ਲਾਈਟਵਾਲਿਆਂ ਨਾਲ, ਓਸੇ ਨਾਲ ਆਪਣੀ ਵਾਰੀ ਆਉਣ ਲਈ ਪਤਾ ਨਹੀਂ ਕਦੋਂ ਦੀ ਅਤੇ ਕਿੰਨੀ ਉਡੀਕ ਵਿਚ ਬੈਠੇ ਜੂਨੀਅਰ ਕਲਾਕਾਰਾਂ ਨਾਲ। ਇਹ ਫ਼ਿਰਾਖ਼ਦਿਲੀ ਉਨ੍ਹਾਂ ਦੇ ਅੰਦਰ ਵਸੇ ਪੰਜਾਬ ਦੀ ਮਿੱਟੀ ਤੋਂ ਆਉਂਦੀ ਸੀ-ਖੁੱਲ੍ਹੀ, ਨਿੱਘੀ, ਉਚਾਂ ਨੀਚਾਂ ਤੋਂ ਅਜ਼ਾਦ। ਹੁਣ ਧਰਮ ਓਸੇ ਮਿੱਟੀ ਨੂੰ ਪਰਤਾਅ ਦਿੱਤੇ ਗਏ ਹਨ।

ਅਖੀਰਲੀ ਵਾਰ ਮੇਰੇ ਅਪਰੇਸ਼ਨ ਤੋਂ ਬਾਅਦ ਸਾਡੀ ਟੈਲੀਫ਼ੋਨ ਉੱਤੇ ਗੱਲ ਹੋਈ ਸੀ। ਮੈਂ "ਚੁਪਕੇ ਚੁਪਕੇ" ਨੂੰ ਆਪਣੇ ਆਈਪੈਡ 'ਤੇ ਹਸਪਤਾਲ ਵਿਚ ਵੇਖਿਆ ਸੀ ਅਤੇ ਧਰਮ ਨੂੰ ਇਹ ਦੱਸਣ ਲਈ ਫ਼ੋਨ ਕੀਤਾ ਕਿ ਉਨ੍ਹਾਂ ਇਸ ਵਿਚ ਕਿੰਨੇ ਕਮਾਲ ਦਾ ਕੰਮ ਕੀਤਾ ਹੈ।

ਫ਼ਿਲਮੀ ਪਰਦੇ ਵਾਲਾ ਉਨ੍ਹਾਂ ਦਾ ਇੱਕ ਬਿੰਬ ਸਮੇਂ ਦੇ ਨਾਲ ਨਾਲ ਵਧੀ-ਬਣੀ ਗਿਆ: ਰੋਮੈਂਟਿਕ ਹੀਰੋ, ਤ੍ਰਾਸਦਕ ਆਦਰਸ਼ਵਾਦੀ, ਐਕਸ਼ਨ ਸਟਾੱਰ, ਪਿਆਰਿਆ ਜਾਂਦਾ ਮਜਮਾ-ਲਾਊ। ਅਤੇ ਫੇਰ ਵੀ, ਇਨ੍ਹਾਂ ਸਾਰੇ 'ਅਵਤਾਰਾਂ' ਦੇ ਪਿੱਛੇ ਇੱਕ ਓਹੀ ਆਦਮੀ ਸੀ, ਜੋ ਜਿੱਤਾਂ ਅਤੇ ਨਿਰਾਸਤਾਵਾਂ ਦੇ ਝੱਖੜਾਂ ਵਿਚ ਵੀ ਜ਼ਮੀਨ ਤੋਂ ਆਪਣੇ ਪੈਰ ਹਟਣ ਨਹੀਂ ਸੀ ਦਿੰਦਾ। ਸਟਾਰਡਮ ਲੋਕਾਂ ਨੂੰ ਅਸਲ ਨਾਲੋਂ ਬਹੁਤ ਵੱਡੇ ਵੱਡੇ ਦਰਸਾਅ ਸਕਦਾ ਹੁੰਦਾ ਹੈ, ਧ੍ਰਮੇਂਦ੍ਰ, ਇੱਕ ਵੱਖਰੀ ਅਜੀਬ ਤਰ੍ਹਾਂ, ਬੇਸ਼ੱਕ ਵੱਡੇ-ਵੱਡੇ ਦਿਸਦੇ, ਪਰ ਆਪਣੀ ਇਨਸਾਨੀਅਤ ਨੂੰ ਬਣਾਈ ਰੱਖਣ ਦੀ ਵਜ੍ਹਾ ਕਰਕੇ।

ਅਸੀਂ ਅਕਸਰ ਕਹਿੰਦੇ ਹੁੰਦੇ ਹਾਂ ਕਿ ਕੈਮਰਾ ਉਹ ਵੀ ਫੜ ਲੈਂਦਾ ਹੈ ਜੋ ਬੋਲਿਆ ਨਹੀਂ ਜਾ ਸਕਦਾ ਹੁੰਦਾ। ਧਰਮੇਂਦ੍ਰ ਨਾਲ ਤਾਂ, ਇਹ, ਉਨ੍ਹਾਂ ਦਾ ਸਾਰਾ ਖ਼ਾਸਾ ਹੀ ਫੜ ਲੈਂਦਾ: ਉਨ੍ਹਾਂ ਦੀਆਂ ਅੱਖਾਂ ਦਾ ਦਿਆਲੂਪੁਣਾ, ਉਨ੍ਹਾਂ ਦੀ ਮੌਜੂਦਗੀ ਦੇ ਪੱਕੇ ਪੈਰ, ਉਨ੍ਹਾਂ ਦੀ ਉਹ ਉਨ੍ਹਾਂ ਦੇ ਅੰਦਰ ਤੱਕ ਗੁੰਨ੍ਹੀ ਹੋਈ ਭਲੇਮਾਣਸੀ ਜਿਸ ਨਾਲ ਉਨ੍ਹਾਂ ਵੱਲੋਂ ਨਿਭਾਇਆ ਹਰੇਕ ਕਿਰਦਾਰ ਰੰਗਿਆ ਹੋਇਆ ਦਿਸਦਾ। ਦਰਸ਼ਕ ਓਸੇ ਨੂੰ ਹੁੰਗਾਰਾ ਭਰਦੇ, ਪਿਆਰਦੇ। ਦਰਸ਼ਕਾਂ ਨੂੰ ਉਨ੍ਹਾਂ 'ਤੇ ਇੱਕ ਭਰੋਸਾ ਸੀ। ਅਤੇ ਭਰੋਸਾ, ਮੇਰਾ ਮੰਨਣਾ ਹੈ, ਉਹ ਸਭ ਤੋਂ ਹੀ ਡੂੰਘਾ ਰਿਸ਼ਤਾ ਹੈ ਜੋ ਕੋਈ ਐਕਟਰ ਆਪਣੇ ਦਰਸ਼ਕਾਂ ਨਾਲ ਬਣਾਅ ਸਕਦਾ ਹੈ।

ਇਹ ਮੇਰੀ ਜ਼ਿੰਦਗੀ ਦੀ ਇੱਕ ਖ਼ੁਸ਼ਕਿਸਮਤੀ ਰਹੀ ਹੈ ਕਿ ਉਹ ਮੇਰੇ ਨਿੱਜੀ ਤੌਰ 'ਤੇ ਸਭ ਤੋਂ ਸ਼ਾਨਦਾਰ ਸਿਨੇਮਾ-ਸਫ਼ਰਾਂ ਵਿਚ ਮੇਰੇ ਨਾਲ ਸਨ। ਉਨ੍ਹਾਂ ਵਰ੍ਹਿਆਂ ਮੈਨੂੰ ਇੱਕ ਐਕਟਰ ਬਣਾਇਆ ਅਤੇ ਸ਼ਖ਼ਸੀਅਤ ਪੱਖੋਂ ਇੱਕ ਅਮੀਰੀ ਦਿੱਤੀ। ਧਰਮੇਂਦ੍ਰ ਹਰ ਲੈ-ਦੇ ਵਿਚ ਇੱਕ ਫੱਬਤ ਲਿਆਉਂਦੇ ਸਨ, ਹਰੇਕ ਪੇਸ਼ਕਾਰੀ ਵਿਚ ਇੱਕ ਡੂੰਘਿਆਈ, ਅਤੇ ਓਸ ਪੇਸ਼ੇ ਵਿਚ ਇੱਕ ਚੁਪੀਤਾ ਵਕਾਰ ਜੋ ਅਕਸਰ ਤਾਂ ਆਪਣੇ ਸਾਧਕਾਂ ਨੂੰ ਪੈਰੋਂ ਡੁਲਾਉਂਦਾ ਉਨ੍ਹਾਂ ਉੱਤੇ ਹਾਵੀ ਹੀ ਹੋ ਜਾਂਦਾ ਹੈ। ਮੈਨੂੰ ਅਜੇ ਵੀ "ਰੌਕੀ ਐਂਡ ਰਾਨੀ ਦੀ ਪ੍ਰੇਮ ਕਹਾਨੀ" ਨੂੰ ਕਬੂਲ ਨਾ ਕਰਨ ਦਾ ਅਫ਼ਸੋਸ ਹੈ। ਕੋਵਿਡ, ਡਾਕਟਰ, ਖ਼ੌਫ਼- ਇਨ੍ਹਾਂ ਮੈਨੂੰ ਰੋਕਿਆ ਸੀ। ਏਨੇ ਸਾਰੇ ਸਾਲਾਂ ਬਾਅਦ ਉਨ੍ਹਾਂ ਨਾਲ ਪਰਦੇ ਦੀ ਸਾਂਝ ਬਹੁਤ ਕਮਾਲ ਦੀ ਰਹਿੰਦੀ। ਖ਼ੈਰ, ਇਹ ਨਹੀਂ ਹੋਣਾ ਸੀ।

ਅਖੀਰ ਵਿਚ ਆਖਾਂਗੀ ਕਿ, ਉਨ੍ਹਾਂ ਦੀ ਵਿਰਾਸਤ ਸਿਰਫ਼ ਉਨ੍ਹਾਂ ਦੀਆਂ ਬਹੁਤ ਹੀ ਸਾਰੀਆਂ ਫ਼ਿਲਮਾਂ ਦੀ ਨਹੀਂ ਹੈ, ਇਹ ਤਾਂ ਹੈ ਉਹ ਕੋਮਲਤਾ ਜਿਸ ਨਾਲ ਉਨ੍ਹਾਂ ਆਪਣੇ ਇਸ ਸਫ਼ਰ ਨੂੰ ਮਾਲਾਮਾਲ ਰੱਖਿਆ। ਉਨ੍ਹਾਂ ਨੂੰ ਜਾਨਣਾ, ਉਨ੍ਹਾਂ ਨਾਲ ਕੰਮ ਕਰਨਾ, ਇੱਕ ਵਿਰਲੀ-ਅਣਮੋਲ ਅਤੇ ਟਿਕਵੀਂ ਰੌਸ਼ਨੀ ਨੂੰ ਹੰਢਾਉਣਾ ਸੀ, ਅਜਿਹੀ ਕਿ ਜਿਸ ਨਾ ਸਿਰਫ਼ ਪਰਦੇ ਨੂੰ ਰੌਸ਼ਨ ਕੀਤਾ, ਸਗੋਂ ਉਨ੍ਹਾਂ ਸੰਗ ਖਲੋਤੇ ਅਸੀਂ ਸਾਰੇ ਉਸ ਰੌਸ਼ਨੀ ਨੂੰ ਹੰਢਾਉਂਦੇ।

ਕਿਤੇ, ਪੰਜਾਬ ਦੇ ਖੇਤਾਂ ਉੱਤੇ ਦਿਨ ਦੇ ਸਿਖਰ 'ਤੇ, ਮੈਨੂੰ ਤਾਂ ਲੱਗ ਰਿਹਾ ਹੈ ਕਿ ਉਹ ਅਜੇ ਵੀ ਹੱਸ ਰਹੇ ਹਨ ਆਪਣਾ ਉਹੀ ਖੁੱਲ੍ਹਾ, ਆਪਣੇ ਆਪ ਨੂੰ ਵੀ ਹਾਸੇ ਦਾ ਪਾਤਰ ਬਣਾਉਂਦਾ-ਕਰਦਾ ਹਾਸਾ। ਸੈਂਕੜੇ ਨਿੱਕੇ ਸ਼ਹਿਰਾਂ ਦੇ ਸਿਨੇਮਾ ਘਰਾਂ ਦੇ ਹਾੱਲਾਂ ਵਿਚ ਰੌਸ਼ਨੀਆਂ ਨੀਵੀਆਂ ਹੋ ਗਈਆਂ ਹਨ। ਕੋਈ ਹਰਮੋਨਿਕਾ "ਯੇ ਦੋਸਤੀ" ਦੀ ਧੁਨ ਵਜਾਉਂਦੀ ਪਈ ਹੈ ਕਿਤੇ, ਅਤੇ ਨੌਜਵਾਨ ਮੁੰਡੇ ਕੁੜੀਆਂ, ਜਿਨ੍ਹਾਂ ਨੂੰ ਉਨ੍ਹਾਂ ਤੋਂ ਵਾਂਝੀ ਕਿਸੇ ਦੁਨੀਆ ਦਾ ਕੋਈ ਇਲਮ ਹੀ ਨਹੀਂ ਹੈ, ਆਪਣੇ ਅੰਦਰ ਇੱਕ ਨਿੱਕਾ ਜਿਹਾ ਦਰਦ ਮਹਿਸੂਸ ਕਰਦੇ ਹਨ ਕਿ ਕੁਝ ਹੈ ਜੋ ਹਮੇਸ਼ਾ ਹਮੇਸ਼ਾ ਲਈ ਚਲਾ ਗਿਆ ਹੈ ਅਤੇ ਅਸੀਂ, ਜੋ ਆਪਣੀਆਂ ਜ਼ਿੰਦਗੀਆਂ ਇਸ ਵਿਚ ਲਾ ਦਿੰਦੇ ਹਾਂ ਕਿ ਕਲਾ ਦੇ ਨਾਜ਼ੁਕ ਜਾਲ ਵਿਚ ਸੱਚ ਨੂੰ ਫੜੀਏ, ਚੇਤੇ ਰੱਖਾਂਗੇ ਇੱਕ ਅਜਿਹਾ ਆਦਮੀ ਜੋ ਬੱਸ ਜ਼ਿੰਦਗੀ ਨੂੰ ਜਿਊਂਦਾ ਸੀ, ਅਖ਼ਤਿਆਰ ਨਾਲ, ਸ਼ਾਨ ਨਾਲ ।

ਮਿਹਰਬਾਨੀ ਧਰਮ, ਮੇਰੇ ਜਨਮਦਿਨ ਦੇ ਸੰਗੀ, ਉਸ ਰੌਸ਼ਨੀ ਲਈ ਜੋ ਤੁਸੀਂ ਏਨੀ ਹੌਲੀ-ਫੁੱਲ ਆਪਣੇ ਨਾਲ ਨਾਲ ਰੱਖੀ। ਮੈਨੂੰ ਯਕੀਨ ਹੈ ਕਿ ਸੁਰਗਾਂ ਵਿਚ ਤੁਹਾਡੀ ਆਮਦ ਨਾਲ, ਦੇਵਤੇ ਵੀ "ਚੁਪਕੇ ਚੁਪਕੇ" ਮੁਸਕ੍ਰਾਅ ਰਹੇ ਹੋਣਗੇ। (IE)

ਅਨੁਵਾਦ: ਪੂਨਮ ਸਿੰਘ

ਰੇਡੀਓ ਦੀਆਂ ਯਾਦਾਂ:
ਸੀਜ਼ਨ ਦੋ ਐਪੀਸੋਡ 23

ਕੁਲਵੰਤ ਸਿੰਘ ਵਿਰਕ ਦੀ ਕਹਾਣੀ "ਖੱਬਲ" ਏਨੀ ਸਹਿਜਤਾ ਨਾਲ ਲਿਖੀ ਗਈ ਹੈ ਤੇ ਏਨਾ ਵੱਡਾ ਸੰਦੇਸ਼ ਦੇ ਗਈ ਹੈ। ਸਵੀਰਾ ਨਾਲ ਗੱਲ ਕਰ ਰਹੀ ਸੀ ਪਿੱਛੇ ਜਿਹੇ। ਕੁੜੀ ਨੂੰ ਆਪਣੇ ਪਾਪਾ ਦੀ ਹਰ ਕਹਾਣੀ ਦਾ ਸੰਦਰਭ-ਹਵਾਲਾ ਯਾਦ ਸੀ। ਪੂਰੀ ਇੰਟਰਵਿਊ ਲਿਖਾਂਗੀ ਕਿਸੇ ਦਿਨ।

ਕੁਝ ਦਿਨ ਪਹਿਲਾਂ "ਤੇਰਾ ਸਿੰਘ ਚੰਨ ਯਾਦਗਾਰੀ ਮੇਲਾ" ਦੇਖਣ ਦਾ ਮੌਕਾ ਪ੍ਰਾਪਤ ਹੋਇਆ।

ਮੇਰੇ ਲਈ ਕੁਝ ਜ਼ਿਆਦਾ ਹੀ ਮਹੱਤਵ ਸੀ ਇਸ ਮੇਲੇ ਦਾ।

ਦੀਪਕ ਚਰਨਾਥਲ ਤੇ ਭੁਪਿੰਦਰ ਮਲਿਕ ਵਿਆਹ ਧਰ ਕੇ ਬੈਠੇ ਹੋਏ ਸਨ! ਭੱਜ ਭੱਜ ਕੇ ਕੰਮ ਕਰ ਰਹੇ ਸਨ ਦੋਵੇਂ।

ਮੇਲੇ ਦੀਆਂ ਰੌਣਕਾਂ ਦੇਖਣ ਵਾਲੀਆਂ ਸਨ। ਸਿਮਰਨਜੀਤ ਗਰੇਵਾਲ ਮੇਲਣ ਬਣੀ ਘੁੰਮ ਰਹੀ ਸੀ। ਰੇਖਾ ਨੇ ਬੜੇ ਪਿਆਰ ਨਾਲ ਮੈਨੂੰ ਬਿਠਾਇਆ।

ਬਲਕਾਰ ਸਿੱਧੂ, ਸ਼ਾਇਰ ਭੱਟੀ ਤੇ ਅਜ਼ੀਮ ਨੇ ਪੂਰਾ ਧਿਆਨ ਰੱਖਿਆ। ਮੇਰੇ ਕਹਿਣ 'ਤੇ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਕਵੀ ਦਰਬਾਰ ਵਿੱਚ ਲੈ ਕੇ ਗਏ।

ਮੈਂ ਉੱਥੇ ਮਨਜੀਤ ਇੰਦਰਾ ਨੂੰ ਮਿਲਣਾ ਸੀ ਤੇ ਉਹਦੇ ਸੱਦੇ 'ਤੇ ਉਸ ਦਿਨ ਉਸਦੇ ਘਰ ਜਾਣਾ ਸੀ- ਇਹ ਗੱਲ ਹੋਰ ਹੈ ਕਿ ਇੱਕ ਦਿਨ ਦੀ ਥਾਂ ਪੰਜ ਦਿਨ ਰਹੀ ਮੈਂ ਉਸਦੇ ਘਰ।

ਡਾਕਟਰ ਸਰਬਜੀਤ ਸਿੰਘ ਤੇ ਡਾਕਟਰ ਸੁਖਦੇਵ ਸਿੰਘ ਸਿਰਸਾ ਨੂੰ ਮੇਲੇ ਵਿੱਚ ਹੀ ਮਿਲੀ, ਪਹਿਲੀ ਵਾਰ। ਕਵੀ ਦਰਬਾਰ ਵਿੱਚ ਮਨਮੋਹਨ ਸਿੰਘ ਪਹਿਲੀ ਵਾਰ ਮਿਲੇ।

ਕਿੰਨੇ ਹੀ ਅਦੀਬ ਉਸ ਦਿਨ ਪਹਿਲੀ ਵਾਰ ਮਿਲੇ।

ਗੁਰਪ੍ਰੀਤ ਘੁੱਗੀ ਵੀ ਪਹਿਲੀ ਵਾਰ ਮਿਲੇ ਪਰ ਲੱਗਾ ਹੀ ਨਹੀਂ। ਸਵਰਨਜੀਤ ਸਵੀ ਮੇਲੇ ਵਿੱਚੋਂ ਵਾਪਸ ਜਾਂਦੇ ਜਾਂਦੇ 'ਮੱਥਾ ਟੇਕਣ' ਆਏ। ਉਹਦਾ ਬਿਨਾਂ ਕੋਈ ਬੋਲ ਸਾਂਝਾ ਕੀਤੇ ਜਾਣਾ ਥੋੜ੍ਹਾ ਅਜੀਬ ਜਿਹਾ ਲੱਗਾ ਕਿਉਂਕਿ ਰੇਡੀਓ ਵਿੱਚ ਮੇਰੇ ਬੁਲਾਵੇ 'ਤੇ ਆਏ ਸਵੀ ਦੀਆਂ ਗੱਲਾਂ ਮੁੱਕਦੀਆਂ ਨਹੀਂ ਸਨ ਹੁੰਦੀਆਂ। ਉਹਨੂੰ ਚੁੱਪ ਕਰਾਉਣਾ ਔਖਾ ਹੋ ਜਾਂਦਾ ਸੀ ਕਈ ਵਾਰ।

ਮਨਜੀਤ ਇੰਦਰਾ ਨਾਲ ਬਹੁਤ ਗੱਲਾਂ ਹੋਈਆਂ। ਇੱਕ ਦੂਜੇ ਨੂੰ ਸਮਝਣ ਦਾ ਮੌਕਾ ਮਿਲਿਆ।

ਦਰਬਾਰ ਸਾਹਿਬ ਜਾ ਕੇ ਆਈ ਹਾਂ। ਦੀਪ ਤੇ ਹਰਮੀਤ ਲੈ ਕੇ ਗਏ। ਇਕੱਲੇ ਤਾਂ ਮੈਂ ਕੀ, ਉਥੇ ਚੰਗਾ ਭਲਾ ਨਹੀਂ ਜਾ ਸਕਦਾ ਕੋਈ....

ਉਸਤੋਂ ਬਾਅਦ ਅਸੀਂ ਪ੍ਰੀਤਨਗਰ ਗਏ।

ਮੈਨੂੰ ਹੈਰਾਨੀ ਹੋਈ ਸੁਣ ਕੇ ਕਿ ਹਰਮੀਤ ਤੇ ਦੀਪ, ਪੂਨਮ ਤੇ ਰੱਤੀ ਨੂੰ ਨਹੀਂ ਮਿਲੇ ਕਦੇ। ਜਾਣਦੇ ਹਨ ਇੱਕ ਦੂਜੇ ਨੂੰ, ਮਿਲੇ ਨਹੀਂ ਸੀ ਕਦੇ।

ਇਹ ਸੰਜੋਗ ਉਸੇ ਦਿਨ ਹੋਣਾ ਸੀ।

ਮੈਂ ਪ੍ਰੀਤਲੜੀ ਬਹੁਤ ਛੋਟੀ ਉਮਰ ਵਿੱਚ ਪੜ੍ਹਨ ਲੱਗ ਪਈ ਸੀ। ਮੇਰੇ ਮਾਂ ਪਿਓ ਨੇ ਮੇਰੀ ਸਾਂਝ ਅੱਖਰਾਂ ਨਾਲ ਤਿੰਨ ਚਾਰ ਸਾਲ ਦੀ ਉਮਰ ਵਿੱਚ ਪੁਆ ਦਿੱਤੀ ਸੀ। ਪੰਜਾਬੀ ਦੇ ਨਾਲ ਨਾਲ ਸੰਸਕ੍ਰਿਤ, ਉਰਦੂ, ਹਿੰਦੀ, ਅੰਗਰੇਜ਼ੀ ਵੀ ਪੜ੍ਹਾਈ ਜਾਂਦੀ ਸੀ, ਮੈਨੂੰ। ਛੇਵੇਂ ਸਾਲ ਵਿੱਚ ਮੈਂ ਪਹਿਲੀ ਨਹੀਂ ਚੌਥੀ ਜਮਾਤ ਵਿੱਚ ਦਾਖ਼ਲ ਹੋਈ ਸਾਂ!

ਅਨੂ, ਮਨੂ ਵੀ ਇਸੇ ਤਰ੍ਹਾਂ ਪੜ੍ਹੀਆਂ ਹਨ। ਮਨੂ ਪਿੰਡ ਰਹਿਣ ਕਰਕੇ ਰਮਾਇਣ ਤੇ ਮਹਾਂਭਾਰਤ ਵਰਗੇ ਗ੍ਰੰਥਾਂ ਦਾ ਪਾਠ ਅੱਠਵੀਂ ਜਮਾਤ ਪਾਸ ਕਰਨ ਤੋਂ ਪਹਿਲਾਂ ਕਰ ਚੁੱਕੀ ਸੀ।

ਸਾਡੇ ਪਿੰਡ ਵਾਲੇ ਘਰ ਮੈਗਜ਼ੀਨ ਆਉਂਦੇ ਸਨ, ਬਹੁਤ। ਸੰਗੀਤ ਨਾਲ ਸਬੰਧਤ ਵੀ, ਵੈਦਗਿਰੀ ਨਾਲ ਵਾਬਸਤਾ ਵੀ। ਹਿੰਦੀ ਤੇ ਪੰਜਾਬੀ ਦੇ ਧਰਮਯੁਗ, ਸਪਤਾਹਿਕ ਹਿੰਦੁਸਤਾਨ, ਸਰਿਤਾ, ਮੁਕਤਾ, ਸਾਰਿਕਾ, ਪ੍ਰੀਤਲੜੀ ਇਲਸਟਰੇਟਿਡ ਵੀਕਲੀ, ਵਗੈਰਾ। ਨਹੀਂ, ਇਹ ਨਵੇਂ ਇਸ਼ੂ ਨਹੀਂ ਸੀ ਹੁੰਦੇ! ਪਿਤਾ ਕਬਾੜੀ ਤੋਂ ਪੁਰਾਣੇ ਅੰਕ ਕੌਡੀਆਂ ਦੇ ਭਾਅ ਖ਼ਰੀਦ ਲਿਆਉਂਦੇ ਸਨ।

ਪ੍ਰੀਤਲੜੀ ਪੜ੍ਹਦਿਆਂ ਮੈਂ 'ਦਾਰ ਜੀ' ਨੂੰ ਚਿੱਠੀ ਲਿਖ ਕੇ ਕੁਝ ਅਣਸੁਲਝੇ

ਸਵਾਲਾਂ ਦੇ ਜਵਾਬ ਪੁੱਛੇ। ਜਵਾਬ ਆਇਆ। ਇਹ ਸਿਲਸਿਲਾ ਕਈ ਸਾਲ ਚੱਲਿਆ। ਅੱਖਾਂ ਅੱਗੇ ਪ੍ਰੀਤਨਗਰ ਆ ਜਾਂਦਾ। ਹੁਣ ਤੱਕ ਆ ਰਿਹਾ ਸੀ।

ਸੋਚਿਆ ਇਸ ਵਾਰ ਜਾ ਹੀ ਆਉਣਾ। ਪੂਨਮ ਨਾਲ ਗੱਲ ਕੀਤੀ। ਉਹਨੇ ਬੜੇ ਪਿਆਰ ਨਾਲ ਕਿਹਾ "ਆਜੋ"।

ਪੂਨਮ ਤੇ ਰੱਤੀ ਉਡੀਕ ਰਹੇ ਸਨ ਜਦੋਂ ਮੈਂ ਦੀਪ ਤੇ ਹਰਮੀਤ ਨਾਲ ਪ੍ਰੀਤ ਨਗਰ ਪਹੁੰਚੀ।

ਸੋਚਿਆ ਸੀ ਅੱਧਾ ਘੰਟਾ ਰੁਕ ਕੇ ਮੁੜ ਆਵਾਂਗੇ। ਮੈਂ ਵਾਪਸ ਜਲੰਧਰ ਵੀ ਆਉਣਾ ਸੀ। ਪਰ ਗੱਲਾਂ ਹੀ ਨਹੀਂ ਸਨ ਮੁੱਕ ਰਹੀਆਂ।

ਰੱਤੀ ਚਾਹੁੰਦਾ ਸੀ ਮੈਂ ਰੁਕ ਜਾਵਾਂ। ਉਹ ਮੇਰੀ ਸਿਹਤ ਲਈ ਚਿੰਤਾਤੁਰ ਸੀ। ਉਹਨੇ ਮੈਨੂੰ ਇਕੱਨਵੇਂ ਵਿੱਚ ਦੇਖਿਆ ਸੀ ਤੇ ਉਹਨੂੰ ਮੇਰਾ ਸਟਿੱਕ ਨਾਲ ਚੱਲਣਾ ਚੰਗਾ ਨਹੀਂ ਸੀ ਲੱਗ ਰਿਹਾ।

ਆਪਣੇ ਚਾਹ ਦੇ ਕੱਪ ਵਿੱਚ ਜਦੋਂ ਮੈਂ ਚੀਨੀ ਦੇ ਚੱਮਚ ਪਾਏ ਤਾਂ ਉਹ ਉਨ੍ਹਾਂ ਨੂੰ ਗਿਣ ਕੇ ਪਰੇਸ਼ਾਨ ਹੋ ਗਿਆ। ਕਹਿੰਦਾ, ਤੁਸੀਂ ਰਹੋ ਇੱਥੇ- ਮੈਂ ਕਰਵਾਉਂਦਾਂ ਤੁਹਾਡੀ ਚੀਨੀ ਬੰਦ। ਪੂਨਮ ਹੱਸੀ। ਕਹਿੰਦੀ ਆਪ ਭਾਵੇਂ ਹੁਣੇ ਖਾਧੀ ਹੋਏ, ਚੋਰੀ ਚੋਰੀ। ਰੱਤੀ ਕਹਿ ਰਿਹਾ ਸੀ ਇਸ ਸ਼ੁੱਧ ਵਾਤਾਵਰਨ ਵਿੱਚ ਰਹਿ ਕੇ ਖੇਤਾਂ ਦੀ ਸੈਰ ਕਰੋਗੇ, ਆਪਣੇ ਆਪ ਠੀਕ ਹੋ ਜਾਵੋਗੇ।

ਜਲਦੀ ਦੋਬਾਰਾ ਆਉਣ ਦਾ ਵਾਅਦਾ ਕਰਕੇ ਮੈਂ ਦੀਪ ਤੇ ਹਰਮੀਤ ਨਾਲ ਵਾਪਸ ਆ ਗਈ।

ਦੀਪ ਦੀ ਤਸੱਲੀ ਨਹੀਂ ਸੀ ਹੋਈ ਮੈਨੂੰ ਸਵੇਰੇ ਦੋ ਪਰਾਉਂਠੇ ਖਵਾ ਕੇ। ਜ਼ਬਰਦਸਤੀ ਛੋਲੇ ਭਟੂਰੇ ਖੁਆ ਉਨ੍ਹਾਂ ਮੈਨੂੰ ਵਿਦਾ ਕੀਤਾ, ਅੰਮ੍ਰਿਤਸਰੋਂ, ਤਾਂ ਕਿ ਮੈਂ ਵਕਤ ਨਾਲ ਘਰ ਪਹੁੰਚ ਜਾਵਾਂ।

ਇੱਕ ਯਾਦਗਾਰੀ ਦਿਨ ਬਣ ਗਿਆ ਇਹ!

ਉਹ ਜਿਉਂਦੀ ਹੈ....-29

ਡਾ.ਉਮਾ ਤ੍ਰਿਲੋਕ

ਨਵੀਂ ਅੰਗ੍ਰੇਜ਼ੀ ਕਿਤਾਬ

ਇੱਕ ਵਾਰ ਬੜੀਆਂ ਸੋਚਾਂ ਵਿਚ ਪਏ, ਜਿਵੇਂ ਆਪਣੇ ਆਪ ਨਾਲ ਹੀ ਗੱਲ ਕਰ ਰਹੇ ਉਨ੍ਹਾਂ (ਇਮਰੋਜ਼-ਸੰ.) ਕਿਹਾ ਸੀ, "ਕਿਸ ਤਰ੍ਹਾਂ ਦੱਸਾਂ ਮੈਂ ਤੈਨੂੰ ਅੰਮ੍ਰਿਤਾ ਅਤੇ ਆਪਣੇ ਬਾਰੇ?

"ਮੁਹੱਬਤ ਦਾ ਰਿਸ਼ਤਾ ਕਦੇ ਖ਼ਤਮ ਨਹੀਂ ਹੁੰਦਾ।
ਮੁਹੱਬਤ ਕਰਨਾ, ਕੁਦਰਤ ਵਾਂਗ, ਇੱਕ ਚੱਲ ਰਿਹਾ ਸਿਲਸਿਲਾ ਹੈ।
ਜਦੋਂ ਤੁਸੀਂ ਕਹਿੰਦੇ ਹੋ ਕਿ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ,
ਤੁਸੀਂ ਇਹ ਨਹੀਂ ਕਹਿ ਸਕਦੇ ਹੁੰਦੇ ਕਿ ਤੁਸੀਂ ਉਸਨੂੰ ਬਥੇਰਾ ਪਿਆਰ ਕਰ ਲਿਆ ਹੈ।
ਅਸਲ ਵਿਚ ਤਾਂ ਤੁਸੀਂ ਇਸਦੀਆਂ ਹੱਦਾਂ ਨਹੀਂ ਬੰਨ੍ਹ ਸਕਦੇ ਹੁੰਦੇ।

ਜਦੋਂ ਤੁਸੀਂ ਪਿਆਰਦੇ ਹੋ...ਨਾ ਸਿਰਫ਼ ਤੁਸੀਂ ਪਿਆਰਦੇ ਹੀ ਜਾਂਦੇ ਹੋ...ਤੁਸੀਂ ਹੋਰ ਪਿਆਰ ਕਰਦੇ ਹੋ...ਅਤੇ ਹੋਰ...ਅਤੇ ਹੋਰ ਵੀ ਜ਼ਿਆਦਾ।
ਅਸਮਾਨ ਵੀ ਹੱਦ ਨਹੀਂ ਹੈ।

ਪਿਆਰਨਾ ਜਿਊਣ ਦੀ ਲਗਾਤਾਰ ਕਲਾ ਹੈ।
ਤੁਸੀਂ ਇਸਦੀ ਡੂੰਘਿਆਈ ਜਾਂ ਉਚਿਆਈ ਤੱਕ ਕਦੇ ਵੀ ਨਹੀਂ ਪਹੁੰਚ ਸਕਦੇ।
ਤੁਸੀਂ ਸਿਰਫ਼ ਵਧੇਰੀ ਮੌਲਿਕਤਾ-ਕਾਢਕਾਰੀ-ਜੁਗਤੀਪੁਣੇ ਨਾਲ, ਵਧੇਰੀ ਇਮਾਨਦਾਰੀ-ਦਿਆਨਤਦਾਰੀ ਨਾਲ ਪਿਆਰ ਸਕਦੇ ਹੋ, ਅਤੇ ਹੋਰ ਵੀ ਵਧੇਰੇ ਘਣਾ।

ਜਦੋਂ ਤੁਸੀਂ ਪਿਆਰ ਦੀ ਗਿਣਤੀ-ਮਿਣਤੀ ਅਤੇ ਸਿਫ਼ਤ-ਕਿਸਮ ਨੂੰ ਮਾਪਣ ਲੱਗ ਜਾਂਦੇ ਹੋ...
ਫੇਰ ਤਾਂ..
ਤੁਹਾਨੂੰ ਪਿਆਰ ਹੈ ਹੀ ਨਹੀਂ ਹੈ ਬਿਲਕੁਲ ਵੀ।

ਸਗੋਂ ਤੁਹਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ

ਮੈਂ ਆਪਣੇ ਪਿਆਰੇ ਨੂੰ ਹੋਰ ਵਧੇਰੇ ਕੀ ਕੀ ਦੇ ਸਕਦਾ / ਸਕਦੀ ਹਾਂ..

ਜੇ ਤੁਹਾਡੀ ਆਪਣੇ ਪਿਆਰੇ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਮਨਜ਼ੂਰ ਹੋ ਜਾਏ ਤਾਂ ਤੁਸੀਂ ਖ਼ੁਸ਼ਕਿਸਮਤ ਹੁੰਦੇ ਹੋ।"

ਇਮਰੋਜ਼ ਦੇ ਮੁਤਾਬਕ,
"ਪਿਆਰ ਚੁਪਚਾਪ ਆਉਂਦਾ ਹੈ,
ਤੁਹਾਡੀ ਹਸਤੀ ਵਿਚ ਘੁਲ ਮਿਲ ਜਾਂਦਾ ਹੈ
ਖ਼ਿਆਲ ਸਕੈੱਚ ਬਣ ਜਾਂਦੇ ਹਨ
ਰੰਗ ਇਨ੍ਹਾਂ ਨੂੰ ਭਰਦੇ ਹਨ
ਜ਼ਿੰਦਗੀ ਇੱਕ ਚਾਅ ਬਣ ਜਾਂਦੀ ਹੈ
ਅਤੇ ਤੁਸੀਂ
ਇਸਦੇ ਜਲੌਅ ਦਾ ਨਿੱਘ ਮਾਣਦੇ ਹੋ।"

ਅਨੁ: ਪੂਨਮ ਸਿੰਘ

ਨਵਤੇਜ, ਪ੍ਰੀਤ ਲੜੀ :

ਪ੍ਰੋ.ਸਵਰਨਜੀਤ ਕੌਰ ਮਹਿਤਾ

ਜਿਸ ਚਾਅ ਅਤੇ ਸ਼ਰਧਾ ਨਾਲ ਪ੍ਰੀਤ ਲੜੀ ਪਰਿਵਾਰ ਨੇ ਨਵਤੇਜ ਸਿੰਘ (ਪ੍ਰੀਤ ਲੜੀ) ਦੀ ਜਨਮ ਸ਼ਤਾਬਦੀ ਪ੍ਰੀਤ ਲੜੀ ਰਾਹੀਂ ਮਨਾਈ ਹੈ, ਬਹੁਤ ਹੀ ਚੰਗਾ ਲੱਗਾ ਹੈ! 2025 ਦੀ ਪ੍ਰੀਤ ਲੜੀ ਦੇ ਹਰ ਮਹੀਨੇ ਦੇ ਪਰਚੇ ਵਿਚ ਨਵਤੇਜ ਜੀ ਦੀਆਂ ਲਿਖਤਾਂ, ਜੋ ਜਿਵੇਂ ਭੁੱਲੀਆਂ ਵਿਸਰੀਆਂ ਵੀ ਹੋਈਆਂ ਸਨ, ਮੁੜ ਪੜ੍ਹਨ ਨੂੰ ਮਿਲੀਆਂ।
'ਦਾਰ ਜੀ', ਨਵਤੇਜ ਜੀ ਅਤੇ ਸਾਰੇ ਪਰਿਵਾਰ ਨਾਲ ਕੋਈ ਪੰਜ ਦਹਾਕਿਆਂ ਤੋਂ ਇੱਕ ਅਟੁੱਟ ਸਾਂਝ ਬਣੀ ਰਹੀ ਹੈ- ਇਸ ਮੌਕੇ ਸਿਰਫ਼ ਨਵਤੇਜ ਜੀ ਬਾਰੇ ਹੀ ਲਿਖਾਂਗੀ। ਉਨ੍ਹਾਂ ਨਾਲ ਬੜੀਆਂ ਮਿੱਠੀਆਂ ਯਾਦਾਂ ਹਨ।
ਅੰਮ੍ਰਿਤਸਰ ਵਿਚ ਪਹਿਲੀ ਪ੍ਰੀਤ ਮਿਲਣੀ ਵਿਚ ਮੇਲ ਹੋਇਆ ਅਤੇ ਫਿਰ ਨੇੜਤਾ, ਪਿਆਰ, ਸਤਿਕਾਰ ਦਾ ਰਿਸ਼ਤਾ ਓਦੋਂ ਤੋਂ ਬਣਿਆ ਅਤੇ ਹੁਣ ਤੱਕ ਨਿਭ ਰਿਹਾ ਹੈ।

ਹਾਂ, ਇੱਕ ਯਾਦ ਕੁਝ ਵੱਖਰੀ ਹੀ ਚੇਤੇ ਹੈ : ਇੱਕ ਵਾਰ ਚੰਡੀਗੜ੍ਹ ਆਏ ਹੋਏ ਨਵਤੇਜ ਜੀ ਨੂੰ ਮੈਂ ਅਤੇ ਮਹਿਤਾ ਜੀ ਮਿਲਣ ਗਏ- ਉਸ ਵੇਲੇ ਨਵਤੇਜ ਜੀ ਦੀ ਸਰੀਰਕ ਹਾਲਤ ਕੈਂਸਰ ਦੀ ਬਿਮਾਰੀ ਕਾਰਨ ਵਿਗੜੀ ਹੋਈ ਸੀ ਅਤੇ ਚੰਡੀਗੜ੍ਹ ਇਲਾਜ ਚੱਲ ਰਿਹਾ ਸੀ ਅਤੇ ਫੇਰ ਇਲਾਜ ਲਈ ਮੁੰਬਈ ਜਾਣਾ ਪੈਣਾ ਸੀ। ਉਹ ਬਿਮਾਰੀ ਨੂੰ ਬਹੁਤ ਹੀ ਆਸ਼ਾਵਾਦ ਨਾਲ ਲੈ ਰਹੇ ਸਨ -ਪਰ ਅਚਾਨਕ, ਮਨੋਵਿਗਿਆਨਕ ਤੌਰ 'ਤੇ ਕੁਝ ਬੋਝ ਪੈਣ ਨਾਲ ਸ਼ਾਇਦ, ਮਾਨਸਿਕ ਹਾਲਤ ਉੱਤੇ ਵੀ ਜ਼ੋਰ ਪੈ ਗਿਆ। ਆਪਣੀ ਆਦਤ ਤੋਂ ਉਲਟ ਉਹ ਕਿਸੇ ਨਾਲ ਵੀ ਠੀਕ ਤਰ੍ਹਾਂ ਗੱਲ ਨਹੀਂ ਕਰ ਰਹੇ ਸਨ- ਗੁੱਸੇ ਵਿਚ ਸਨ। ਘਾਬਰੇ ਹੋਏ ਮਹਿੰਦਰ ਭਾਬੀ ਜੀ ਨੇ ਪ੍ਰੋਫ਼ੈਸਰ ਸਾਹਿਬ (ਪ੍ਰੋ. ਹਰਕਿਸ਼ਨ ਸਿੰਘ ਮਹਿਤਾ) ਨੂੰ ਕਿਹਾ ਕਿ ਡਾ. ਨੇਕੀ ਨੂੰ ਸੱਦ ਲਿਆਓ। ਉਹ ਜਾ ਕੇ ਲੈ ਆਏ ਅਤੇ ਡਾ. ਨੇਕੀ ਦੇ ਆਉਂਦਿਆਂ ਹੀ ਉਨ੍ਹਾਂ ਦੀਆਂ ਕੁਝ ਦ੍ਰਿੜਤਾ ਨਾਲ ਦਿੱਤੀਆਂ ਹਿਦਾਇਤਾਂ - ਪੱਗ ਠੀਕ ਕਰੋ, ਮੇਜ਼ ਸਿੱਧਾ ਕਰੋ, ਆਦਿ, ਮੰਨਣ ਤੋਂ ਬਾਅਦ, ਝੱਟਪਟ ਹੀ, ਸਾਡੀਆਂਅੱਖਾਂ ਦੇ ਸਾਹਮਣੇ ਹੀ ਨਵਤੇਜ ਜੀ ਆਮ ਵਾਂਗ ਹੁੰਦੇ ਗਏ ਸਨ! ਹਾਂ, ਪਹਿਲਾਂ ਤਾਂ ਨਵਤੇਜ ਜੀ ਦੀ ਛਾਤੀ 'ਤੇ ਧੱਫਾ ਮਾਰ ਕੇ ਉਨ੍ਹਾਂ ਕੁਝ ਜ਼ੋਰ ਦੀ ਤਾੜਨਾ ਕਰਨ ਵਾਂਗ ਆਖਿਆ ਸੀ - "ਨਵਤੇਜ!!" (ਹੁਣ ਪੂਨਮ ਨੇ ਦੱਸਿਆ ਹੈ ਕਿ "ਇਹ ਉਨ੍ਹਾਂ ਦੇ ਅਚੇਤ ਮਨ ਦੇ ਅਚਾਨਕ ਉਨ੍ਹਾਂ ਉੱਤੇ ਹਾਵੀ ਹੋ ਜਾਣ ਦੀ ਹਾਲਤ ਸੀ। ਮਾਹਿਰ ਡਾਕਟਰ ਵੱਲੋਂ ਇਓਂ ਚੇਤਾਇਆਂ, ਉਹ ਮੁੜ ਆਪਣੇ ਆਪ ਵਿਚ ਆ ਗਏ ਸਨ।")

ਸੁਰਿੰਦਰ ਗੀਤ

ਐ ਮੇਰੀ ਕਲਮ

ਮੇਰੀ ਕਲਮ
ਤੂੰ ਮੇਰੇ ਮਨ 'ਚ ਰਹਿ
ਏਨੀ ਡੂੰਘੀ ਲਹਿ
ਕਿ ਮੇਰੇ ਮਨ ਦੇ
ਹਰ ਫੁਰਨੇ ਨੂੰ ਜੀਭ
ਲੱਗ ਜਾਵੇ
ਮੇਰਾ ਹਰ ਫੁਰਨਾ
ਉਹ ਆਵਾਜ਼ ਬਣ ਜਾਵੇ
ਜੋ ਉੱਚੇ ਮਹਿਲਾਂ ਨੂੰ
ਆਪਣੇ ਉੱਚੇ ਹੋਣ ਦਾ
ਭਰਮ ਭੁਲਾ ਦੇਵੇ
ਤੇ ਝੁੱਗੀਆਂ ਨੂੰ
ਮਹਿਲਾਂ ਦੇ ਕਿੰਗਰਿਆਂ
'ਤੇ ਚਮਕਦੀ
ਆਪਣੇ ਖ਼ੂਨ ਦੀ ਕੋਰ
ਦਿਖਾਅ ਦੇਵੇ
ਮੇਰੀ ਕਲਮ
ਤੂੰ ਮੇਰੇ ਮਨ 'ਚ ਰਹਿ
ਏਨੀ ਡੂੰਘੀ ਲਹਿ
ਕਿ ਮੇਰੇ ਮਨ ਦੇ ਹਰ
ਫ਼ੁਰਨੇ ਨੂੰ
ਜੀਭ ਲੱਗ ਜਾਵੇ।

ਢਲਦੀ ਉਮਰਾ

ਕੰਬਦੇ ਹੱਥ ਵਿੱਚ
ਕੰਬਦੀ ਕਾਪੀ ਕਲਮ
ਦੇਖ ਕੇ
ਝੂਰ ਨਾ ਐਵੇਂ
ਆਪਣੀ ਢਲਦੀ
ਉਮਰਾ ਤਾਂਈਂ
ਘੂਰ ਨਾ ਐਵੇਂ
ਜਿਉਂ ਜਿਉਂ
ਤੇਰੀ ਉਮਰਾ ਢਲਦੀ
ਸ਼ਬਦਾਂ ਉੱਤੇ
ਜਵਾਨੀ ਚੜ੍ਹਦੀ
ਹੱਕ ਤੇ ਸੱਚ ਦੇ
ਸੂਹੇ ਰੰਗ ਵਿੱਚ
ਰੰਗ ਹੀਣਾਂ ਨੂੰ
ਜਾਵੇ ਰੰਗਦੀ।

ਸੈਰ ਦੇ ਬਹਾਨੇ

ਜਦੋਂ
ਮਨੁੱਖਤਾ ਦੇ ਲਹੂ ਦੀਆਂ
ਘੁੱਟਾਂ ਭਰਦੀਆਂ
ਫ਼ਿਰਕਾਪ੍ਰਸਤੀ
ਦੀ ਬਦਬੂ
ਨਾਲ ਲੱਦੀਆਂ
ਰਾਜਨੀਤੀ ਦੀਆਂ ਮਾਰੂ
ਖੇਡਾਂ ਖੇਡਦੀਆਂ
ਮਨੁੱਖਤਾ ਨੂੰ ਨਪੀੜਦੀਆਂ
ਖ਼ਬਰਾਂ
ਮੈਨੂੰ ਬੇਚੈਨ ਕਰਦੀਆਂ ਹਨ
ਓਦੋਂ ਮੈਂ
ਕਵਿਤਾ ਦੀ ਤਲਾਸ਼
ਕਰਦੀ ਹਾਂ
ਸੈਰ ਦੇ ਬਹਾਨੇ
ਬਾਹਰ ਨਿਕਲਦੀ ਹਾਂ
ਕਿ ਸ਼ਾਇਦ ਕੋਈ ਕਵਿਤਾ
ਫੁੱਟ-ਪਾਥ 'ਤੇ
ਤੁਰੀ ਆਉਂਦੀ ਮਿਲ ਜਾਵੇ
ਤੇ ਸ਼ਾਇਦ ਉਹ ਮੇਰੇ ਵੱਲ ਹੀ
ਆ ਰਹੀ ਹੋਵੇ
ਜਾਂ ਕਿਸੇ ਫੁੱਲਦਾਰ ਝਾੜੀ
'ਚੋਂ ਨਿਕਲ
ਮੇਰੀ ਚੁੰਨੀ ਦੀ ਨੁੱਕਰ ਫੜ
ਮੈਨੂੰ ਖੜ੍ਹਾ ਕਰ ਲਵੇ
ਮੇਰੀ ਕਲਮ ਦੀ ਨੋਕ 'ਤੇ
ਆ ਬੈਠੇ
ਵੇਂਹਦੇ ਵੇਂਹਦੇ
ਕੋਰੇ ਕਾਗਜ਼ 'ਤੇ ਵਿਛ ਜਾਵੇ
ਤੇ ਮੈਂ....
ਕਵਿਤਾ ਦੇ ਗਲ਼ ਲੱਗ ਜਾਵਾਂ
ਮਨੁੱਖਤਾ ਦਾ ਦਰਦ
ਨੈਣਾਂ ਥਾਣੀਂ ਵਹਾਅ
ਹੌਲੀ ਫੁੱਲ ਹੋ ਜਾਵਾਂ...

ਖੁੰਢੀ ਕਰਨੀ

ਸੂਰਜ ਚੜ੍ਹਿਆ
ਕਿਰਨਾਂ ਦੇ ਹੱਥ
ਮੈਨੂੰ ਇਕ ਸੁਨੇਹਾ ਘੱਲਿਆ
ਮਨ ਮਸਤਕ ਦਾ ਬੂਹਾ
ਲੰਘ ਕੇ
ਮੇਰੇ ਦਿਲ ਦੇ ਵਿਹੜੇ ਬਹਿ ਕੇ
ਕਿਰਨਾਂ ਨੇ ਉਹ
ਸੁਰਖ਼ ਸੁਨੇਹਾ
ਸੁੰਨੀ ਤਲੀ ਟਿਕਾਇਆ

ਇਹ ਤਾਂ ਸੀ ਲਫ਼ਜ਼ਾਂ ਦੀ ਡਾਰ
ਮੋਹ ਮੁਹੱਬਤ ਅਤੇ ਪਿਆਰ
ਮਾਨਵਤਾ ਦੇ ਦੇਸ਼ ਨੂੰ ਜਾਂਦੀ
ਹੱਦਾਂ ਸਰਹੱਦਾਂ ਦੇ ਉਸ ਪਾਰ
ਸੀਸ ਤਲੀ 'ਤੇ ਧਰ, ਪਿਆਰੇ ਦੀ
ਗਲੀ 'ਚ ਜਾਣੇ ਦਾ ਇਕਰਾਰ

ਮੇਰੇ ਹੱਥ ਫੜਾਅ ਕੇ ਕਾਨੀ
ਲਫ਼ਜ਼ ਦੁਆਲੇ ਘੁੰਮਣ ਲੱਗੇ
ਅੱਖਾਂ ਦੇ ਵਿਚ ਪਾ ਕੇ ਅੱਖਾਂ
ਮੈਨੂੰ ਇਉਂ ਸਮਝਾਵਣ ਲੱਗੇ
ਇਹ ਕਾਨੀ ਤੇਰਾ ਹਥਿਆਰ
ਇਸ ਦੇ ਨਾਲ ਤੂੰ ਖੁੰਢੀ
ਕਰਨੀ
ਬੇਇਨਸਾਫ਼ੀ ਧੱਕੇਸ਼ਾਹੀ ਦੀ
ਤਿੱਖੀ ਤੋਂ ਤਿੱਖੀ ਧਾਰ।

ਇਨਕਲਾਬ

ਟਾਹਣੀ ਉੱਤੇ ਫੁੱਲ ਦੀ
ਡੋਡੀ
ਖਿੜਨੇ ਦੇ ਲਈ
ਜਦ ਰਾਜ ਸੱਤਾ ਤੋਂ
ਆਗਿਆ ਮੰਗੇ
ਬਾਗਾਂ ਦੇ ਰਖ਼ਵਾਲੇ ਖ਼ੁਦ ਹੀ
ਬਾਗਾਂ ਵਿੱਚ ਕਰਾਵਣ ਦੰਗੇ
ਓਦੋਂ ਸਾਡੀ ਧਰਤੀ ਕੰਬੇ
ਓਦੋਂ ਪੌਣ ਮਹਿਕ ਤੋਂ ਸੰਗੇ
ਓਦੋਂ ਕੁਦਰਤ ਦੇ ਰੰਗ
ਸਾਰੇ
ਸੂਲੀ ਉੱਤੇ ਜਾਂਦੇ ਟੰਗੇ
ਗੀਤ ਗ਼ਜ਼ਲ ਕਵਿਤਾਵਾਂ
ਓਦੋਂ
ਇਨਕਲਾਬ ਵਿੱਚ ਜਾਂਦੇ
ਰੰਗੇ।

ਮੇਰੀਆਂ ਨਜ਼ਮਾਂ

ਅੱਜਕਲ੍ਹ
ਮੇਰੀਆਂ ਨਜ਼ਮਾਂ
ਤੇਰੀਆਂ ਨਜ਼ਮਾਂ ਦੀ ਗੱਲ
ਕਰਦੀਆਂ ਹਨ
ਤੇਰੀਆਂ ਨਜ਼ਮਾਂ ਦੀ ਪੈੜ 'ਚ
ਆਪਣੀ ਪੈੜ ਟਿਕਾਅ
ਤੇਰੇ ਪਿੱਛੇ ਪਿੱਛੇ
ਆਉਂਦੀਆਂ ਹਨ
ਤੇ
ਮੇਰੀਆਂ ਅਧੂਰੀਆਂ ਸਤਰਾਂ
ਤੇਰੇ ਲਫ਼ਜ਼ਾਂ ਨਾਲ ਰਲ਼ ਕੇ
ਪੂਰੀਆਂ ਸਤਰਾਂ ਬਣ
ਲੁੱਟ-ਖਸੁੱਟ ਕਰਨ ਵਾਲੇ
ਲੋਟੂ ਟੋਲਿਆਂ ਨਾਲ
ਲੜਨ ਲਈ
ਨੰਗੇ ਧੜ ਖੜ੍ਹੀਆਂ ਹਨ ।

ਮੈਂ ਕਦੋਂ ਕਿਹਾ ਸੀ

ਮੈਂ ਕਦੇ ਨਹੀਂ ਕਿਹਾ
ਕਿ ਤੁਸੀਂ
ਮੇਰਾ ਗੀਤ ਸੁਣੋ
ਬੇਹੇ ਜਿਹੇ ਫੁੱਲਾਂ ਦਾ ਹਾਰ
ਮੇਰੇ ਗਲ਼ 'ਚ ਪਾ ਕੇ
ਮੰਡੀ ਮੁਕਾਬਲੇ
ਤੇ ਮੁਨਾਫ਼ੇ ਦੀ ਭੀੜ ਵਿੱਚ
ਧਕੇਲ ਦੇਵੋ।

ਮੈਂ ਕਦੋਂ ਕਿਹਾ ਸੀ
ਕਿ
ਮੇਰੇ ਗੀਤ ਨੂੰ
ਸਾਜ਼ਾਂ ਦੇ ਨਾਲ ਨਾਲ
ਤੁਰਨ ਦੇਵੋ
ਸੁਰਾਂ ਦੇ ਸਾਹਾਂ ਵਿੱਚ
ਸਾਹ ਰਲਾਉਣ ਦੇਵੋ

ਅਜ਼ਾਦ ਹਵਾ ਵਿੱਚ
ਸਾਹ ਲੈਣ ਦੇਵੋ
ਸੂਰਜ ਦੀਆਂ ਕਿਰਨਾਂ
ਵਿੱਚ
ਨਹਾਉਣ ਦੇਵੋ
ਮੈਨੂੰ ਵੇਖ ਲੈਣ ਦੇਵੋ
ਫੁੱਲਾਂ ਦੇ ਖਿੜਨ ਦੇ
ਢੰਗ ਤਰੀਕੇ

ਤੇ ਮੁਸਕਰਾਉਣ ਦੇ ਸਲੀਕੇ

ਸੱਚ ਲਈ ਮਰਨ ਦੇਵੋ
ਸੱਚ ਲਈ ਜੀਣ ਦੇਵੋ।

ਬਾਹਾਂ

ਉਸ ਨੇ ਕਿਹਾ
ਤੂੰ ਪਹਾੜੋਂ ਉਤਰਦੀ ਨਦੀ ਹੈਂ
ਮੈਂ ਖ਼ੁਸ਼ ਹੋ ਕੇ
ਸਿਰ ਝੁਕਾਇਆ
ਤੇ ਕਿਹਾ
ਜੇਕਰ ਏਦਾਂ ਹੈ ਤਾਂ ਤੂੰ
ਆਪਣੀਆਂ ਦੋਨਾਂ ਬਾਹਾਂ ਨੂੰ
ਮੇਰੇ ਦੋ ਕਿਨਾਰੇ
ਬਣਾਅ ਕੇ ਰੱਖੀਂ
ਤੇ ਓਦੋਂ ਤਕ ਰੱਖੀਂ
ਜਦੋਂ ਤਕ ਮੈਂ
ਸਾਗਰ 'ਚ ਲੀਨ ਹੋ
ਸਾਗਰ ਨਾ ਹੋ ਜਾਵਾਂ ।

ਬਲੋਚਿਸਤਾਨ ਦੀਆਂ ਛੇ ਯਾਦਾਂ (ਅਖੀਰਲੀ ਕੜੀ) ਗੁਰਬਖ਼ਸ਼ ਸਿੰਘ

1927 -

3. ਅਹਿਸਾਨ ਮੰਨਣ ਲਈ ਵੀ ਜਿਗਰਾ ਚਾਹੀਦਾ ਹੈ

ਤੀਜੀ ਯਾਦ ਇੱਕ ਸੁਹਿਰਦ ਅੰਗਰੇਜ਼ ਦੀ ਹੈ, ਜਿਸ ਨੂੰ ਅਹਿਸਾਨ ਮੰਨਣੋਂ ਕੁਝ ਸੰਕੋਚ ਜਿਹਾ ਸੀ। ਭਰ ਸਿਆਲੇ ਦੀ ਇੱਕ ਰਾਤ ਇਨ੍ਹਾਂ ਦੀ ਮੋਟਰ-ਕਾਰ ਮੇਹਤਰਜ਼ਾਈ ਦੇ ਨੇੜੇ ਬਰਫ਼ ਵਿਚ ਫਸ ਗਈ। ਮੈਂ ਉਸ ਰਾਤ ਡਾਕ-ਬੰਗਲੇ ਵਿਚ ਉਤਰਿਆ ਹੋਇਆ ਸਾਂ- ਮੈਨੂੰ ਸੁਨੇਹਾ ਮਿਲਣ ਉਤੇ ਮੈਂ ਮਦਦ ਭੇਜੀ। ਸਾਹਿਬ ਆ ਗਏ, ਪਰ ਉਨ੍ਹਾਂ ਦੇ ਬਹਿਰੇ ਨੇ ਭਰੀ ਹੋਈ ਮੋਟਰ ਛੱਡ ਕੇ ਆਉਣਾ ਮਨਜ਼ੂਰ ਨਾ ਕੀਤਾ।

ਇਹ ਸਾਹਿਬ ਲੋਹੇ ਦੀਆਂ ਕਾਨਾਂ ਦੀ ਮਾਲਕ ਕੰਪਨੀ ਦੇ ਮੁਖੀ ਸਨ। ਇਲਾਕੇ ਵਿਚ ਇਨ੍ਹਾਂ ਦਾ ਬੜਾ ਰਸੂਖ ਸੀ। ਇੱਕ ਤਰ੍ਹਾਂ ਦੇ ਇਹ ਅੰਗਰੇਜ਼ੀ ਸਫ਼ੀਰ ਸਨ। ਇਨ੍ਹਾਂ ਲਈ ਮੈਂ ਖਾਣਾ ਤਿਆਰ ਕਰਾਇਆ, ਪਰ ਝਕਦਿਆਂ ਝਕਦਿਆਂ ਇਨ੍ਹਾਂ ਆਖਿਆ, "ਮੇਰੇ ਲਈ ਖਾਣੇ ਦੀ ਤਕਲੀਫ਼ ਨਾ ਕਰੋ, ਪਰ ਜੇ ਮੇਰੇ ਬਹਿਰੇ ਨੂੰ ਕੁਝ ਭਿਜਵਾ ਸਕੋ।"

ਉਸ ਠੰਢ ਵਿਚ ਕਿਸੇ ਨੂੰ ਦੋ ਮੀਲਾਂ ਉਤੇ ਰੋਟੀ ਲਿਜਾਣ ਲਈ ਤਿਆਰ ਕਰਨਾ ਸੌਖਾ ਨਹੀਂ ਸੀ - ਪਰ ਰੋਟੀ ਆਖ਼ਰ ਪਹੁੰਚ ਹੀ ਗਈ। ਆਪਣੀ ਵੱਲੋਂ ਸਾਹਿਬ ਆਖਣ ਕਿ ਉਨ੍ਹਾਂ ਨੂੰ ਭੁੱਖ ਨਹੀਂ। ਬੜਾ ਹੀ ਜ਼ੋਰ ਦੇਣ ਉਤੇ ਬਹੁਤ ਥੋੜ੍ਹਾ ਉਨ੍ਹਾਂ ਖਾਧਾ।

ਸਾਹਿਬ ਮੇਰੇ ਕੋਲ ਹੀ ਸੁੱਤੇ। ਬਿਸਤਰੇ ਆਪਣੇ 'ਚੋਂ ਦੋ ਕੰਬਲ ਕੱਢ ਕੇ ਉਨ੍ਹਾਂ ਆਪਣੇ ਬਹਿਰੇ ਨੂੰ ਭਿਜਵਾ ਦਿੱਤੇ ਸਨ, ਸਿਰਫ਼ ਇੱਕੋ ਆਪਣੇ ਲਈ ਰੱਖਿਆ ਸੀ। ਮੇਰੇ ਕੋਲ ਇੱਕ ਕੰਬਲ ਵਾਧੂ ਸੀ, ਪਰ ਮੇਰੀ ਭੇਟ ਉਨ੍ਹਾਂ ਪਰਵਾਨ ਨਾ ਕੀਤੀ।

ਅੱਧੀ ਕੁ ਰਾਤ ਸੀ ਕਿ ਉਨ੍ਹਾਂ ਨੂੰ ਛਿੜੀਆਂ ਨਿੱਛਾਂ ਨੇ ਮੈਨੂੰ ਜਗਾ ਦਿੱਤਾ। ਮੈਂ ਵੇਖਿਆ ਉਹ ਡਾਢੇ ਗੁੱਛੂ-ਮੁੱਛੂ ਹੋ ਕੇ ਪਏ ਸਨ, ਬਿਨਾਂ ਉਨ੍ਹਾਂ ਕੋਲੋਂ ਪੁੱਛੇ ਮੈਂ ਆਪਣਾ ਕੰਬਲ ਉਨ੍ਹਾਂ ਉਤੇ ਪਾ ਦਿੱਤਾ। ਸਵੇਰੇ ਸਾਧਾਰਨ ਸ਼ੁਕਰੀਏ ਨਾਲ ਉਨ੍ਹਾਂ ਮੈਨੂੰ ਕੰਬਲ ਮੋੜ ਦਿੱਤਾ। ਪਰ ਆਪਣੇ ਟਿਕਾਣੇ, ਹਿੰਦੂ ਬਾਗ ਪਹੁੰਚ ਕੇ ਉਨ੍ਹਾਂ ਮੈਨੂੰ ਬੜਾ ਨਿੱਘਾ ਖ਼ਤ ਲਿਖਿਆ ਤੇ ਨਾਲੇ ਪੰਜੀ ਰੁਪਈਏ ਮੇਰੇ ਆਦਮੀਆਂ ਲਈ ਇਨਾਮ ਭੇਜਿਆ। ਏਸ ਖ਼ਤ ਦੇ ਜਵਾਬ ਵਿਚ ਮੈਂ ਉਨ੍ਹਾਂ ਨੂੰ ਇਹ ਲਿਖਿਆ:

"ਤੁਹਾਡੀ ਖ਼ੁਸ਼ੀ ਲਈ ਰੁਪਈਏ ਮੈਂ ਆਪਣੇ ਆਦਮੀਆਂ ਨੂੰ ਦੇ ਦਿੱਤੇ ਹਨ - ਪਰ ਤੁਹਾਡੇ ਸ਼ੁਕਰੀਏ ਉਤੇ ਮੈਨੂੰ ਆਪਣਾ ਕੋਈ ਹੱਕ ਨਹੀਂ ਜਾਪਦਾ। ਜੋ ਥੋੜ੍ਹਾ ਮੈਂ ਤੁਹਾਡੇ ਲਈ ਕਰ ਸਕਿਆ ਉਹ ਮੇਰੀ ਥਾਂ ਹੁੰਦੇ ਕਿਸੇ ਵੀ ਅਫ਼ਸਰ ਦਾ ਫ਼ਰਜ਼ ਸੀ। ਮੈਂ ਸਿਰਫ਼ ਇੱਕ ਕੰਬਲ ਤੁਹਾਨੂੰ ਦਿੱਤਾ ਸੀ ਜਿਦ੍ਹੀ ਤੁਹਾਨੂੰ ਕੋਈ ਲੋੜ ਨਹੀਂ ਸੀ, ਜਾਂ ਦੋ ਗਰਾਹੀਆਂ ਖਾਣਾ ਤੁਹਾਨੂੰ ਖੁਆਇਆ ਸੀ ਜਿਦ੍ਹੀ ਤੁਹਾਨੂੰ ਭੁੱਖ ਨਹੀਂ ਸੀ।"

ਮੇਰੇ ਖ਼ਤ ਦੇ ਜਵਾਬ ਵਿਚ ਤੁਰੰਤ ਉਨ੍ਹਾਂ ਲਿਖ ਘੱਲਿਆ।

"ਮੈਂ ਮਹਾਂ-ਮੂਰਖ ਸਾਂ ਕਿ ਤੁਹਾਡੀ ਭੇਟ ਪਰਵਾਨ ਕਰਨ ਦਾ ਜਿਗਰਾ ਨਾ ਰਖ ਸਕਿਆ। ਪਰ ਸੱਚ ਆਖਦਾ ਹਾਂ, ਜੇ ਤੁਸਾਂ ਉਸ ਰਾਤ ਮੈਨੂੰ ਖਾਣਾ ਨਾ ਖੁਆਇਆ ਹੁੰਦਾ ਤੇ ਨਾ ਆਪਣੇ ਆਪ ਉਹ ਕੰਬਲ ਮੇਰੇ ਉਤੇ ਪਾਇਆ ਹੁੰਦਾ, ਤਾਂ ਅੱਜ ਮੈਂ ਕਬਰ ਵਿਚ ਦਫ਼ਨਾਇਆ ਹੋਣਾ ਸੀ।"

ਇਸ ਦੇ ਬਾਅਦ ਆਪਣੀ ਪਤਨੀ ਸਮੇਤ ਉਹ ਸਾਡੀ ਕੋਠੀ ਖਣਾਈ ਆਏ। ਹੱਸ ਹੱਸ ਕੇ ਤੇ ਵਧਾ ਚੜ੍ਹਾ ਕੇ ਉਸ ਰਾਤ ਦੀਆਂ ਗੱਲਾਂ ਉਨ੍ਹਾਂ ਨੇ ਮੇਰੀ ਪਤਨੀ ਨੂੰ ਸੁਣਾਈਆਂ, "ਵੇਖੋ ਮੇਰੀ ਆਕੜ - ਅਹਿਸਾਨ ਮੰਨਣਾ ਮੰਨਿਆ ਨਾ, ਪਰ ਮੌਤ ਬੁਲਾ ਲਈ- ਜੇ ਓਦੋਂ ਵੀ ਪੁਛ ਕੇ ਇਹ ਕੰਬਲ ਪਾਂਦੇ ਤਾਂ ਕੀ ਪਤਾ ਮੈਂ ਆਕੜ ਵਿਚ ਆ, ਆਕੜ ਜਾਣਾ ਚੁਣ ਲੈਂਦਾ ਤੇ ਕੰਬਲ ਲੈਣੋਂ ਇਨਕਾਰ ਕਰ ਦੇਂਦਾ- ਪਰ ਸੱਚ ਮੰਨੋਂ - ਤੁਹਾਡੇ ਘਰ ਵਾਲੇ ਨੇ ਮੇਰੀ ਆਕੜ ਭੰਨ ਦਿੱਤੀ ਏ।"

4. ਰਸੀਲੀ ਤਾਨ ਦਾ ਭਖਦਾ ਚਿੱਤਰ

ਚੌਥੀ ਯਾਦ ਸ਼ਿੰਗਰਫ਼ (ਇੱਕ ਲਾਲ ਧਾਤ, ਕੁਦਰਤੀ ਸੰਧੂਰ ਵਰਗੀ-ਸੰ.) ਵਰਗੇ ਰੰਗ ਵਾਲੇ ਇੱਕ ਨੌਜਵਾਨ ਬਲੋਚੀ ਦੀ ਹੈ। ਡਾਕ ਬੰਗਲੇ ਵਿਚ ਭੀੜ ਹੋਣ ਕਰਕੇ ਮੈਂ ਉਥੋਂ ਦੇ ਰਈਸ ਖ਼ਾਨ ਬਹਾਦਰ ਦੀ ਮਹਿਮਾਨੀ ਜਾ ਮੰਗੀ। ਇਹ ਬੜੇ ਜ਼ਿੰਦਾ-ਦਿਲ ਬਲੋਚੀ ਸਨ। ਬੜੀਆਂ ਖੁੱਲ੍ਹੀਆਂ ਗੱਲਾਂ ਕਰਦੇ ਤੇ ਸੰਗੀਤ ਦਾ ਵੀ ਸ਼ੌਕ ਰਖਦੇ ਤੇ ਆਖਿਆ ਕਰਦੇ ਸਨ, "ਅਪਨੀ ਉਮਰ ਮੇਂ ਮੈਂ ਖ਼ੂਬ ਗਾਇਆ ਕਰਤਾ ਥਾ - ਲੇਕਿਨ ਅਬ ਵਕਤ ਐਸੇ ਆ ਗਏ ਹੈਂ ਕਿ ਗਾਨਾ ਗਲੇ ਮੇਂ ਸ਼ਰਮਾ ਜਾਤਾ ਹੈ। ਹਮਾਰੇ ਇਰਦ ਗਿਰਦ ਕਿਤਨੀ ਨਾ-ਖ਼ੁਸ਼ੀ ਹੈ।"

ਉਸ ਸ਼ਾਮ ਉਹ ਮੇਰੇ ਨਾਲ ਚਾਹ ਪੀ ਰਹੇ ਸਨ ਕਿ ਬਾਹਰੋਂ ਕਿਸੇ ਦੇ ਗੌਣ ਦੀ ਏਡੀ ਪਿਆਰੀ ਤਾਨ ਉਠੀ ਕਿ ਖ਼ਾਨ ਬਹਾਦਰ ਚੌਂਕ ਪਏ।

"ਬੁਲਾਓ ਇਸ ਕੋ - ਲਾਓ ਇਸ ਕੋ ਅੰਦਰ - ਯੇ ਤਾਨ ਤੋ ਮੈਂ ਗਾਇਆ ਕਰਤਾ ਥਾ - ਜੋ ਆਜ ਭੀ ਇਸ ਤਰ੍ਹੇ ਗਾ ਸਕਤਾ ਹੈ, ਵੋਹ ਬੜਾ ਹੀ ਕੋਈ ਬਹਾਦਰ ਹੋਗਾ।"

ਗੌਣ ਵਾਲਾ ਅੰਦਰ ਆ ਗਿਆ। ਖੋਤਿਆਂ ਉਤੇ ਭਾਰ ਢੋਣ ਵਾਲਾ ਸੱਚੀਂ ਮੁੱਚੀਂ ਇੱਕ ਸਜੀਲਾ ਜਵਾਨ ਸੀ। ਚੌੜੇ ਮੱਥੇ ਦੇ ਦੋਹੀਂ ਪਾਸੀਂ ਕੁੰਡਲੀਆਂ ਕਲਮਾਂ, ਨਿੱਕੀ ਨਿੱਕੀ ਕੱਕੀ ਦਾੜ੍ਹੀ, ਮੁਸਕਰਾਂਦੇ ਬੁੱਲ੍ਹ, ਸ਼ਿੰਗਰਫ਼ ਵਰਗਾ ਰੰਗ, ਅੱਖਾਂ ਵਿਚ ਚੜ੍ਹਦੀ ਜਵਾਨੀ ਦਾ ਖ਼ੁਮਾਰ, ਪੋਸਤੀਨੀ ਕੁੜਤੀ ਗਲ ਵਿਚ, ਤੇ ਤੇੜ ਮੈਲੀ ਜਿਹੀ ਸਲਵਾਰ। ਆਪਣੀ ਰੰਗੀਲੀ ਤਾਨ ਦਾ ਉਹ ਭਖ਼ਦਾ ਚਿੱਤਰ ਸੀ।

ਬਲੋਚਿਸਤਾਨ ਦੀਆਂ ਛੇ ਯਾਦਾਂ

1927 –

5. ਪ੍ਰੀਤ ਨਾਲ ਦੋ ਜਿੰਦਾਂ ਤੁਲ ਗਈਆਂ

ਪਠਾਣਾਂ ਤੇ ਬਲੋਚਾਂ ਵਿਚ ਸ਼ਰਾਹ ਤੋਂ ਬਾਹਰੀ ਪ੍ਰੀਤ ਕੋਈ ਜਿੰਦ ਨਾਲ ਤੋਲ ਕੇ ਹੀ ਲੈ ਸਕਦਾ ਹੈ। ਰੇਲ-ਲਾਈਨ ਉਤੇ ਟਰਾਲੀ ਵਿਚ ਜਾ ਰਿਹਾ ਸਾਂ ਕਿ ਇੱਕ ਪੁਲ ਦੇ ਕੋਲ ਜੁੜਿਆ ਇਕੱਠ ਨਜ਼ਰੀਂ ਆਇਆ। ਰੁਕ ਕੇ ਪਤਾ ਕੀਤਾ। ਉਹਨਾਂ ਹੁਣੇ ਇੱਕ ਨੌਜਵਾਨ ਨੂੰ ਥਾਏਂ ਕਤਲ ਕਰ ਦਿੱਤਾ ਸੀ। ਇਹਦੀ ਢੂੰਡ ਵਿਚ ਉਹ ਦੋ ਦਿਨਾਂ ਤੋਂ ਲੱਗੇ ਹੋਏ ਸਨ। ਏਥੇ ਲੁਕਿਆ ਉਹ ਉਹਨਾਂ ਨੂੰ ਲੱਭ ਗਿਆ- ਕੋਈ ਮਿੰਨਤ ਨਹੀਂ ਸੁਣੀ ਕੋਈ ਤਰਲਾ ਨਹੀਂ ਗੌਲਿਆ- ਲਾਸ਼ ਬਣਾ ਕੇ ਵਿਛਾ ਦਿੱਤਾ। ਏਸ ਕਬੀਲੇ ਦੀ ਇੱਕ ਮੁਟਿਆਰ ਨਾਲ ਏਸ ਨੇ ਪਿਆਰ ਪਾਇਆ ਸੀ। ਉਹ ਮੁਟਿਆਰ ਵੀ ਡਰਦੀ ਕਿਤੇ ਲੁਕੀ ਹੋਈ ਸੀ। ਮੁੰਡੇ ਦੇ ਵਾਰਸਾਂ ਨੇ ਵਿਚੋਲੇ ਘਲੇ ਸਨ ਕਿ ਕੋਈ ਹਰਜਾਨਾ ਮੰਨਿਆ ਜਾਏ, ਪਰ ਮੁੰਡਾ ਉਹਨਾਂ ਮਾਰ ਮੁਕਾਇਆ – ਹੁਣ ਦੂਜੀ ਧਿਰ ਕੁੜੀ ਦੀ ਲਾਸ਼ ਮੰਗਦੀ ਸੀ। ਜਿੰਨਾ ਚਿਰ ਉਹ ਕੁੜੀ ਏਸ ਮੁਰਦੇ ਨਾਲ ਮੁਰਦਾ ਨਹੀਂ ਕੀਤੀ ਜਾਂਦੀ, ਇਹ ਮੁਰਦਾ ਦਫ਼ਨਾਇਆ ਨਹੀਂ ਜਾਏਗਾ।

ਮੈਂ ਕੁੱਝ ਆਖਣਾ ਚਾਹਿਆ, ਪਰ ਮੇਰੇ ਟਰਾਲੀ ਵਾਲੇ ਬਲੋਚੀਆਂ ਨੇ ਮੈਨੂੰ ਸਮਝਾ ਦਿੱਤਾ, "ਬਿਲਕੁਲ ਬੇ-ਸੂਦ ਸਾਹਿਬ, ਉਹ ਕੁੜੀ ਹੁਣ ਨਹੀਂ ਬਚ ਸਕਦੀ।"

ਸ਼ਾਮ ਨੂੰ ਜਦੋਂ ਅਸੀਂ ਵਾਪਸ ਆ ਰਹੇ ਸਾਂ, ਦੋਏ ਲਾਸ਼ਾਂ ਦਫ਼ਨਾਣ ਲਈ ਲਿਜਾਈਆਂ ਜਾ ਰਹੀਆਂ ਸਨ। ਰੋਣ ਧੋਣ ਦੀ ਆਵਾਜ਼ ਕੋਈ ਨਹੀਂ ਸੀ, ਹੋਣੀ ਦੀ ਤੱਕੜੀ ਸਾਵੀਂ ਤੁਲ ਗਈ। ਇੱਕ ਪਲੜੇ ਵਿਚ ਪ੍ਰੀਤ, ਦੂਜੇ ਵਿਚ ਦੋ ਲਾਸ਼ਾਂ ਸਨ। ਦੋਹਾਂ ਕਬੀਲਿਆਂ ਨੇ ਹੋਣੀ ਦਾ ਤੋਲ ਪਰਵਾਨ ਕਰ ਲਿਆ ਸੀ।

6. ਨਿੱਕੀ ਜਿਹੀ ਜਿੰਦ ਸਾਡੇ ਘਰ ਆ ਵੜੀ

ਛੇਵੀਂ ਯਾਦ ਉਸ ਨਿੱਕੀ ਜਿਹੀ ਜਿੰਦ ਦੀ ਹੈ ਜਿਹੜੀ ਜਿਉਂ ਬਲੋਚੀ ਪਹਾੜੀਆਂ ਵਿਚੋਂ ਰਾਹ ਪੁੱਛਦੀ ਪੁੱਛਦੀ ਸਾਡੇ ਘਰ ਆ ਵੜੀ। ਇਹ ਸਾਡਾ ਦੂਜਾ ਬੱਚਾ ਸੀ, ਜਿਦ੍ਹਾ ਨਾਂ ਅਸਾਂ "ਉਮਾ" ਰਖਿਆ। ਮੈਨੂੰ ਧੀ ਦੀ ਬੜੀ ਚਾਹ ਸੀ। ਇਹ ਮੇਰੀ ਚਾਹ ਪੁੰਨੂ ਦੇ ਦੇਸ ਵਿਚ ਪੂਰੀ ਹੋ ਗਈ।

ਮੇਰਾ ਚਾਅ ਅਜੇ ਵਾਧੇ ਉਤੇ ਸੀ, ਮੈਂ ਦੌਰੇ ਜਾਣਾ ਬੰਦ ਕੀਤਾ ਹੋਇਆ ਸੀ। ਮਾਂ ਦੇ ਰੂਪ ਵਿੱਚ, ਤੇ ਪਤਨੀ ਅਤੇ ਭੈਣ ਦੇ ਰੂਪ ਵਿਚ ਮੈਂ ਇਸਤਰੀ ਨੂੰ ਪਿਆਰ ਕਰ ਲਿਆ ਸੀ। ਧੀ ਦੇ ਰੂਪ ਵਿਚ ਇਹਨੂੰ ਪਿਆਰਦਾ ਮੈਂ ਰਜਦਾ ਨਹੀਂ ਸਾਂ। ਤੇਰ੍ਹਵੇਂ ਦਿਨ ਦਾ ਇਸ਼ਨਾਨ ਅਸਾਂ ਇਹਨੂੰ ਬੜੀਆਂ ਰੀਝਾਂ ਨਾਲ ਕਰਾਇਆ ਸੀ। ਉਸ ਰਾਤ ਮੈਂ ਕੋਠੀ ਦੇ ਬਾਹਰ ਸੁੱਤਾ ਹੋਇਆ ਸਾਂ ਕਿ ਛੇਤੀ ਅੰਦਰ ਆਉਣ ਲਈ ਮੈਨੂੰ ਬੁਲਾਇਆ ਗਿਆ।

"ਪੁੱਤਰ ਜੀ, ਕੰਨਿਆ ਨੂੰ ਸਾਡਾ ਘਰ ਚੰਗਾ ਨਹੀਂ ਲੱਗਾ- ਤੁਰੀ ਜਾ ਰਹੀ ਏ!" ਮੇਰੀ ਮਾਤਾ ਜੀ ਨੇ ਗਲੇਡੂ ਭਰ ਕੇ ਆਖਿਆ। ਮੇਰੀ ਪਤਨੀ ਬੜੀ ਉਦਾਸ ਉਨ੍ਹਾਂ ਦੇ ਨਾਲ ਬੱਚੀ ਉਤੇ ਝੁਕੀ ਬੈਠੀ ਸੀ। ਬੱਚੀ ਮੇਰੀ ਮਾਤਾ ਜੀ ਦੀ ਗੋਦ ਵਿਚ ਸੀ। ਮੈਂ ਪੁੱਛਿਆ ਕਿ ਹੋਇਆ ਕੀ ਏ।

"ਬਸ – ਦੁੱਧ ਪੀਣਾ ਛੱਡ ਦਿੱਤਾ ਸੂ- ਦੋਧੀ ਨੂੰ ਪਲੋਸਦੀ ਵੀ ਨਹੀਂ, ਜੀਭ ਤਾਲੂ ਨਾਲ ਲੱਗ ਗਈ ਸੂ- ਹਿਲਾਇਆਂ ਹਿਲਦੀ ਨਹੀਂ।"

ਡਾਕਟਰ ਦਾ ਖ਼ਿਆਲ ਤਾਂ ਆਉਣਾ ਨਹੀਂ। ਡਾਕਟਰ ਉਥੋਂ ਤੀਹ ਮੀਲ ਦੀ ਵਿੱਥ ਉਤੇ ਸੀ। ਦਸ ਮਿੰਟ ਮੈਂ ਬੱਚੀ ਦੇ ਅਖੀਰਲੇ ਸੁਆਸ ਉਡੀਕਦਾ ਰਿਹਾ। ਫੇਰ ਮੈਂ ਆਖਿਆ, "ਭਲਾ ਮੈਨੂੰ ਦਿਓ ਖਾਂ, ਭਾਬੀ ਜੀ।"

ਕੁੱਛੜ ਲੈ ਕੇ ਬੱਚੀ ਦੇ ਮੂੰਹ ਵੱਲ ਤਕਿਆ। ਉਹ ਮੂੰਹ ਮੈਨੂੰ ਮੁਰਦਾ ਨਾ ਜਾਪਿਆ।

"ਭਾਬੀ ਜੀ – ਮੈਨੂੰ ਤਾਂ ਇਹ ਸੁੱਤੀ ਹੋਈ ਜਾਪਦੀ ਏ।" ਤੇ ਮੈਂ ਚੰਗੀ ਤਰ੍ਹਾਂ ਉਹਦਾ ਸਿਰ ਝੂਣਿਆ। ਬੱਚੀ ਨੇ ਅੱਖਾਂ ਖੋਲ੍ਹ ਲਈਆਂ, ਤੇ ਇਹ ਅੱਖਾਂ ਬੜੀਆਂ ਜਿਊਂਦੀਆਂ ਅੱਖਾਂ ਸਨ, ਤੇ ਓਮਾ ਨੇ ਆਪਣੀ ਮਾਂ ਦੀਆਂ ਦੋਧੀਆਂ ਪਲੋਸ ਕੇ ਉਹਦੇ ਛਮ ਛਮ ਡਿਗਦੇ ਅੱਥਰੂ ਸੁਕਾ ਦਿੱਤੇ।

ਖਨਾਈ ਆਇਆਂ ਸਾਨੂੰ ਮਸਾਂ ਅੱਠ ਮਹੀਨੇ ਨਹੀਂ ਸਨ ਹੋਏ ਕਿ ਮੇਰੀ ਬਦਲੀ ਦੇ ਹੁਕਮ ਆ ਗਏ। ਕੁਝ ਸਾਥੀਆਂ ਨੇ ਚਾਹਿਆ ਕਿ ਮੇਰੀ ਬਦਲੀ ਰੋਕੀ ਜਾਵੇ, ਕਿਉਂਕਿ ਮੇਰੀ ਪਤਨੀ ਨੂੰ ਏਥੋਂ ਦਾ ਆਰਾਮ ਤੇ ਏਥੋਂ ਦੀ ਪੁਛ-ਗਿਛ ਚੰਗੇ ਲੱਗੇ ਸਨ। ਦੋਹਾਦ ਵਿਚ ਅਸੀਂ ਅਣਪੁੱਛੇ ਜਿਹੇ ਹੀ ਸਾਂ ਤੇ ਕੰਮ ਵਿਚ ਦਿਨ ਰਾਤ ਮੇਰੇ ਲੱਗਿਆਂ ਰਹਿਣ ਕਰਕੇ ਸਾਡੀ ਜਜ਼ਬਾਤੀ ਜ਼ਿੰਦਗੀ ਖੁਸ਼ਕ ਜਿਹੀ ਹੋ ਗਈ ਸੀ। ਪਰ ਏਥੇ ਦੌਰੇ ਵਿਚ ਵੀ ਮੇਰੀ ਪਤਨੀ ਮੇਰੇ ਨਾਲ ਰਹਿ ਸਕਦੀ ਸੀ, ਅਤੇ ਆਉਂਦੇ ਜਾਂਦੇ ਅੰਗਰੇਜ਼ ਅਫ਼ਸਰਾਂ ਨਾਲ ਬਰਾਬਰ ਦੀ ਮੁਲਾਕਾਤ ਨਾਲ ਇਹਨੂੰ ਬੜਾ ਕੀਮਤੀ ਤਜਰਬਾ ਹੋਇਆ ਸੀ।

ਤੇ ਮੈਨੂੰ ਵੀ ਇਹ ਤਜਰਬਾ ਹਾਸਲ ਹੋ ਗਿਆ ਕਿ ਭਾਵੇਂ ਕੰਮ ਬਿਨਾਂ ਵੀ ਜੀਵਨ ਪਲ੍ਰਦਾ ਨਹੀਂ, ਪਰ ਜੇ ਕੰਮ ਜੀਵਨ ਉਤੇ ਏਨਾ ਦਾਬੂ ਹੋ ਜਾਵੇ ਕਿ ਦੋ ਘੜੀਆਂ ਹੱਸਣ ਖੇਡਣ, ਬਹਿਸ ਕਰਨ ਜਾਂ ਕਦੇ ਮੂਰਖ ਬਣਨ ਲਈ ਵੀ ਨਾ ਮਿਲਣ ਤਾਂ ਵੀ ਇਹ ਪਲ੍ਰਦਾ ਨਹੀਂ। ਜੀਵਨ-ਸੋਮਿਆਂ ਵਿਚ ਰਸ ਘਟ ਜਾਂਦਾ ਅਤੇ ਓੜਕ ਕੰਮਾਂ ਦੇ ਬਾਗ਼ ਵੀ ਕੁਮਲਾਣ ਲੱਗ ਪੈਂਦੇ ਹਨ। ਕੰਮਾਂ ਲਈ ਯੋਗਤਾ ਘਟਦੀ ਜਾਂਦੀ ਹੈ।

ਮੇਰੀ ਪਤਨੀ ਨੂੰ ਏਥੇ ਦਾ ਜੀਵਨ ਪਿਛਲੇ ਸਮਿਆਂ ਨਾਲੋਂ ਵਧ ਚੰਗਾ ਲੱਗਾ। ਉਹਦੀ ਖ਼ਾਹਿਸ਼ ਸੀ ਕਿ ਸਾਡੀ ਬਦਲੀ ਰੁਕ ਜਾਏ ਪਰ ਹਰ ਤਬਦੀਲੀ ਲਈ ਮੇਰੀ ਸੁਭਾਵਕ ਉਤਸੁਕਤਾ ਨੇ ਬਦਲੀ ਨੂੰ ਰੋਕਣਾ ਨਾ ਚਾਹਿਆ, ਤੇ 1927 ਦੇ ਮੁੱਕਣ ਤੋਂ ਪਹਿਲਾਂ ਅਸੀਂ ਪਿਸ਼ਾਵਰ ਦੇ ਕੋਲ ਨੌਸ਼ਹਿਰੇ ਪਹੁੰਚ ਗਏ।

ਸਵੈ ਜੀਵਨੀ ਦੀਆਂ ਕਿਤਾਬਾਂ "ਸਿੰਘ ਬ੍ਰਦਰਜ਼", ਅੰਮ੍ਰਿਤਸਰ, ਤੋਂ ਮੰਗਵਾਈਆਂ ਜਾ ਸਕਦੀਆਂ ਹਨ।
ਸੰਪਰਕ: 99150 48001

ਨਵਤੇਜ ਸਿੰਘ ਯਾਦਗਾਰੀ ਪੁਰਸਕਾਰ ਦੇ ਰੂ ਬ ਰੂ

-ਅੱਜ ਤੋਂ ਵੀਹ ਸਾਲ ਪਹਿਲਾਂ ਦੀ ਗੱਲ ਹੈ। ਉਸ ਸਮੇਂ ਤੱਕ ਮੇਰੀ ਸਿਰਫ਼ ਇੱਕ ਕਥਾ -ਪੁਸਤਕ "ਸਿਖ਼ਰ ਦੁਪਹਿਰਾ" ਛਪੀ ਸੀ। ਉਸ ਦੀ ਛਾਪ ਨਾਲ ਐਸੀ ਕਹਾਣੀ ਤੁਰੀ ਕਿ ਮੈਂ ਸਿੱਧਾ ਪ੍ਰੀਤਨਗਰ (ਅੰਮ੍ਰਿਤਸਰ) ਜਾ ਪਹੁੰਚਿਆ। ਉੱਥੋਂ ਦੀ ਸਾਹਿਤ ਸਭਾ "ਪੰਜਾਬੀ ਸਾਹਿਤ ਕਲਾ ਮੰਚ ਪ੍ਰੀਤਨਗਰ" ਨੇ ਮੈਨੂੰ ਆਵਾਜ਼ ਮਾਰੀ ਸੀ। ਉਸਦੇ ਸਰਪ੍ਰਸਤ ਮੁਖਤਾਰ ਗਿੱਲ, ਪ੍ਰਧਾਨ ਧਰਵਿੰਦਰ ਔਲਖ ਤੇ ਸਕੱਤਰ ਬਲਦੇਵ ਸਿੰਘ ਕੰਬੋ ਸਨ। ਉਹਨਾਂ ਨੇ ਮੈਨੂੰ "ਕਹਾਣੀਕਾਰ ਨਵਤੇਜ ਸਿੰਘ ਯਾਦਗਾਰੀ ਪੁਰਸਕਾਰ -05 "ਦੇਣ ਦਾ ਫੈਸਲਾ ਕੀਤਾ ਸੀ। ਦਿਨ, ਤਰੀਕ, ਮਹੀਨਾ ਤਾਂ ਯਾਦ ਨਹੀਂ। ਮੈਂ ਪ੍ਰਾਪਤ ਪ੍ਰੋਗਰਾਮ ਅਨੁਸਾਰ ਬੱਸ ਵਿੱਚ ਬੈਠ ਪ੍ਰੀਤਨਗਰ ਜਾ ਪਹੁੰਚਿਆ। ਉੱਥੇ ਟੈਂਟ ਲਗਾ ਕੇ ਲੇਖਕਾਂ ਪਾਠਕਾਂ ਦਾ ਭਰਵਾਂ ਇਕੱਠ ਸੀ। ਉਸ ਦਾਨਿਸ਼ਵਰ ਇਕੱਠ ਵਿੱਚ ਸਭਾ ਪ੍ਰਬੰਧਕਾਂ ਵੱਲੋਂ ਜਦੋਂ ਸਟੇਜ ਉਪਰ ਬੁਲਾ ਪੁਰਸਕਾਰ ਪ੍ਰਦਾਨ ਕੀਤਾ ਗਿਆ। ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਮੈਂ ਕਹਾਣੀਕਾਰ ਨਵਤੇਜ ਸਿੰਘ ਨੂੰ ਮਿਲ ਲਿਆ ਹੋਵਾਂ। ਉਸਦੇ ਨਾਂ ਦਾ ਸਨਮਾਨ ਪ੍ਰਾਪਤ ਕਰ ਮੈਨੂੰ ਆਪਣੀ ਕਹਾਣੀ ਨਵੇਂ ਸਿਰੇ ਤੋਂ ਪ੍ਰਭਾਸ਼ਿਤ ਹੋ ਗਈ ਜਾਪੀ। ਉੱਥੋਂ ਵਾਪਸ ਪਰਤ ਮੈਂ ਲੱਭ-ਲੱਭ ਕੇ ਨਵਤੇਜ ਸਿੰਘ ਦੀਆਂ ਕਹਾਣੀਆਂ ਦਾ ਪਾਠ ਕੀਤਾ। ਉਹ ਕਹਾਣੀਆਂ ਵਿਸ਼ਾ ਵਸਤੂ, ਪਾਤਰ ਚੋਣ, ਭਾਸ਼ਾ ਰਜਿਸਟਰ ਤੇ ਕਥਾ ਜੁਗਤਾਂ ਪੱਖੋਂ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਨਵਾਂ ਟਰੈਂਡ ਸੈੱਟ ਕਰਦੀਆਂ ਕਥਾਵਾਂ ਸਨ। ਉਹਨਾਂ ਕਹਾਣੀਆਂ ਦੇ ਕੇਂਦਰ ਵਿੱਚ ਕਾਲਜੀਵੀ ਕਥਾ-ਤੱਤ ਸੀ। ਇਹੀ ਕਾਰਨ ਹੈ ਕਿ ਦਹਾਕਿਆਂ ਬਾਅਦ ਵੀ ਅੱਜ ਮੈਨੂੰ 100ਵੀਂ ਜਨਮ ਸ਼ਤਾਬਦੀ ਉੱਪਰ ਨਵਤੇਜ ਸਿੰਘ ਨੂੰ ਮੁਬਾਰਕ ਆਖਦਿਆਂ ਹੋਇਆਂ ਉਸ ਦੀ ਕਹਾਣੀ ਰਾਹੀਂ ਉਸ ਨੂੰ ਮਿਲ ਲੈਣ ਵਰਗਾ ਅਹਿਸਾਸ ਹੋ ਰਿਹਾ ਹੈ।

ਜਸਵੀਰ ਸਿੰਘ ਰਾਣਾ

ਇਸ ਤਰ੍ਹਾਂ ਨਾ ਪੁੱਛਿਆ ਕਰ

ਹਰਜਿੰਦਰ ਸਿੰਘ ਸ਼ਮੀਰ

ਇਸ ਤਰ੍ਹਾਂ ਨਾ ਪੁੱਛਿਆ ਕਰ ਕਿ,
ਮੇਰੀਆਂ ਅੱਖਾਂ ਦਿਆਂ ਕੋਇਆਂ ਵਿੱਚੋਂ,
ਗਿੜਦੇ ਨੇ ਕੀਹਦੇ ਨਾਂਅ ਦੇ ਹੰਝੂ,
ਮੇਰੇ ਮੂੰਹ ਦੇ ਕੱਚੇ ਵਿਹੜੇ,
ਉਦਾਸੀ ਦਾ ਪੋਚਾ ਕਿਉਂ ਫਿਰਦਾ...
ਜਾਂ ਮੱਥੇ ਦੇ ਬਨੇਰੇ ਉੱਤੇ,
ਤਿਊੜੀ ਦੀਆਂ ਘੁੱਗੀਆਂ ਕੌਣ ਵਾਹੁੰਦਾ...

ਨਾ ਪੁੱਛਿਆ ਕਰ ਇਹ ਸਿੱਧੀਆਂ ਗੱਲਾਂ,
ਮੈਨੂੰ ਅੱਲ-ਵਲੱਲੀ-ਜਿਉਂਦੇ ਨੂੰ

ਜੋ ਫੋਲੀ ਸੀ, ਮੈਂ ਗਿਆਨ ਦੀ ਮਿੱਟੀ,
ਜੋ ਚੁਗੇ ਸੀ, ਜਿੰਦਗੀ ਦੇ ਮਾਅਨੇ,
ਸਭ ਡੁੱਲ੍ਹ ਗਏ ਨੇ ਬੇਰਾਂ ਵਾਂਗੂੰ,
ਤੇ ਹੁਣ ਨਹੀਂ ਲੱਭਣੇ ਲਾਲ ਗਵਾਚੇ...

ਇਸ ਲਈ ਨਾ ਪੁੱਛਿਆ ਕਰ,
ਕਿ ਮੇਰੀ ਅੱਖ ਦੀ ਚਾਦਰ ਚਿੱਟੀ ਦੇ ਕਾਲੇ ਹੀਰੇ*,
ਚਮਕ ਨੂੰ ਕਿੱਥੇ ਧੋਅ ਆਏ ਨੇ। (*ਅੱਖਾਂ ਦੇ ਚਿੱਟੇ ਵਿਚ ਡੇਲੇ)

ਮੈਥੋਂ ਹੁਣ ਬੰਬਲ ਨਹੀਂ ਵੱਟੇ ਜਾਣੇ,
ਦੁਨੀਆਦਾਰੀ ਦੀ ਖੱਡੀ ਤਾਣ
ਪੇਟੇ ਭਰ ਕੇ, ਬੁਣੇ ਰੰਗੀਲੇ ਖੇਸਾਂ ਦੇ।

ਹੁਣ ਮੇਰੇ ਮਨ ਦਾ ਲੋਗੜ, ਬਣ ਕੇ ਪੂਣੀ,
ਸਮਾਜ ਦੇ ਚਰਖੇ 'ਤੇ ਨਹੀਂ ਘੁੰਮਣਾ।

ਬੱਸ ਨਾ ਪੁੱਛਿਆ ਕਰ ਕਿ,
ਮੈਂ ਅੱਜ ਕੱਲ੍ਹ ਫੜਦਾ ਕਿਉਂ ਨਹੀਂ
ਨੱਚਦੇ ਫੰਭੇ, ਉੱਡਦੇ ਭੱਬੂ ...

ਮੇਰੇ ਪੱਲੇ ਦੀਆਂ ਚਾਰੇ ਚੁੰਡਾਂ ਦੇ ਲੜਾਂ 'ਚ ਸੱਖਣ ਹੈ,
ਕਿ ਪੁਲਾੜ ਦੇ ਵਰਗੇ ਇਸ ਖਲਾਅ 'ਚੋਂ,
ਕੀ ਲੱਭ ਲੈਣਾ, ਕੀ ਮਿਲਣਾ ਹੈ..

ਕਿਸੇ ਔਤ ਦੀ ਮੜ੍ਹੀ ਦੇ ਵਾਂਗੂੰ,
ਮੇਰੇ ਬੋਲੇ ਸ਼ਬਦਾਂ ਉੱਤੇ,
ਕਲ਼ੀ ਫੇਰ ਕੇ, ਕਿਸੇ ਦਿਵਾਲੀ,
ਘਿਉ ਦਾ ਦੀਵਾ ਬਾਲ਼ ਦੇਵੀਂ,
ਦੇਖੀਂ ਨਾ ਤੂੰ ਪਿੱਛੇ ਭਉਂ ਕੇ,
ਪੁੱਛੀਂ ਨਾ ਤੂੰ ਅੱਖਾਂ ਭਰ ਕੇ,
ਕੀ ਬਣਿਆ 'ਪਦਮ' ਪੈਰ ਦਾ,
ਫੁੱਲ 'ਨਿਰਵਾਣ' ਦਾ ਖਿੜਿਆ ਕਿਉਂ ਨਹੀਂ
....

(ਲੱਗਦਾ ਹੁੰਦਾ ਸੀ ਕਿ ਗਿਆਨ -ਜ਼ਿੰਦਗੀ ਦੇ ਮਾਇਨੇ ਦੀ ਦੌਲਤ -ਹੈ ਕੋਲ, ਪਰ ਜਦੋਂ ਦਾ ਪਤਾ ਲੱਗਾ ਸਭ ਕੁਝ ਬੇਤੁਕਾ ਹੈ, ਕੋਈ ਅਭਿਮਾਨ ਨਹੀਂ ਰਿਹਾ - ਲੇਖਕ।

7888478729, ਪਿੰਡ ਡਾਕ ਕੋਟ ਸ਼ਮੀਰ, ਜ਼ਿਲ੍ਹਾ ਬਠਿੰਡਾ Harjinderkhalsa1998@gmail.com

ਅਤਿ ਗਰੀਬ ਕਿਸਾਨ ਤੋਂ 6000 ਕਰੋੜੀ

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)

ਚੰਦੂ ਭਾਈ ਅਤੇ ਉਨ੍ਹਾਂ ਦੀ ਕੰਪਨੀ

ਅਤਿ ਗਰੀਬ ਕਿਸਾਨ ਦੇ ਪੁੱਤਰਾਂ ਨੇ ਇਮਾਨਦਾਰੀ ਅਤੇ ਸਖ਼ਤ ਮਿਹਨਤ ਨਾਲ ਖੜ੍ਹਾ ਕਰ ਦਿੱਤਾ 6000 ਕਰੋੜ ਦਾ ਕਾਰੋਬਾਰ।

ਇਹ ਕਹਾਣੀ 1970ਵਿਆਂ ਵਿੱਚ ਗੁਜਰਾਤ ਦੇ ਜਾਮਨਗਰ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਧੁੰਦੋਰਾਜੀ ਦੀ ਹੈ, ਜਿੱਥੇ ਵਿਰਾਨੀ ਪਰਿਵਾਰ ਰਹਿੰਦਾ ਸੀ ਜੋ ਬਾਕੀ ਪਿੰਡ ਵਾਲਿਆਂ ਵਾਂਗ ਖੇਤੀਬਾੜੀ ਦਾ ਕੰਮ ਕਰਦਾ ਸੀ। ਪਰਿਵਾਰ ਵਿੱਚ ਪਿਤਾ, ਪੋਪਟ ਵਿਰਾਨੀ, ਉਸ ਦੀ ਪਤਨੀ, ਚਾਰ ਪੁੱਤਰ ਅਤੇ ਦੋ ਧੀਆਂ ਸਨ। ਘਰ ਵਿੱਚ ਏਨੀ ਗ਼ਰੀਬੀ ਸੀ ਕਿ ਸਾਈਕਲ ਤੱਕ ਖਰੀਦਣ ਦੀ ਔਕਾਤ ਨਹੀਂ ਸੀ। ਉਸ ਸਮੇਂ ਇਸ ਪੱਛੜੇ ਇਲਾਕੇ ਵਿੱਚ ਅਜੇ ਬਿਜਲੀ ਨਹੀਂ ਸੀ ਆਈ ਅਤੇ ਖੇਤੀਬਾੜੀ ਸਿਰਫ਼ ਮੌਸਮ 'ਤੇ ਅਧਾਰਤ ਸੀ। ਇੱਕ ਵਾਰ ਲਗਾਤਾਰ ਦੋ ਸਾਲ ਤੱਕ ਬਾਰਸ਼ ਨਾ ਹੋਈ ਤਾਂ ਇਲਾਕੇ ਵਿੱਚ ਅਕਾਲ ਵਰਗੀ ਹਾਲਤ ਪੈਦਾ ਹੋ ਗਈ। ਜਦੋਂ ਹੋਰ ਕੋਈ ਚਾਰਾ ਨਾ ਚੱਲਿਆ ਤਾਂ ਪੋਪਟ ਭਾਈ ਵਿਰਾਨੀ ਨੇ ਆਪਣੀ ਕੁੱਲ ਜਾਇਦਾਦ- 3 ਏਕੜ ਜ਼ਮੀਨ- ਵੇਚ ਕੇ ਮਿਲੀ 20,000 ਰੁਪਏ ਦੀ ਰਾਸ਼ੀ ਆਪਣੇ ਤਿੰਨ ਪੁੱਤਰਾਂ ਨੂੰ ਦੇ ਕੇ ਕਿਹਾ ਕਿ ਪਿੰਡ ਵਿੱਚ ਹੁਣ ਕੁਝ ਹਾਸਲ ਨਹੀਂ ਹੋ ਸਕਦਾ, ਤੁਸੀਂ ਇਹ ਪੈਸੇ ਲੈ ਕੇ ਸ਼ਹਿਰ ਜਾਉ ਅਤੇ ਆਪਣੇ ਹਿਸਾਬ ਨਾਲ ਕੋਈ ਕੰਮ ਕਾਜ ਸ਼ੁਰੂ ਕਰ ਲਉ।

ਸਭ ਤੋਂ ਛੋਟਾ ਭਰਾ ਕੰਨੂ ਭਾਈ ਅਤੇ ਦੋ ਭੈਣਾਂ ਆਪਣੇ ਮਾਂ ਬਾਪ ਕੋਲ ਹੀ ਰਹੇ ਅਤੇ 1972 ਵਿੱਚ ਵੱਡੇ ਦੋ ਭਰਾ- ਚੰਦੂ ਭਾਈ, ਭੀਕੂ ਭਾਈ - ਰਾਜਕੋਟ ਸ਼ਹਿਰ ਲਈ ਚੱਲ ਪਏ।

ਸਭ ਤੋਂ ਵੱਡੇ ਭਰਾ ਚੰਦੂ ਭਾਈ ਨੇ ਸੋਚਿਆ ਕਿ ਜੇ ਪਿਤਾ ਜੀ ਨੇ ਉਨ੍ਹਾਂ 'ਤੇ ਏਨਾ ਵਿਸ਼ਵਾਸ ਕੀਤਾ ਹੈ ਤਾਂ ਕੁਝ ਕਰ ਕੇ ਵਿਖਾਉਣਾ ਪਏਗਾ।

ਕਿਉਂਕਿ ਵਿਰਾਨੀ ਭਰਾ ਕਿਸਾਨ ਪਰਿਵਾਰ ਤੋਂ ਸਨ, ਉਨ੍ਹਾਂ ਦੇ ਦਿਮਾਗ਼ ਵਿੱਚ ਆਇਆ ਕਿ ਖੇਤੀ ਨਾਲ ਜੁੜਿਆ ਹੀ ਕੋਈ ਕੰਮ ਕੀਤਾ ਜਾਵੇ। ਉਨ੍ਹਾਂ ਖੇਤੀਬਾੜੀ ਨਾਲ ਜੁੜੇ ਸੰਦਾਂ ਅਤੇ ਖਾਦ ਦਾ ਧੰਦਾ ਸ਼ੁਰੂ ਕੀਤਾ, ਪਰ ਧੋਖਾ ਹੋ ਗਿਆ- ਕਿਸੇ ਧੋਖੇਬਾਜ਼ ਵਪਾਰੀ ਨੇ ਉਨ੍ਹਾਂ ਨੂੰ ਘਟੀਆ ਸਮਾਨ ਵੇਚ ਦਿੱਤਾ ਸੀ। ਇਸ ਕਾਰਨ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਗਿਆ ਅਤੇ ਸਾਰਾ ਪੈਸਾ ਡੁੱਬ ਗਿਆ!

ਉਨ੍ਹਾਂ ਨੂੰ ਬਹੁਤ ਸ਼ਰਮ ਆਈ ਕਿ ਹੁਣ ਪਿੰਡ ਜਾ ਕੇ ਪਿਤਾ ਜੀ ਨੂੰ ਕੀ ਮੂੰਹ ਵਿਖਾਵਾਂਗੇ। ਪਰ ਫੇਰ ਫ਼ੌਲਾਦ ਵਰਗੇ ਇਰਾਦਿਆਂ ਵਾਲੇ ਉਨ੍ਹਾਂ ਭਰਾਵਾਂ ਨੇ ਪ੍ਰਣ ਕੀਤਾ ਕਿ ਜੇ ਹੁਣ ਭੁੱਖੇ ਵੀ ਮਰ ਗਏ ਤਾਂ ਵੀ ਪਿੰਡ ਵਾਪਸ ਨਹੀਂ ਜਾਣਾ। ਉਨ੍ਹਾਂ ਕੋਲ ਰਹਿਣ ਦਾ ਕੋਈ ਟਿਕਾਣਾ ਨਹੀਂ ਸੀ ਪਰ ਉਨ੍ਹਾਂ ਹਿੰਮਤ ਨਾ ਹਾਰੀ ਅਤੇ ਛੋਟੇ ਮੋਟੇ ਕੰਮ ਕਰਦੇ ਕਰਦੇ ਕਿਸੇ ਚੰਗੇ ਕੰਮ ਦੀ ਭਾਲ ਕਰਦੇ ਰਹੇ।

ਅਖੀਰ ਉਨ੍ਹਾਂ ਨੂੰ ਰਾਜਕੋਟ ਦੇ ਐਸਟਰੌਨ ਸਿਨੇਮਾ ਦੀ ਕੈਂਟੀਨ ਵਿੱਚ ਬਤੌਰ ਵੇਟਰ ਕੰਮ ਮਿਲ ਗਿਆ। ਇਸ ਕੰਮ ਤੋਂ ਇਲਾਵਾ ਉਹ ਫ਼ਿਲਮਾਂ ਦੇ ਪੋਸਟਰ ਚਿਪਕਾਉਂਦੇ, ਸਿਨਮੇ ਲਈ ਲੋਕਾਂ ਦੀਆਂ ਟਿਕਟਾਂ ਚੈੱਕ ਕਰ ਕੇ ਐਂਟਰੀ ਵੀ ਕਰਵਾਉਂਦੇ ਅਤੇ ਰਾਤ ਨੂੰ ਸਿਨਮੇ ਦੀਆਂ ਪਾਟੀਆਂ ਸੀਟਾਂ ਸਿਊਂ ਦਿੰਦੇ - ਪਰ ਉਨ੍ਹਾਂ ਮਾਲਕ ਨੂੰ ਕਦੇ ਨਾ ਕਿਹਾ ਕਿ ਸਾਨੂੰ ਇਸ ਕੰਮ ਦੇ ਹੋਰ ਵੱਖਰੇ ਪੈਸੇ ਚਾਹੀਦੇ ਹਨ।

ਉਨ੍ਹਾਂ ਦੀ ਕੁੱਲ ਤਨਖਾਹ 240 ਰੁਪਏ ਸੀ ਅਤੇ ਮਕਾਨ ਦਾ ਕਿਰਾਇਆ ਦੇ ਕੇ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਹੁੰਦਾ। ਉਨ੍ਹਾਂ ਦੀ ਹਾਲਤ 'ਤੇ ਤਰਸ ਖਾ ਕੇ ਠੇਕੇਦਾਰ ਨੇ ਉਨ੍ਹਾਂ ਨੂੰ ਕੈਂਟੀਨ ਵਿੱਚੋਂ ਖਾਣਾ ਖਾਣ ਦੀ ਆਗਿਆ ਦੇ ਦਿੱਤੀ। ਇੱਕ ਵਾਰ ਤਾਂ 50 ਰੁਪਏ ਘੱਟ ਹੋਣ ਕਾਰਨ ਉਨ੍ਹਾਂ ਨੂੰ ਕਿਰਾਏ ਦੇ ਮਕਾਨ ਵਿੱਚੋਂ ਰਾਤੋ ਰਾਤ ਭੱਜਣਾ ਪਿਆ ਸੀ, ਜੋ ਉਨ੍ਹਾਂ, ਹੱਥ ਸੁਖਾਲਾ ਹੋਣ ਤੋਂ ਬਾਅਦ ਮਕਾਨ ਮਾਲਕ ਨੂੰ ਮੋੜ ਦਿੱਤੇ।

ਓਦੋਂ ਫਿਰ ਉਹ ਤਰਲਾ ਮਿੰਨਤ ਕਰ ਕਿਸੇ ਰਿਸ਼ਤੇਦਾਰ ਦੇ ਘਰ ਰਹਿਣ ਲੱਗ ਪਏ।

ਆਖਰ ਕਿਸਮਤ ਦੀ ਦੇਵੀ ਉਨ੍ਹਾਂ 'ਤੇ ਮਿਹਰਬਾਨ ਹੋਣ ਲੱਗ ਪਈ। ਉਨ੍ਹਾਂ ਦੀ ਸਖ਼ਤ ਮਿਹਨਤ ਨੂੰ ਵੇਖ ਕੈਂਟੀਨ ਦੇ ਠੇਕੇਦਾਰ ਗੋਵਿੰਦ ਭਾਈ ਨੇ 1000 ਰੁਪਏ ਮਹੀਨਾ ਦੇ ਹਿਸਾਬ ਨਾਲ ਕੈਂਟੀਨ ਉਨ੍ਹਾਂ ਹਵਾਲੇ ਕਰ ਦਿੱਤੀ!

1976 ਦੌਰਾਨ ਐਸਟਰੌਨ ਸਿਨੇਮਾ ਵਿੱਚ ਅਮਿਤਾਭ ਬੱਚਨ ਦੀ ਸੁਪਰ ਹਿੱਟ ਫ਼ਿਲਮ "ਕਭੀ ਕਭੀ" ਲੱਗੀ ਸੀ -ਜਿਸ ਕਾਰਨ ਦਰਸ਼ਕਾਂ ਦਾ ਹੜ੍ਹ ਆ ਗਿਆ ਅਤੇ ਵਿਰਾਨੀ ਭਰਾਵਾਂ ਨੇ ਰੱਜ ਕੇ ਪੈਸੇ ਕਮਾਏ।

ਸਿਨੇਮੇ ਵਿੱਚ ਸਿਰਫ਼ ਦਸ ਮਿੰਟ ਦਾ ਇੰਟਰਵਲ ਹੁੰਦਾ ਸੀ, ਜਿਸ ਦੌਰਾਨ ਹੀ ਉਨ੍ਹਾਂ ਬਿਜਲੀ ਦੀ ਰਫ਼ਤਾਰ ਨਾਲ ਗਾਹਕਾਂ ਦੇ ਖਾਣ ਪੀਣ ਦੇ ਆਰਡਰ ਭੁਗਤਾਉਣੇ ਹੁੰਦੇ ਸਨ। ਜਿਹੜਾ ਕੋਈ ਆਰਡਰ ਨਾ ਭੁਗਤਦਾ, ਉਹ, ਚੱਲਦੀ ਫ਼ਿਲਮ ਵਿੱਚ, ਹਨੇਰੇ ਵਿੱਚ ਵੀ ਗਾਹਕ ਨੂੰ ਲੱਭ ਕੇ, ਆਰਡਰ ਦੇ ਕੇ ਆਉਂਦੇ। ਉਹ ਏਨੇ ਇਮਾਨਦਾਰ



ਸਨ ਕਿ ਇੱਕ ਵੀ ਅਜਿਹੀ ਸ਼ਿਕਾਇਤ ਨਹੀਂ ਸੀ ਆਈ ਕਿ ਵਿਰਾਨੀ ਭਰਾਵਾਂ ਪੈਸੇ ਲੈ ਲਏ ਪਰ ਆਰਡਰ ਨਹੀਂ ਭੁਗਤਾਇਆ।

ਗਾਹਕਾਂ ਵਿੱਚ ਸਭ ਤੋਂ ਵੱਡੀ ਮੰਗ ਵੇਫ਼ਰਜ਼ ਦੀ ਸੀ, ਜਿਨ੍ਹਾਂ ਨੂੰ ਹੁਣ ਪੋਟੈਟੋ ਚਿੱਪਸ ਕਿਹਾ ਜਾਂਦਾ ਹੈ। ਪਰ ਮੁਸ਼ਕਲ ਇਹ ਬਣ ਗਈ ਕਿ ਇਹ ਚਿੱਪਸ ਸਪਲਾਈ ਕਰਨ ਵਾਲਾ ਬੰਦਾ ਸਮੇਂ 'ਤੇ ਸਪਲਾਈ ਨਹੀਂ ਸੀ ਕਰਦਾ ਅਤੇ ਕਵਾਲਟੀ ਵੀ ਘਟੀਆ ਹੁੰਦੀ ਸੀ! ਉਨ੍ਹਾਂ ਕਈ ਹੋਰ ਸਪਲਾਇਰਾਂ ਨਾਲ ਵੀ ਗੱਲ ਕੀਤੀ ਪਰ ਜਦੋਂ ਮਸਲਾ ਹੱਲ ਨਾ ਹੋਇਆ ਤਾਂ ਉਨ੍ਹਾਂ ਦੇ ਦਿਮਾਗ ਵਿੱਚ ਇਹ ਵਿਚਾਰ ਆਇਆ ਕਿ -ਕਿਉਂ ਨਾ ਅਸੀਂ ਖ਼ੁਦ ਹੀ ਚਿੱਪਸ ਤਿਆਰ ਕਰੀਏ?

1982 ਤੱਕ ਉਨ੍ਹਾਂ ਕੋਲ ਵੱਖ ਵੱਖ ਥਾਵਾਂ 'ਤੇ ਤਿੰਨ ਕੈਂਟੀਨਾਂ ਹੋ ਚੁੱਕੀਆਂ ਸਨ ਅਤੇ ਕਾਫ਼ੀ ਪੈਸਾ ਵੀ ਜਮ੍ਹਾ ਹੋ ਗਿਆ ਸੀ। ਉਨ੍ਹਾਂ ਆਪਣਾ ਘਰ ਖਰੀਦ ਲਿਆ ਅਤੇ ਬਾਕੀ ਪਰਿਵਾਰ ਨੂੰ ਪਿੰਡ ਤੋਂ ਆਪਣੇ ਕੋਲ ਸੱਦ ਲਿਆ।

ਲਓ ਜੀ, ਹੁਣ ਤਾਂ ਚੰਦੂ ਭਾਈ ਨੇ ਆਪਣੇ ਘਰ ਦੇ ਵਿਹੜੇ ਵਿੱਚ ਇੱਕ ਸ਼ੈੱਡ ਬਣਵਾਅ ਲਿਆ ਅਤੇ ਕੜਾਹੀ ਚੜ੍ਹਾਅ ਦਿੱਤੀ। ਆਲੂ ਛਿੱਲਣ ਅਤੇ ਕੱਟਣ ਵਾਲੀ ਮਸ਼ੀਨ ਸਮੇਤ ਕੁੱਲ 10,000 ਰੁਪਏ ਦਾ ਖਰਚ ਆਇਆ। ਚੰਦੂ ਭਾਈ ਨੇ ਸਾਰੀ ਸਾਰੀ ਰਾਤ ਬੈਠ ਕੇ ਚਿੱਪਸ ਤਲਣੇ ਸ਼ੁਰੂ ਕਰ ਦਿੱਤੇ। ਇਸ ਕੰਮ ਦਾ ਕੋਈ ਅਨੁਭਵ ਨਾ ਹੋਣ ਕਾਰਨ ਆਲੂ ਕਦੇ ਸੜ ਜਾਂਦੇ ਅਤੇ ਕਦੇ ਕੱਚੇ ਰਹਿ ਜਾਂਦੇ, ਪਰ ਕੁਝ ਹਫ਼ਤਿਆ ਬਾਅਦ ਹੀ ਉਸ ਨੇ ਆਪਣੇ ਪਰਫ਼ੈਕਟ ਪਟੈਟੋ ਚਿੱਪਸ ਤਿਆਰ ਕਰ ਲਏ। ਇਹ ਚਿੱਪਸ ਕੈਂਟੀਨਾਂ ਦੇ ਗਾਹਕਾਂ ਨੂੰ ਏਨੇ ਪਸੰਦ ਆਏ ਕਿ ਹੋਰ ਮਸ਼ੀਨਾਂ ਅਤੇ ਤਲਣ ਵਾਸਤੇ ਵੀ ਮਜ਼ਦੂਰ ਲਗਾਉਣੇ ਪਏ। ਜਦੋਂ ਪੈਦਾਵਾਰ ਵਧ ਗਈ ਤਾਂ ਉਨ੍ਹਾਂ ਸ਼ਹਿਰ ਦੇ ਦੁਕਾਨਦਾਰਾਂ ਨੂੰ ਚਿੱਪਸ ਦੇ ਪੈਕੇਟ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ।

ਉਨ੍ਹਾਂ ਆਪਣੇ ਚਿੱਪਸ ਦੇ ਬਰਾਂਡ ਦਾ ਨਾਮ ਹਨੂੰਮਾਨ ਜੀ ਦੇ ਨਾਮ 'ਤੇ "ਬਾਲਾਜੀ ਵੇਫ਼ਰਜ਼" ਰੱਖ ਦਿੱਤਾ। ਪਰ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਧੋਖੇ ਦੇਣੇ ਸ਼ੁਰੂ ਕਰ ਦਿੱਤੇ। ਕੋਈ ਅੱਧ ਪਚੱਧ ਖਾਧੇ ਪੈਕਟ ਬੇਹੇ ਹੋਣ ਦਾ ਇਲਜ਼ਾਮ ਲਾ ਕੇ ਵਾਪਸ ਕਰ ਦਿੰਦਾ ਅਤੇ ਕੋਈ ਪੈਸੇ ਦੇਣ ਤੋਂ ਹੀ ਮੁੱਕਰ ਜਾਂਦਾ। ਚੰਦੂ ਭਾਈ ਨੇ ਇਸ ਨੂੰ ਇੱਕ ਚੁਣੌਤੀ ਵਜੋਂ ਲਿਆ ਅਤੇ ਆਪਣੇ ਭਰਾਵਾਂ ਨਾਲ ਮੋਟਰ ਸਾਈਕਲਾਂ ਪਿੱਛੇ ਚਿੱਪਸ ਦੇ ਥੈਲੇ ਬੰਨ੍ਹ, ਰਾਜਕੋਟ ਦੇ ਕੋਨੇ ਕੋਨੇ ਵਿੱਚ ਸਿੱਧੇ ਗਾਹਾਂ ਕੋਲ ਪਹੁੰਚਾਉਣੇ

ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਘਰ ਘਰ ਉਨ੍ਹਾਂ ਦਾ ਬਰਾਂਡ ਮਸ਼ਹੂਰ ਹੋ ਗਿਆ ਅਤੇ ਉਹ ਹਰ ਮਹੀਨੇ ਦੇ 50,000 ਰੁਪਏ ਤੋਂ ਵੱਧ ਨਿਰੋਲ ਮੁਨਾਫ਼ਾ ਕਮਾਉਣ ਲੱਗ ਪਏ!

ਹੁਣ ਉਨ੍ਹਾਂ ਦਾ ਹੌਂਸਲਾ ਬਹੁਤ ਵਧ ਗਿਆ ਅਤੇ 1989 ਵਿੱਚ 50 ਲੱਖ ਦਾ ਕਰਜ਼ਾ ਲੈ, ਰਾਜਕੋਟ ਦੇ ਏ.ਜੀ.ਆਈ. ਇੰਡਸਟਰੀਅਲ ਕੰਪਲੈਕਸ ਵਿੱਚ ਪਲਾਟ ਖਰੀਦ ਕੇ, ਆਪਣਾ ਪਹਿਲਾ ਪਲਾਂਟ ਲਾ ਲਿਆ!

ਇਹ, ਉਸ ਸਮੇਂ ਦੇ ਗੁਜਰਾਤ ਦਾ ਸਭ ਤੋਂ ਵੱਡਾ ਪਟੈਟੋ ਚਿੱਪਸ ਪਲਾਂਟ ਸੀ। ਕੁਝ ਸਾਲਾਂ ਬਾਅਦ ਉਨ੍ਹਾਂ ਆਪਣੀ ਕੰਪਨੀ "ਬਾਲਾਜੀ ਵੇਫ਼ਰਜ਼" ਦੇ ਨਾਮ 'ਤੇ ਰਜਿਸਟਰ ਕਰਵਾਅ ਲਈ ਅਤੇ ਚੰਦੂ ਭਾਈ, ਭੀਕੂ ਭਾਈ, ਮੇਘ ਜੀ ਭਾਈ ਅਤੇ ਕੰਨੂ ਭਾਈ ਇਸ ਦੇ ਡਾਇਰੈਕਟਰ ਬਣ ਗਏ।

ਥੋੜ੍ਹੇ ਹੀ ਸਮੇਂ ਵਿੱਚ ਇਹ ਕੰਪਨੀ ਏਨੀ ਮਸ਼ਹੂਰ ਹੋ ਗਈ ਕਿ ਦੇਸ਼ ਵਿਦੇਸ਼ ਵਿੱਚ ਆਪਣਾ ਮਾਲ ਭੇਜਣ ਲੱਗ ਪਏ।

ਅੱਜ ਗੁਜਰਾਤ ਵਿੱਚ ਤਾਂ ਇਨ੍ਹਾਂ ਇਕੱਲਿਆਂ ਦਾ ਹੀ ਕੰਟ੍ਰੋਲ ਹੈ, ਅੰਕਲ ਚਿੱਪਸ ਅਤੇ ਲੇਅਜ਼ ਵਰਗੇ ਬਰਾਂਡ ਇਨ੍ਹਾਂ ਅੱਗੇ ਫ਼ੇਲ੍ਹ ਸਾਬਤ ਹੋਏ ਹਨ!

ਅੱਜ ਵੀ ਪਰ ਉਨ੍ਹਾਂ ਦਾ ਦਿਲ ਆਪਣੀ ਕਿਸਾਨ ਬਰਾਦਰੀ ਲਈ ਧੜਕਦਾ ਹੈ! ਉਨ੍ਹਾਂ ਦੇ 2000 ਆਲੂ ਸਪਲਾਇਰਾਂ ਵਿੱਚੋਂ 80% ਕਿਸਾਨ ਹਨ, ਜਿਨ੍ਹਾਂ ਤੋਂ ਉਹ ਸਿੱਧਾ ਆਲੂ ਖ਼ਰੀਦਦੇ ਹਨ।

ਇਸ ਵੇਲੇ ਭਾਰਤ ਵਿੱਚ ਉਨ੍ਹਾਂ ਦੀਆਂ ਚਾਰ ਫ਼ੈਕਟਰੀਆਂ ਹਨ। ਗੁਜਰਾਤ ਵਿੱਚ ਰਾਜਕੋਟ ਅਤੇ ਵਾਲਸਾਡ, ਮੱਧ ਪ੍ਰਦੇਸ਼ ਵਿੱਚ ਇੰਦੌਰ ਅਤੇ ਉੱਤਰ ਪ੍ਰਦੇਸ਼ ਵਿੱਚ ਲਖਨਊ। ਇਨ੍ਹਾਂ ਫ਼ੈਕਟਰੀਆਂ ਵਿੱਚ 8000 ਦੇ ਕਰੀਬ ਮਜ਼ਦੂਰ ਅਤੇ ਅਫ਼ਸਰ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਉਹ ਬਾਕੀ ਕੰਪਨੀਆਂ ਨਾਲੋਂ ਵੱਧ ਤਨਖਾਹ ਦਿੰਦੇ ਹਨ।

ਹਾਂ, ਅੱਜ ਉਹ ਚਿੱਪਸ ਤੋਂ ਇਲਾਵਾ ਨਾਚੋਜ਼, ਆਲੂ ਸੇਵ, ਸੇਵ ਮੁਰਮੁਰਾ, ਖੱਟਾ ਮੀਠਾ, ਪੰਜਾਬੀ ਤੜਕਾ, ਮੂੰਗ ਦਾਲ, ਮਿਕਸ ਨਮਕੀਨ, ਨਮਕੀਨ ਪੀਨਟਸ ਅਤੇ ਚਨਾ ਜ਼ੋਰ ਗਰਮ, ਆਦਿ, 50 ਤੋਂ ਵੱਧ ਕਿਸਮ ਦੇ ਸਨੈਕਸ ਵੇਚਦੇ ਹਨ!

ਭਾਰਤ ਤੋਂ ਇਲਾਵਾ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ, ਆਦਿ, ਦੇਸ਼ਾਂ ਨੂੰ ਇਹ ਸਨੈਕਸ ਐਕਸਪੋਰਟ ਕੀਤੇ ਜਾਂਦੇ ਹਨ। ਭਾਰਤ ਵਿੱਚ "ਬਾਲਾਜੀ ਵੇਫ਼ਰਜ਼", ਪੈਪਸੀਕੋ ਅਤੇ ਹਲਦੀ ਰਾਮ ਤੋਂ ਬਾਅਦ, ਤੀਸਰੇ ਨੰਬਰ ਦੀ ਕੰਪਨੀ ਹੈ!

ਅੱਜ ਵੀ ਇਹ ਇੱਕ ਪਰਿਵਾਰਕ ਕੰਪਨੀ ਹੈ -ਜਿਸਨੂੰ ਚਾਰੇ ਭਰਾ ਅਤੇ ਉਨ੍ਹਾਂ ਦੇ ਬੱਚੇ ਚਲਾਅ ਰਹੇ ਹਨ।

ਅੱਜ ਵੀ ਰਾਤ ਦਾ ਖਾਣਾ ਇਹ ਪਰਿਵਾਰ ਇਕੱਠਾ ਖਾਂਦਾ ਹੈ।

ਪੰਡੋਰੀ ਸਿੱਧਵਾਂ
9501100062

ਮੁੰਡੇ ਰੋਂਦੇ ਨਹੀਂ ਹੁੰਦੇ

ਦਲਵੀਰ ਕੌਰ, ਯੂ ਕੇ

ChatGPT

"ਜਿਹੜੀਆਂ ਸੋਚਾਂ ਤੂੰ ਗੋਲ਼ੀਆਂ-ਦਵਾਈਆਂ ਨਾਲ ਦੱਬਣ ਦੀ, ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈਂ, ਉਹ ਮੈਨੂੰ ਦੱਸ, ਅਤੇ ਇਸ ਝੂਠੀ ਹਉਮੈਂ ਨੂੰ ਪਰ੍ਹਾਂ ਸੁੱਟ ਦੇ।

"ਮੈਂ ਤੈਨੂੰ ਵਿਗਿਆਨਕ ਅਧਾਰ 'ਤੇ ਕਹਿ ਰਿਹਾ ਹਾਂ ਕਿ ਰੋਏ ਬਗ਼ੈਰ ਤੂੰ ਪਾਗਲ ਹੋ ਜਾਏਂਗਾ। ਤੂੰ ਆਪਣੇ ਆਪ ਨਾਲ ਨਿਆਂ ਕਰ; ਆਪਣੇ ਆਪ ਨਾਲ ਵਫ਼ਾ ਕਰ; ਆਪਣੇ ਪਾਲਣਹਾਰਿਆਂ ਦੀ ਮੋਹ-ਮਮਤਾ ਦੀ ਲਾਜ ਰੱਖ- ਕੁਝ ਵੀ ਕਰ ਪਰ ਅੱਖ ਪਿੱਛੇ ਰੋਕੇ ਹੰਝੂ ਵਹਿ ਲੈਣ ਦੇ। ਤੇਰੇ ਸਾਰੇ ਡਰ-ਖ਼ੌਫ਼ ਮੈਂ ਤੇਰੇ ਇਲਾਜ ਦੀ ਸੂਚੀ ਵਿੱਚ ਦਰਜ ਕਰ ਦੇਵਾਂਗਾ। ਸ਼ਾਇਦ, ਇੰਝ ਕਰਨ ਨਾਲ, ਤੇਰੀ ਇਸ ਦੇਸ਼ ਵਿੱਚ ਗ਼ੈਰ-ਕਨੂੰਨੀ ਤੌਰ 'ਤੇ ਰਹਿਣ ਵਿੱਚ ਵੀ ਮਦਦ ਹੋ ਜਾਵੇ। ਤੂੰ ਆਪਣੇ ਆਪ ਵੱਲ ਕੁਝ ਨਰਮ ਹੋ ਜਾ, ਜੇ ਹੋ ਸਕੇਂ ਤਾਂ; ਆਪਣੇ ਅੰਦਰਲੇ ਇਨਸਾਨ ਦਾ ਦਰਦ ਮਹਿਸੂਸ ਕਰ ਲੈ- ਜੋ ਤੂੰ ਦਹਾਕਿਆਂ ਤੋਂ ਜਮ੍ਹਾ ਕਰਦਾ ਆਇਆ ਹੈਂ। ਜੇ ਮਹਿਸੂਸ ਕਰਨਾ ਭੁੱਲ ਗਿਆ ਹੈਂ ਤਾਂ ਮਦਦ ਕਰਨ ਦੀ ਮੈਨੂੰ ਇਜਾਜ਼ਤ ਦੇ ਦੇ। ਕਿਉਂ ਮਰਨ 'ਤੇ ਤੁਲਿਆ ਹੋਇਆ ਹੈਂ ਤੂੰ! ਤੇਰੇ ਮਰਨ ਨਾਲ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਣਾ- ਤੇਰਾ ਆਪਣੀ ਜਾਨ ਤੋਂ ਹੱਥ ਧੋ ਲੈਣ ਦਾ ਅਸਰ ਇੱਕ ਹਫ਼ਤਾ ਹੀ ਰਹਿਣਾ ਹੈ, ਵੱਧ ਤੋਂ ਵੱਧ।

"ਮੈਂ ਵੀ ਇਹੀ ਸੋਚਿਆ ਸੀ ਕਦੇ - ਕਿ 'ਉਸਦੇ' ਬਗ਼ੈਰ ਜਿਊਣਾ ਮੁਸ਼ਕਲ ਹੋ ਜਾਏਗਾ, ਪਰ ਅਹਿ ਵੇਖ, ਮੇਰੇ ਵੱਲ, ਮੇਰੇ ਰਹਿਣ ਸਹਿਣ ਦੇ ਅੰਦਾਜ਼ ਵੱਲ - ਤੇਰੇ ਸਾਹਮਣੇ ਸਾਖਸ਼ਾਤ ਮਿਸਾਲ ਹਾਂ।

"ਤੂੰ ਸਭ ਹਠ ਛੱਡ ਕੇ ਇੱਕ ਆਮ ਇਨਸਾਨ ਵਾਂਗ ਆਪਣੀਆਂ ਕਮੀਆਂ-ਪੇਸ਼ੀਆਂ ਸਵੀਕਾਰ ਕਰ ਲੈ, ਨਹੀਂ ਤਾਂ ਮੌਤ ਲਈ ਤਾਂ ਤੈਨੂੰ ਕੋਈ ਮਿਹਨਤ ਕਰਨ ਦੀ ਲੋੜ ਨਹੀਂ। ਤੂੰ ਆਉਣ ਵਾਲੇ ਤੇਰੇ ਵਰਗੇ ਲੱਖਾਂ ਨੌਜਵਾਨਾਂ ਦੀ ਸੋਚ, ਉਹ ਤੇਰੇ ਬਾਰੇ ਕੀ ਧਾਰਨਾ ਬਣਾਉਣਗੇ -ਇਹੀ ਨਾ ਕਿ 'ਇੱਕ ਨੌਜਵਾਨ ਸੀ ਜੋ ਆਪਣੀ ਸੋਚ ਅਤੇ ਹਿੰਮਤ ਨੂੰ ਦੁਰਕਾਰ ਦੂਜਿਆਂ ਦੇ ਦਿਮਾਗ਼ਾਂ ਦਾ ਪੁਰਜ਼ਾ ਬਣ ਗਿਆ ਸੀ, ਦਬ-ਘੁਟ ਕੇ ਮਰਨਾ ਵੀ ਕਿਸੇ ਹੱਦ ਤੱਕ ਉਸ ਨੂੰ ਜ਼ਿੰਦਗੀ ਦਾ ਅੰਗ ਹੀ ਜਾਪਣ ਲੱਗਾ ਸੀ; ਉਹ ਆਪਣੀ ਲੜਾਈ ਆਪਣੇ ਘਰ ਦੀਆਂ ਛੱਤਾਂ ਨਾਲ ਲੜ ਕੇ ਸੌਂ ਜਾਂਦਾ ਸੀ- ਇਹ ਘਰਾਂ ਦੀਆਂ ਛੱਤਾਂ ਦੀ ਉਸਾਰੀ ਉਸ ਨੇ ਜੇ ਆਪ ਕੀਤੀ ਹੁੰਦੀ ਤਾਂ ਆਪਣੇ ਆਪ ਨੂੰ ਸਵਾਲ ਕਰਦਾ, ਆਪਣੇ ਆਪ 'ਤੇ ਵਿਸ਼ਵਾਸ ਕਰਦਾ'!"

ਪੱਛਮ ਦਾ ਜੰਮ-ਪਲ ਨੌਜਵਾਨ ਮਨੋਵਿਗਿਆਨ-ਮਾਹਿਰ, ਆਪਣੀ ਤਾਣ ਲਾ ਰਿਹਾ ਹੈ- ਏਸ ਘਰ ਵਿੱਚ ਰਲ਼ ਕੇ ਰਹਿੰਦੇ ਕਈ ਪੰਜਾਬੀ ਮੁੰਡਿਆਂ ਦੀ ਪਰੋਫ਼ੈਸ਼ਨਲ ਤੌਰ 'ਤੇ ਮਦਦ ਕਰਨ ਦੀ ਤਾਂ ਜੋ ਇਹ ਆਪਣੀ ਸਰੀਰਕ ਅਤੇ ਮਾਨਸਕ ਸਿਹਤ ਬਾਰੇ ਸੁਚੇਤ ਹੋਣ।

ਉਹ ਉੱਚਾ-ਲੰਬਾ 27-28 ਸਾਲ ਦਾ ਨੌਜਵਾਨ, ਹੱਡੀਆਂ ਦੀ ਮੁੱਠ ਹੋਇਆ, ਕੁਝ ਮਾਨਸਕ ਅਤੇ ਸਭਿਆਚਾਰਕ ਉਲਝਣਾਂ ਦਾ ਸ਼ਿਕਾਰ, ਇੱਕ ਹਫ਼ਤਾ ਪਹਿਲਾਂ ਆਪਣੀ ਜਾਨ ਲੈਣ ਦੀ ਤਿਆਰੀ ਕਰਦਾ ਕਿਸੇ ਰਾਹੀ ਦੀ ਨਜ਼ਰੀਂ ਪੈ ਗਿਆ ਸੀ- ਰਾਹੀ ਨੇ ਪੁਲਸ ਨੂੰ ਇਤਲਾਹ ਦੇ ਦਿੱਤੀ ਅਤੇ ਮੌਕੇ 'ਤੇ ਆ ਕੇ ਪੁਲਸ ਨੇ ਬਚਾਅ ਲਿਆ। ਏਸ ਨੌਜਵਾਨ ਦਾ ਕੰਮ-ਵੀਜ਼ਾ ਬੜੀ ਦੇਰ ਦਾ ਖ਼ਤਮ ਹੋ ਚੁੱਕਾ ਹੈ, ਇਮੀਗਰੇਸ਼ਨ ਦੇ ਸਖ਼ਤ ਹੋ ਰਹੇ ਕਨੂੰਨ ਨੂੰ ਵੇਖਦਿਆਂ ਇਸ ਨੇ ਲੁਕ ਛਿਪ ਕੇ ਰਹਿਣਾ ਮਨਜ਼ੂਰ ਕਰ ਲਿਆ। ਜਿਸ ਘਰ ਵਿੱਚ ਇਹ ਰਹਿੰਦਾ ਹੈ ਓਥੇ ਕੁਝ ਹੋਰ ਏਸੇ ਤਰ੍ਹਾਂ ਦੀਆਂ ਮੁਸੀਬਤਾਂ ਨਾਲ ਜੂਝਦੇ ਮੁੰਡੇ ਵੀ ਰਹਿੰਦੇ ਹਨ। ਇਸਦੀਆਂ ਬਾਹਵਾਂ ਅਤੇ ਚਿਹਰੇ 'ਤੇ ਚਮੜੀ ਦਾ ਰੋਗ ਇਹ ਦੱਸ ਰਿਹਾ ਹੈ ਕਿ ਰਹਿਣ ਵਾਲੀ ਥਾਂ ਜਾਂ ਤਾਂ ਰਹਿਣਯੋਗ ਨਹੀਂ ਹੈ ਜਾਂ ਫਿਰ ਨਾਲ ਰਹਿਣ ਵਾਲਿਆਂ ਵਿੱਚ ਵੀ ਕਿਸੇ ਨੂੰ ਇਹ ਚਮੜੀ ਰੋਗ ਹੈ। ਏਸ ਮੁੰਡੇ ਦੇ ਦੱਸਣ ਮੁਤਾਬਕ ਇਨ੍ਹਾਂ ਮੁੰਡਿਆਂ ਵਿੱਚੋਂ ਕਿਸੇ ਇੱਕ ਦੀ ਗ਼ਰਲ ਫ਼੍ਰੈਂਡ ਨੇ ਕੁਝ ਕੁ ਪੈਸਿਆਂ ਬਦਲੇ ਇਨ੍ਹਾਂ ਸਾਰਿਆਂ ਦੀ ਪੁਲਸ ਕੋਲ ਰਿਪੋਰਟ ਕਰ ਦਿੱਤੀ - ਕਿ ਗ਼ੈਰ-ਕਨੂੰਨੀ ਢੰਗ ਨਾਲ ਏਸ ਘਰ ਵਿੱਚ ਕੁਝ ਮੁੰਡੇ ਰਹਿ ਰਹੇ ਹਨ।

ਹੁਣ, ਪੱਛਮੀ ਸਭਿਆਚਾਰ ਵਿੱਚ ਜੰਮਿਆ ਪਲਿਆ ਇਹ ਨੌਜਵਾਨ ਮਨੋਰੋਗ-ਮਾਹਿਰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇਹ ਲੜਕੇ ਇਸ ਤਰ੍ਹਾਂ ਕਿੰਨੀ ਕੁ ਦੇਰ ਸਿਸਟਮ ਨੂੰ ਧੋਖਾ ਦੇ ਸਕਣਗੇ ਅਤੇ ਆਪਣੇ ਇਸ ਤਰ੍ਹਾਂ ਦੇ ਹਲਾਤ ਦਾ ਸਾਹਮਣਾ ਕਰਨ ਲਈ ਖ਼ੁਦ ਨੂੰ ਤਿਆਰ ਨਹੀਂ ਕਰਨਗੇ...ਇਹ ਮਨੋਵਿਗਿਆਨੀ ਇਸ ਮਰੀਜ਼ ਦੀ ਮਦਦ ਕਰਨ ਲਈ ਪੂਰੀ ਵਾਹ ਲਾ ਰਿਹਾ ਹੈ ਪਰ ਡਿਪੋਰਟ ਹੋਣ ਦੇ ਡਰ ਨਾਲ਼ੋਂ ਵੀ ਵੱਧ, ਕੁਝ ਪੱਕੀਆਂ ਹੋਈਆਂ ਧਾਰਨਾਵਾਂ ਦਾ ਡੂੰਘਾ ਅਸਰ ਹੈ, ਏਸ ਮੁੰਡੇ ਦੇ ਮਨ ਉੱਤੇ।

ਇਸਦੇ ਕਹਿਣ ਮੁਤਾਬਕ, "ਮੇਰੇ ਬਾਪ ਦੀ ਅੱਖ ਵਿੱਚ ਮੈਂ ਕਦੇ ਹੰਝੂ ਨਹੀਂ ਵੇਖਿਆ ਸੀ, ਉਹ ਲੁਕ ਛੁਪ ਕੇ ਕਦੇ ਆਪਣੇ ਦੁੱਖ ਦਰਦ ਦੇ ਸਾਹਮਣੇ ਹੋਇਆ ਹੋਵੇਗਾ ਤਾਂ ਵੱਖਰੀ ਗੱਲ ਹੈ। ਮੈਂ ਜਿਸ ਦਿਨ ਕਿਸੇ ਦੇ ਸਾਹਮਣੇ ਅੱਖ ਭਰ ਲਈ, ਮੇਰਾ ਆਪਣੇ ਆਪ ਉੱਤੇ ਕੀਤਾ ਹੋਇਆ ਸਾਰਾ ਮਾਣ ਮਿੱਟੀ ਹੋ ਜਾਏਗਾ -ਜੋ ਮੈਂ ਬਰਦਾਸ਼ਤ ਨਹੀਂ ਕਰ ਸਕਾਂਗਾ। ਮੈਂ ਆਪਣੇ ਹੰਝੂ ਤੁਹਾਡੇ ਨਾਲ ਤਾਂ ਕੀ, ਆਪਣੀ ਮੌਤ ਨਾਲ ਵੀ ਸਾਂਝੇ ਨਹੀਂ ਕਰ ਸਕਦਾ, ਸੋ, ਡਾਕਟਰ, ਤੂੰ ਮੇਰੀ ਮਦਦ ਇੱਕ ਹੀ ਗੱਲ ਨਾਲ ਕਰ ਸਕਦਾ ਹੈਂ ਜੇਕਰ ਕਰ ਦੇਵੇਂ?"

"ਉਹ ਕੀ? ਛੇਤੀ ਬੋਲ। ਪਰ ਜੋ ਕਨੂੰਨ ਮੁਤਾਬਕ ਸਹੀ ਹੈ ਮੈਂ ਓਹੀ ਕਰ ਸਕਾਂਗਾ। ਤੂੰ ਪਹਿਲਾਂ ਹੀ ਰੋਜ਼ ਪੁਲਸ ਸਟੇਸ਼ਨ ਜਾ ਕੇ ਸਾਈਨ ਕਰ ਰਿਹਾ ਹੈਂ, ਕਿਸੇ ਵੀ ਵੇਲੇ ਤੇਰਾ ਇਮੀਗਰੇਸ਼ਨ ਸਟੇਟਸ ਬਦਲ ਸਕਦਾ ਹੈ, ਜੋ ਚੰਗਾ ਵੀ ਹੋ ਸਕਦਾ ਹੈ ਪਰ ਤੇਰੀ ਉਮੀਦ ਦੇ ਖ਼ਿਲਾਫ਼ ਵੀ, ਪਰ ਮੈਂ ਕਿੱਤੇ ਦੇ ਇਖ਼ਲਾਕੀ ਘੇਰੇ ਵਿੱਚ

ਰਹਿ ਕੇ ਹੀ ਹਰ ਕੋਸ਼ਿਸ਼ ਕਰਾਂਗਾ," ਮਨੋਵਿਗਿਆਨੀ ਡੂੰਘੀ ਦੁਚਿੱਤੀ ਵਿੱਚ ਹੈ।

"ਤੁਸੀਂ ਇਹ ਲਿਖ ਦਿਓ ਕਿ ਮੈਨੂੰ ਕੁਝ ਵੀ ਯਾਦ ਨਹੀਂ ਆ ਰਿਹਾ, ਕਿ ਮੇਰੀ ਯਾਦ ਸ਼ਕਤੀ ਬਹੁਤ ਕਮਜ਼ੋਰ ਹੋ ਗਈ ਹੈ- ਡਿਪੋਰਟ ਹੋਣ ਦੇ ਡਰ ਕਰਕੇ। ਤੁਸੀਂ ਮੇਰੇ ਵਕੀਲ ਲਈ ਮੈਨੂੰ ਆਪਣੇ ਇੱਕ ਲੈਟਰਹੈੱਡ ਉੱਤੇ ਚਿੱਠੀ ਲਿਖ ਦਿਓ। ਤੁਸੀਂ ਮੇਰੀ ਚਮੜੀ ਦਾ ਨਾ ਫ਼ਿਕਰ ਕਰੋ, ਅਤੇ ਨਾ ਹੀ ਮੈਨੂੰ ਹੰਝੂ ਵਹਾਅ ਲੈਣ ਲਈ ਮਜਬੂਰ ਕਰੋ। ਮੈਂ ਪੰਜਾਬ ਤੋਂ ਹਾਂ- ਅਸੀਂ ਤਾਂ ਬੰਦਾ ਮਾਰ ਕੇ ਨਹੀਂ ਰੋਂਦੇ। ਇਹ ਤੁਹਾਡੇ ਹੀ ਦੇਸ਼ ਦਾ ਸਿਸਟਮ ਹੈ ਜੋ ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਫਸਿਆ ਫਿਰਦਾ ਹੈ, ਮੈਨੂੰ ਸਿਰਫ਼ ਪੱਕੇ ਹੋਣ ਦੀ ਲੋੜ ਹੈ ਏਸ ਦੇਸ਼ ਵਿੱਚ, ਬਾਕੀ ਸਭ ਬਾਅਦ ਦੀਆਂ ਗੱਲਾਂ ਹਨ।"

"ਪਰ ਜੇ ਇਹ ਨਾ ਹੋ ਸਕਿਆ?"

"ਨਹੀਂ, ਅੱਜ ਮੈਂ ਚਿੱਠੀ ਲੈ ਕੇ ਹੀ ਜਾਵਾਂਗਾ, ਨਹੀਂ ਤਾਂ ਮੈਨੂੰ ਪਤਾ ਹੈ ਕਿ ਤੁਸੀਂ ਏਸ ਸ਼ਹਿਰ ਵਿੱਚ ਕਿੱਥੇ ਰਹਿੰਦੇ ਹੋ... ਹੰਝੂ ਸੁਕਾਅ ਕੇ ਜਿਊਣ ਵਾਲੇ ਮਾਮੂਲੀ ਬੰਦੇ ਨਹੀਂ ਹੁੰਦੇ.."

"ਇਹ ਤੇਰਾ ਕਿਹੜਾ ਰੂਪ ਹੈ? ਇਸ ਤਰ੍ਹਾਂ ਤੂੰ ਜਾਣ ਬੁੱਝ ਕੇ ਆਪਣਾ ਦੂਜਾ ਰੂਪ ਪੇਸ਼ ਕਰਦਾ ਪਿਆ ਏਂ, ਜਾਂ ਤੈਨੂੰ ਏਸ ਵਕਤ ਪਤਾ ਨਹੀਂ ਕਿ ਤੂੰ ਕੀ ਆਖ ਰਿਹਾ ਹੈਂ?"

"ਨਹੀਂ, ਮੈ ਜੋ ਤੁਹਾਨੂੰ ਆਖ ਰਿਹਾਂ ਤੁਸੀਂ ਓਹੀ ਕਰੋ- ਮੈਂ ਸਵੇਰੇ ਵਕੀਲ ਨੂੰ ਮਿਲਣਾ ਹੈ ਅਤੇ ਮੈਨੂੰ ਏਸ ਚਿੱਠੀ ਦੀ ਸਖ਼ਤ ਜ਼ਰੂਰਤ ਹੈ।"

"ਪਰ ਐਸੀ ਚਿੱਠੀ ਨੂੰ ਤਾਂ ਇੱਕ ਹਫ਼ਤਾ ਲੱਗੇਗਾ- ਜੋ ਮੈਂ ਨਹੀਂ, ਕਲੀਨਿਕਲ ਲੀਡ ਵੱਲੋਂ ਮਿਲੇਗੀ। ...ਪਰ ਮੈਨੂੰ ਦੋ ਮਿਨਟ ਦਿਓ.... ਮੈਂ ਕਨਫ਼ਰਮ ਕਰ ਕੇ ਆਉਂਦਾ ਹਾਂ।"

"ਹਾਂ ਜਲਦੀ ਕਰੋ; ਆਹੋ ਫੇਰ ਵੀ ਤੁਸੀਂ ਪੰਜਾਬੀ ਹੋ, ਮੇਰੀ ਗੱਲ ਸਮਝ ਗਏ!"

ਨੌਜਵਾਨ ਮਨੋਰੋਗ-ਮਾਹਿਰ ਨੇ ਕਮਰੇ ਵਿੱਚੋਂ ਨਿੱਕਲਦਿਆਂ ਹੀ ਖ਼ਤਰੇ ਦੀ ਘੰਟੀ ਦੱਬ ਦਿੱਤੀ;
ਬਾਹਰਲਾ ਗੇਟ ਬੰਦ..........

ਬਚਪਨ

੧
ਪੋਹ ਅੱਗ-ਸਾੜ ਵਰਗਾ
ਯਖ਼ ਸੀਤ-ਹਾੜ ਵਰਗਾ

ਐਂ ਬੀਤਿਆ ਇ ਯਾ ਰਬ
ਬਚਪਨ ਉਜਾੜ ਵਰਗਾ

ਬਿਨ-ਰੂੰ ਲਿਹਾਫ਼ ਢਕਦੇ
ਛਲਣੀ ਉਛਾੜ ਵਰਗਾ

ਲੁਟਿਆ ਦਿਹਾਤ ਜਿਹਨੇ
ਭੈਂਗੇ ਕਰਾੜ ਵਰਗਾ

ਸਣ-ਦਾਣਿਆਂ ਸੜੀ ਜੋ
ਬਦ-ਬਖ਼ਤ ਨਾੜ ਵਰਗਾ

ਬੇ-ਅਕਲ ਹੋਰ ਕਰਦੀ
ਉਸ ਅਕਲ-ਦਾੜ੍ਹ ਵਰਗਾ

ਜਨਮੋਂ ਅ-ਪੰਗ ਜ਼ਖ਼ਮੀ
ਸ਼ੀਂਹ ਦੀ ਦਹਾੜ ਵਰਗਾ

ਬੋਲੇ ਜੁ ਕੰਨ ਪਾੜੇ
ਉਸ ਭੱਠ-ਹਾੜ੍ਹ ਵਰਗਾ

ਨਾ ਖੂਹ ਨ ਖੇਤ ਜਿਹਦੇ
ਉਸ ਔਂਤ ਆੜ ਵਰਗਾ

ਕੰਧਾਂ ਨ ਛੱਤ ਜਿਹਦੀ
ਉਧਲੀ ਅਗਾੜ ਵਰਗਾ

ਨਾ-ਸਬਜ਼ ਸੰਗ ਨੰਗੇ
ਤਪਦੇ ਪਹਾੜ ਵਰਗਾ

ਉੱਗੇ ਭੁਝੰਗ ਦੇਹ 'ਤੇ
ਖੜ-ਸੁੱਕ ਝਾੜ ਵਰਗਾ

ਕੀ ਬੀਤਿਆ ਇ ਯਾ ਰਬ
ਬਚਪਨ ਉਜਾੜ ਵਰਗਾ

੨
ਮਸੁ ਆਰ-ਪਾਰ ਬਚਪਨ
ਮਸੁ ਮੰਝ-ਧਾਰ ਬਚਪਨ

ਐਂ ਬੀਤਿਆ ਇ ਯਾ ਰਬ
ਜਨਮੋਂ ਬਿਮਾਰ ਬਚਪਨ

ਸੀਗਾ ਖ਼ਿਜ਼ਾਉਂ ਬਦਤਰ
ਉਜੜੀ ਬਹਾਰ ਬਚਪਨ

ਅਰਮਾਨ ਕਤਲ ਸਾਰੇ
ਖ਼ੂੰ ਅਸ਼ਕਬਾਰ ਬਚਪਨ

ਸਹਿਰਾ-ਇ-ਕਰਬਲਾ ਦਾ
ਗਰਦੋ-ਗ਼ੁਬਾਰ ਬਚਪਨ

ਤੁਲ ਸੂਤ ਅੱਟਿ ਵਿਕਿਆ
ਯੂਸਫ਼ ਬ'ਜ਼ਾਰ ਬਚਪਨ

ਖ਼ੁਦ ਲਾਸ਼ ਖ਼ੁਦ ਮਜਾਵਰ
ਜ਼ਿੰਦਾ ਮਜ਼ਾਰ ਬਚਪਨ

ਬਸ ਚਾਂਦਨੀ-ਦਿਵਾਲੀ
ਦਾ ਇੰਤਜ਼ਾਰ ਬਚਪਨ

ਤੁਰਨਾ ਪਿਆ ਜਿਦ੍ਹੇ 'ਤੇ
ਤਲਵਾਰ-ਧਾਰ ਬਚਪਨ

ਪੰਜੇ 'ਚ ਬਾਜ਼ ਦੇ ਜਿਉਂ
ਜ਼ਖ਼ਮੀ ਗੁਟਾਰ ਬਚਪਨ

ਨੌਂ ਨਕਦ ਸਨ ਨ ਜਿਹਦੇ
ਤੇਰ੍ਹਾਂ ਉਧਾਰ ਬਚਪਨ

ਗ਼ਮ ਅੰਧਕਾਰ ਨਾਲ਼ੇ
ਦੁਖ ਬੇ-ਕਨਾਰ ਬਚਪਨ

ਕੀ ਬੀਤਿਆ ਇ ਯਾ ਰਬ
ਜਨਮੋਂ ਬਿਮਾਰ ਬਚਪਨ

੩
ਐਂ ਜੀਣ ਜੀਣ ਸੀ ਜੇ
ਤਾਂ ਫੇਰ ਮਰਨ ਕੀ ਸੀ

ਪੰਪੋਸ਼ ਅਸਲ ਵਿਚ ਤਾਂ
ਇਹ ਸਹਿਜ ਮਰਨ ਹੀ ਸੀ।

•

ਪੰਪੋਸ਼ ਕਲਸੀ

ਸੋਫ਼ੀ ਦਾ ਸੰਸਾਰ



ਦੁਖ਼ਤਾਂ ਵਿੱਚੋਂ ਬਾਹਰ ਨਿੱਕਲੇ ਤਾਂ ਸਾਹਮਣੇ ਥੋੜ੍ਹੀ ਜਿਹੀ ਸਫ਼ਾਚੱਟ ਥਾਂ ਸੀ ਜਿੱਥੇ ਕਈ ਸਾਰੀਆਂ ਨਿੱਘੀਆਂ ਜਿਹੀਆਂ ਲੱਗਦੀਆਂ ਮਿੱਟੀ-ਰੰਗੀਆਂ ਕੌਟੇਜਜ਼ ਸਨ। ਕੌਟੇਜਜ਼ ਦੇ ਦਰਮਿਆਨ ਇੱਕ ਥਾਂ ਇੱਕ ਬਹੁਤ ਹੀ ਵੱਡੀ ਸਾਰੀ ਮਿਡਸਮਰ ਜਸ਼ਨ ਮਨਾਉਣ ਵਾਲੀ ਧੂਣੀ ਮਚ ਰਹੀ ਸੀ, ਅਤੇ ਉਸਦੇ ਗਿਰਦ ਬੜੀ ਰੰਗ ਬਰੰਗੀ ਭੀੜ ਦੇ ਅਕਾਰ ਨਾਚ ਕਰ ਰਹੇ ਸੀ। ਸੋਫ਼ੀ ਉਨ੍ਹਾਂ ਵਿਚੋਂ ਕੁਝ ਨੂੰ ਪਛਾਣਦੀ ਸੀ। ਓਥੇ ਹੈ ਸੀ (ਮਸ਼ਹੂਰ ਪਰੀ ਕਥਾ ਪਾਤਰ- ਸੰ.) ਸਨੋਅ ਵ੍ਹਾਈਟ ਅਤੇ ਸੱਤਾਂ ਵਿੱਚੋਂ ਕੁਝ ਕੁ ਬੌਣੇ, ਮੇਰੀ ਪੌਪਿਨਜ਼ ਅਤੇ ਸ਼ਰਲੌਕ ਹੋਮਜ਼, ਪੀਟਰ ਪੈਨ ਅਤੇ ਪਿੱਪੀ ਲੌਂਗਸਟੌਕਿੰਗ, ਲਿਟਲ ਰੈੱਡ ਰਾਈਡਿੰਗਹੁਡ ਅਤੇ ਸਿੰਡ੍ਰੇਲਾ। ਧੂਣੀ ਦੁਆਲੇ ਕਈ ਕੁਝ ਕੁ ਪਛਾਣੀਆਂ ਪਛਾਣੀਆਂ ਲੱਗ ਰਹੀਆਂ ਹਸਤੀਆਂ ਵੀ ਹੈ ਸਨ - (ਪਰਾਕੁਦਰਤੀ- ਸੰ.) ਨੋਹਮਜ਼ ਅਤੇ ਐਲਵਜ਼, ਫੌਨਜ਼ ਅਤੇ ਚੁੜੇਲਾਂ, ਫ਼ਰਿਸ਼ਤੇ ਅਤੇ ਇੰਪਸ। ਸੋਫ਼ੀ ਨੂੰ ਇੱਕ ਅਸਲੀ ਜਿਊਂਦੀ ਟ੍ਰੌਲ ਵੀ ਦਿਸ ਪਈ। "ਇੱਥੇ ਰੌਲ਼ਾ ਕਿੰਨਾ ਹੈ!" ਅਲਬਰਟੋ ਕੂਕਿਆ।

"ਮਿਡਸਮਰ ਜੋ ਹੈ," ਬੁੱਢੀ ਨੇ ਕਿਹਾ। "ਵਾਲਬੌਰਗ'ਜ਼ ਈਵ ਤੋਂ ਬਾਅਦ ਏਨਾ ਇਕੱਠ ਕਦੇ ਨਹੀਂ ਹੋਇਆ। ਪਰ ਉਦੋਂ ਅਸੀਂ ਜਰਮਨੀ ਵਿਚ ਸੀ। ਮੈਂ ਤਾਂ ਇੱਥੇ ਥੋੜ੍ਹੇ ਜਿਹੇ ਚਿਰ ਲਈ ਹੀ ਆਈ ਹਾਂ। ਤੁਸੀਂ ਕੌਫ਼ੀ ਚਾਹੁੰਦੇ ਸੀ ਨਾ?"

"ਜੀ, ਸ਼ੁਕਰੀਆ।"

ਹੁਣ ਤੋਂ ਪਹਿਲਾਂ ਸੋਫ਼ੀ ਦਾ ਇਸ ਵੱਲ ਧਿਆਨ ਨਹੀਂ ਸੀ ਗਿਆ ਕਿ ਸਾਰੀਆਂ ਇਮਾਰਤਾਂ ਅਧਰਕੀ-ਡਬਲਰੋਟੀ, ਕੈਂਡੀ ਅਤੇ ਸ਼ੂਗਰ ਆਇਸਿੰਗ ਦੀਆਂ ਬਣੀਆਂ ਹੋਈਆਂ ਹਨ। ਉਨ੍ਹਾਂ ਹਸਤੀਆਂ ਵਿਚੋਂ ਕਈ ਉਨ੍ਹਾਂ ਨੂੰ ਸਿੱਧਾ ਓਥੋਂ ਹੀ ਚੱਕ ਮਾਰੀ ਜਾ ਰਹੀਆਂ ਸਨ। ਇੱਕ ਬੇਕਰ ਜਿੱਥੋਂ ਜਿੱਥੋਂ ਕੋਈ ਖਰਾਬੀ ਹੁੰਦੀ ਜਾਂਦੀ ਨਾਲੋ ਨਾਲ ਓਥੋਂ ਓਥੋਂ ਮੁਰੰਮਤਾਂ ਕਰਦਾ ਫਿਰਦਾ ਸੀ। ਸੋਫ਼ੀ ਨੇ ਇੱਕ ਨੁੱਕਰੋਂ ਥੋੜ੍ਹੀ ਜਿਹੀ ਚੱਕੀ ਵੱਢ ਹੀ ਲਈ। ਉਸ ਪਹਿਲਾਂ ਕਦੇ ਵੀ ਇਸ ਤੋਂ ਮਿੱਠੀ ਅਤੇ ਬਿਹਤਰ ਕੋਈ ਚੀਜ਼ ਨਹੀਂ ਸੀ ਚਖੀ। ਕੁਝ ਚਿਰ ਬਾਅਦ ਬੁੱਢੀ ਕੌਫ਼ੀ ਦੇ ਇੱਕ ਕੱਪ ਨਾਲ ਪਰਤੀ।

"ਸੱਚੀਂ ਤੁਹਾਡਾ ਬਹੁਤ ਬਹੁਤ ਧੰਨਵਾਦ।"

"ਅਤੇ ਤੁਸੀਂ, ਸਾਡੇ ਪ੍ਰਾਹੁਣੇ ਕੌਫ਼ੀ ਦਾ ਕੀ ਇਵਜ਼ਾਨਾ ਦਿਓਗੇ?"

"ਇਵਜ਼ਾਨਾ ਦੇਵਾਂਗੇ?"

"ਆਮ ਤੌਰ 'ਤੇ ਅਸੀਂ ਕਹਾਣੀ ਨਾਲ ਇਵਜ਼ਾਨਾ ਭਰਾਉਂਦੇ ਹਾਂ। ਕੌਫ਼ੀ ਲਈ ਤਾਂ, ਕੋਈ ਵੀ ਝੱਲ ਵਲੱਲੀ ਕਹਾਣੀ ਬਥੇਰ੍ਹੀ ਰਹੇਗੀ।"

"ਅਸੀਂ ਇਨਸਾਨੀਅਤ ਦੀ ਸਾਰੀ ਮੰਨਣ-ਵਿਚ-ਨਾ-ਆ-ਸਕਦੀ ਕਹਾਣੀ ਸੁਣਾਅ ਸਕਦੇ ਹਾਂ," ਅਲਬਰਟੋ ਨੇ ਕਿਹਾ, "ਪਰ ਬਦਕਿਸਮਤੀ ਨਾਲ ਸਾਨੂੰ ਬੜੀ ਕਾਹਲੀ ਹੈ। ਕੀ ਅਸੀਂ ਫੇਰ ਕਦੀ ਕਿਸੇ ਹੋਰ ਦਿਨ ਆ ਕੇ ਇਵਜ਼ਾਨਾ ਭਰ ਸਕਦੇ ਹਾਂ?" ਅਲਬਰਟੋ ਨੇ ਕਿਹਾ।

"ਕਿਉਂ ਨਹੀਂ? ਅਤੇ ਤੁਸੀਂ ਏਨੀ ਕਾਹਲੀ ਵਿਚ ਕਿਉਂ ਹੋ ਭਲਾ?"

ਅਲਬਰਟੋ ਨੇ ਦੱਸਿਆ ਕਿ ਉਨ੍ਹਾਂ ਕਿਹੜਾ ਕੰਮ ਕਰਨਾ ਹੈ, ਅਤੇ ਬੁੱਢੀ ਤ੍ਰੀਮਤ ਨੇ ਟਿੱਪਣੀ ਕੀਤੀ:

"ਕਹਿਣਾ ਹੀ ਪਏਗਾ, ਤੁਸੀਂ ਦੋਏ ਤਾਂ ਨਵੇਂ ਨਵੇਂ ਹੀ ਆਏ ਹੋ। ਛੇਤੀ ਛੇਤੀ ਆਪਣੇ ਮਰਨਹਾਰੇ ਪੁਰਖਿਆਂ ਨਾਲੋਂ ਨਾਤ੍ਹਾ ਕੱਟੋ। ਸਾਨੂੰ ਹੁਣ ਉਨ੍ਹਾਂ ਦੀ ਦੁਨੀਆ ਦੀ ਹੋਰ ਵਧੇਰੇ ਲੋੜ ਨਹੀਂ ਰਹੀ। ਅਸੀਂ ਅਣ-ਦਿਸਦੇ ਲੋਕਾਂ ਵਿੱਚੋਂ ਹਾਂ।"

ਅਲਬਰਟੋ ਅਤੇ ਸੋਫ਼ੀ ਕਾਹਲੀ ਕਾਹਲੀ ਸਿੰਡ੍ਰੇਲਾ ਕੈਫ਼ੇ ਅਤੇ ਉਸ ਲਾਲ ਛੱਤ-ਲੱਥੀ ਗੱਡੀ ਨੂੰ ਪਰਤੇ। ਗੱਡੀ ਦੇ ਐਨ ਨਾਲ ਇੱਕ ਰੁੱਝੀ ਹੋਈ ਮਾਂ ਆਪਣੇ ਨਿੱਕੇ ਮੁੰਡੇ ਨੂੰ ਪੇਸ਼ਾਬ ਕਰਾਅ ਰਹੀ ਸੀ। ਗੱਡੀ ਤੇਜ-ਮ-ਤੇਜ ਚਲਾਅ ਕੇ ਅਤੇ ਛੋਟੇ ਰਾਹ ਲੈ ਲੈ ਕੇ, ਉਹ ਛੇਤੀ ਹੀ ਲਿੱਲੇਸੈਂਡ ਅੱਪੜ ਗਏ।

ਓਧਰ, ਐਸਕੇ 876 ਕੋਪਨਹੇਗਨ ਤੋਂ ਚੱਲ ਕੇ ਐਨ ਟਾਈਮ ਸਿਰ ਰਾਤ 9.35 'ਤੇ ਕਜੇਵਿਕ ਲੱਥ ਗਈ। ਜਦੋਂ ਕੋਪਨਹੇਗਨ ਵਿਚ ਅਜੇ ਹਵਾਈ ਜਹਾਜ਼ ਨੂੰ ਆਪਣੀ ਉੱਡਣੋਂ ਪਹਿਲਾਂ ਵਾਲੀ ਦੌੜ ਲਾਉਣ ਵਾਲੀ ਸੜਕ ਤੋਂ ਲਿਜਾਇਆ ਜਾ ਰਿਹਾ ਸੀ, ਮੇਜਰ ਨੇ ਚੈੱਕ-ਇਨ ਡੈਸਕ ਤੋਂ ਲਮਕ ਰਿਹਾ ਲਿਫ਼ਾਫ਼ਾ ਖੋਲ੍ਹ ਲਿਆ ਸੀ। ਇਸ ਅੰਦਰਲੇ ਰੁੱਕੇ 'ਤੇ ਲਿਖਿਆ ਸੀ:

ਮੇਜਰ ਨੈਗ ਲਈ, ਜਦੋਂ ਉਹ ਕਾਸਤ੍ਰੂਪ ਵਿਚ ਆਪਣਾ ਬੋਰਡਿੰਗ ਪਾਸ ਫੜਾਅ ਰਹੇ ਹੋਣਗੇ, ਮਿਡਸਮਰ ਰਾਤ, 1990 ਨੂੰ। ਪਿਆਰੇ ਡੈਡ, ਤੁਸੀਂ ਸ਼ਾਇਦ ਸੋਚਿਆ ਹੋਏ ਕਿ ਮੈਂ ਕੋਪਨਹੇਗਨ ਆ ਪਹੁੰਚਾਂਗੀ। ਪਰ ਤੁਹਾਡੀ ਹਿੱਲਜੁਲ ਉੱਤੇ ਮੇਰਾ ਕੰਟ੍ਰੋਲ ਉਸ ਨਾਲੋਂ ਵੱਧ ਜੁਗਤੀ ਹੈ। ਤੁਸੀਂ ਜਿੱਥੇ ਵੀ ਹੋ ਮੈਂ ਤੁਹਾਨੂੰ ਵੇਖ ਸਕਦੀ ਪਈ ਹਾਂ, ਡੈਡ। ਗੱਲ ਇਹ ਹੈ ਕਿ, ਮੈਂ ਇੱਕ ਪਰਮੰਨੇ ਖਾਨਾਬਦੋਸ਼ ਟੱਬਰ ਨੂੰ ਮਿਲ ਕੇ ਆਈ ਹਾਂ ਜਿਸ ਨੇ ਬਹੁਤ ਬਹੁਤ ਸਾਲ ਪਹਿਲਾਂ ਮੇਰੀ ਪੜ-ਦਾਦੀ ਨੂੰ ਪਿੱਤਲ ਦਾ ਇੱਕ ਜਾਦੂਈ ਸ਼ੀਸ਼ਾ ਵੇਚਿਆ ਸੀ। ਮੈਂ ਆਪਣੇ ਲਈ ਇੱਕ ਕ੍ਰਿਸਟਲ ਗੇਂਦ (ਭਵਿੱਖ ਦੱਸਦੀ, ਖਾਨਾਬਦੋਸ਼ਾਂ ਵੱਲੋਂ ਵਰਤੀ ਜਾਂਦੀ -ਸੰ.)ਵੀ ਲੈ ਲਈ ਹੋਈ ਹੈ। ਹੁਣ ਇਸ ਵੇਲੇ ਵੀ, ਮੈਂ ਵੇਖ ਸਕਦੀ ਪਈ ਹਾਂ ਕਿ ਤੁਸੀਂ ਹੁਣੇ ਹੁਣੇ ਆਪਣੀ ਸੀਟ 'ਤੇ ਬੈਠ ਗਏ ਹੋ। ਕੀ ਮੈਂ ਤੁਹਾਨੂੰ ਚੇਤੇ ਕਰਾਅ ਦੇਵਾਂ ਕਿ ਤੁਸੀਂ ਆਪਣੀ ਸੀਟ ਬੈਲਟ ਬੰਨ੍ਹ ਲਓ ਅਤੇ ਆਪਣੀ ਕੁਰਸੀ ਨੂੰ ਐਨ ਸਿੱਧੀ ਰੱਖੋ ਜਦੋਂ ਤੱਕ ਕਿ "ਸੀਟ ਬੈਲਟ ਬੰਨ੍ਹੋ" ਵਾਲੀ ਚੇਤਾਵਣੀ ਦਾ ਸਵਿੱਚ ਨਹੀਂ ਬੰਦ ਕੀਤਾ ਜਾਂਦਾ। ਜਦੋਂ ਹੀ ਜਹਾਜ਼ ਉਡਾਣ ਭਰ ਲਏ, ਤੁਸੀਂ ਆਪਣੀ ਸੀਟ ਦੀ ਢੋਅ ਨੀਵੀਂ ਕਰ ਸਕਦੇ ਹੋ ਅਤੇ ਆਪਣਾ ਚੰਗਾ-ਕਮਾਇਆ-ਹੋਇਆ ਅਰਾਮ ਕਰ ਲਓ। ਘਰ ਆਓਗੇ ਤਾਂ ਤੁਹਾਡੇ ਵੱਲੋਂ ਚੰਗਾ ਅਰਾਮ ਕੀਤਾ ਗਿਆ ਹੋਣਾ ਚਾਹੀਦਾ ਹੈ। ਲਿੱਲੇਸੈਂਡ ਵਿਚ ਮੌਸਮ ਪੂਰਾ ਵਧੀਆ ਹੈ, ਪਰ ਤਾਪਮਾਨ ਲੈਬਨਾਨ ਨਾਲੋਂ ਕੁਝ ਡਿਗਰੀਆਂ ਘੱਟ ਹੈ। ਮੈਂ ਤੁਹਾਡੇ ਲਈ ਸੁਖਾਵੀਂ ਉਡਾਨ ਦੀ ਕਾਮਨਾ ਕਰਦੀ ਹਾਂ। ਪਿਆਰ, ਤੁਹਾਡੀ ਆਪਣੀ ਚੁੜੇਲ-ਧੀ, ਸ਼ੀਸ਼ੇ ਦੀ ਰਾਣੀ ਅਤੇ ਗੱਲਾਂ ਦੇ ਪੁੱਠੇ ਪੈ ਜਾਣ ਦੀ ਸਭ ਤੋਂ ਉੱਚੀ ਰਖਵਾਲਣ।

ਹਿੰਦੀ ਵਿਚ ਡੇਢ ਘੰਟੇ ਦੀ ਅੰਗਰੇਜ਼ੀ ਫ਼ੀਚਰ ਫ਼ਿਲਮ 'ਤੇ ਮਿਲ ਰਹੀ ਹੈ। "ਯੂ ਟਿਊਬ" ਉੱਤੇ ਵੀ https://www.youtube.com/watch?v=zsXO6Uu-n-A!- ਸੰ.

ਐਲਬਰਟ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਨੂੰ ਗੁੱਸਾ ਚੜ੍ਹਿਆ ਹੋਇਆ ਹੈ ਕਿ ਉਹ ਸਿਰਫ਼ ਥੱਕਿਆ ਅਤੇ ਆਪਣੇ ਆਪ ਨੂੰ ਹਲਾਤ ਹਵਾਲੇ ਛੱਡ ਚੁੱਕਿਆ ਹੋਇਆ ਹੈ। ਫੇਰ ਉਹ ਹੱਸਣ ਲੱਗਾ। ਉਹ ਏਨੀ ਜ਼ੋਰ ਦੀ ਹੱਸਿਆ ਕਿ ਉਸਦੇ ਸਾਥੀ ਮੁਸਾਫ਼ਰ ਮੁੜ ਮੁੜ ਕੇ ਉਸ ਵੱਲ ਟਿਕਟਿਕੀ ਲਾ ਕੇ ਵੇਖਣ ਲੱਗ ਪਏ। ਫੇਰ ਜਹਾਜ਼ ਉੱਡ ਪਿਆ।

ਉਸਨੂੰ ਆਪਣੀ ਹੀ ਦਵਾਈ ਦਾ ਸੁਆਦ ਚਖਾਅ ਦਿੱਤਾ ਗਿਆ ਸੀ। ਪਰ ਇੱਕ ਬਹੁਤ ਅਹਿਮ ਫ਼ਰਕ ਤਾਂ ਹੈ ਸੀ, ਜ਼ਰੂਰ। ਉਸਦੀ ਦਵਾਈ ਦਾ ਸਭ ਤੋਂ ਪਹਿਲਾ ਅਸਰ ਤਾਂ ਸੋਫ਼ੀ ਅਤੇ ਅਲਬਰਟੋ 'ਤੇ ਹੀ ਪਿਆ ਸੀ। ਅਤੇ ਉਹ ਤਾਂ - ਬਈ, ਸਿਰਫ਼ ਖ਼ਿਆਲੀ-ਕਾਲਪਨਿਕ ਸਨ।

ਉਸ ਉਹੀ ਕੀਤਾ ਜੋ ਹਿਲਡੇ ਨੇ ਸੁਝਾਇਆ ਸੀ। ਆਪਣੀ ਸੀਟ ਦੀ ਢੋਅ ਨੀਵੀਂ ਕੀਤੀ ਅਤੇ ਊਂਘਣ ਲੱਗਾ। ਉਹ ਓਦੋਂ ਤੱਕ ਮੁੜ ਪੂਰੀ ਤਰ੍ਹਾਂ ਨਾ ਜਾਗਿਆ ਜਦੋਂ ਤੱਕ ਕਿ ਪਾਸਪੋਰਟ ਕੰਟ੍ਰੋਲ ਵਿੱਚੋਂ ਲੰਘ, ਕਜੇਵਿਕ ਹਵਾਈ ਅੱਡੇ, ਪਹੁੰਚ ਚੁੱਕਿਆਂ ਦੇ ਹਾੱਲ ਵਿਚ ਨਹੀਂ ਸੀ ਆ ਖਲੋਤਾ। ਓਥੇ ਇੱਕ ਰੋਸ ਮੁਜ਼ਾਹਰਾ ਉਸਦੀ ਉਡੀਕ ਕਰ ਰਿਹਾ ਸੀ।

ਹਿਲਡੇ ਦੀ ਉਮਰ ਦੇ ਕੋਈ ਅੱਠ-ਦਸ ਜਵਾਨ ਲੋਕ ਸਨ। ਉਨ੍ਹਾਂ ਗੱਤੇ ਦੇ ਸਾਈਨਬੋਰਡ ਫੜੇ ਹੋਏ ਸਨ ਜਿਨ੍ਹਾਂ ਉੱਤੇ ਲਿਖਿਆ ਸੀ: **ਘਰ ਵਾਪਸੀ ਦਾ ਸੁਆਗਤ ਹੈ, ਡੈਡ - ਹਿਲਡੇ ਬਗੀਚੇ ਵਿਚ ਉਡੀਕਦੀ ਪਈ ਹੈ - ਵੇਖੋ ਪੁੱਠਾ-ਪਿਆ ਵਿਅੰਗ।**

ਸਭ ਤੋਂ ਮਾੜੀ ਗੱਲ ਤਾਂ ਇਹ ਸੀ ਕਿ ਉਹ ਝੱਟਪਟ ਕਿਸੇ ਟੈਕਸੀ ਵਿਚ ਨਹੀਂ ਸੀ ਵੜ ਸਕਦਾ। ਉਸਨੂੰ ਆਪਣੇ ਸਮਾਨ ਦੀ ਉਡੀਕ ਕਰਨੀ ਪੈਣੀ ਸੀ। ਅਤੇ ਓਨਾ ਸਾਰਾ ਚਿਰ, ਹਿਲਡੇ ਦੇ ਜਮਾਤੀ ਉਸਨੂੰ ਘੇਰਾ ਪਾਈ ਫਿਰ ਰਹੇ ਸਨ, ਉਸਨੂੰ ਵਾਰ ਵਾਰ ਉਨ੍ਹਾਂ ਫੱਟਿਆਂ ਨੂੰ ਪੜ੍ਹਨ ਲਈ ਮਜਬੂਰ ਕਰਦੇ। ਫੇਰ ਇੱਕ ਕੁੜੀ ਨੇ ਅੱਗੇ ਵਧ ਕੇ ਉਸਨੂੰ ਗੁਲਾਬਾਂ ਦਾ ਇੱਕ ਗੁੱਛਾ ਦਿੱਤਾ ਅਤੇ ਉਹ ਪੰਘਰ ਗਿਆ। ਉਸ ਆਪਣੇ ਖ਼ਰੀਦਦਾਰੀ ਵਾਲੇ ਥੈਲਿਆਂ ਵਿਚੋਂ ਇੱਕ ਵਿਚ ਡੂੰਘਾ ਹੱਥ ਪਾ ਕੇ ਹਰ ਰੋਸ-ਮੁਜ਼ਹਾਰੇ ਵਾਲੇ ਨੂੰ ਬਦਾਮ, ਖੰਡ ਅਤੇ ਆਂਡੇ ਤੋਂ ਬਣੀ ਇੱਕ ਇੱਕ ਬਾਰ ਦਿੱਤੀ। ਹੁਣ ਤਾਂ ਬੱਸ ਹਿਲਡੇ ਲਈ ਹੀ ਦੋ ਰਹਿ ਗਈਆਂ ਸਨ। ਜਦੋਂ ਉਹ ਆਪਣਾ ਸਮਾਨ ਲੈ ਚੁੱਕਿਆ, ਇੱਕ ਨੌਜਵਾਨ ਨੇ ਅੱਗੇ ਵਧ ਕੇ ਕਿਹਾ ਕਿ ਉਹ "ਸ਼ੀਸ਼ੇ ਦੀ ਰਾਣੀ" ਦੇ ਹੁਕਮਾਂ ਹੇਠ ਹੈ , ਅਤੇ ਉਸਨੂੰ ਹੁਕਮ ਹੈ ਕਿ ਉਸਨੇ ਉਸ ਨੂੰ ਕਾਰ ਚਲਾਅ ਬੀਅਰਕਲੇ ਲਿਜਾਣਾ ਹੈ। ਬਾਕੀ ਦੇ ਰੋਸ-ਮੁਜ਼ਾਹਰਾਕਾਰੀ ਆਮ ਭੀੜ ਵਿਚ ਰਚ ਮਿਚ ਗਏ।

ਉਹ ਈ-18 'ਤੇ ਨਿੱਕਲ ਪਏ। ਹਰੇਕ ਪੁਲ ਅਤੇ ਸੁਰੰਗ ਜਿਹੜੀ ਉਨ੍ਹਾਂ ਦੇ ਰਾਹ ਵਿਚ ਆਈ ਉਸ ਉੱਤੇ ਅਜਿਹੇ ਬੈਨਰ ਲੱਗੇ ਸਨ ਕਿ "ਘਰ ਆਉਣ ਦਾ ਸੁਆਗਤ!", "ਟਰਕੀ ਖਾਣ ਨੂੰ ਤਿਆਰ ਬਰ ਤਿਆਰ ਹੈ," "ਮੈਂ ਤੁਹਾਨੂੰ ਵੇਖ ਸਕਦੀ ਪਈ ਹਾਂ, ਡੈਡ!"

ਜਦੋਂ ਉਸ ਨੂੰ ਬੀਅਰਕਲੇ ਦੇ ਬਾਹਰਲੇ ਵੱਡੇ ਗੇਟ 'ਤੇ ਉਤਾਰਿਆ ਗਿਆ, ਐਲਬਰਟ ਨੈਗ ਨੇ ਸਕੂਨ ਦਾ ਸਾਹ ਲਿਆ, ਕਾਰ ਚਾਲਕ ਦਾ ਸੌ ਕ੍ਰਾਊਨ ਦੇ ਨੋਟ ਅਤੇ ਕਾਰਲਜ਼ਬਰਗ ਐਲੀਫ਼ੈਂਟ ਬੀਅਰ ਦੇ ਤਿੰਨ ਕੈਨਾਂ ਨਾਲ ਧੰਨਵਾਦ ਕੀਤਾ।

ਉਸਦੀ ਪਤਨੀ ਘਰ ਦੇ ਬਾਹਰ ਉਸਦੀ ਉਡੀਕ ਵਿਚ ਖਲੋਤੀ ਸੀ। ਇੱਕ ਲੰਮੀ ਜੱਫੀ ਤੋਂ ਬਾਅਦ, ਉਸਨੇ ਪੁੱਛਿਆ, "ਉਹ ਕਿੱਥੇ ਹੈ?"

"ਉਹ ਬੰਦਰਗਾਹ ਵਿਚ ਬੈਠੀ ਹੈ, ਐਲਬਰਟ।"

ਅਲਬਰਟੋ ਅਤੇ ਸੋਫ਼ੀ ਨੇ ਲਾਲ ਛੱਤ-ਲੱਥੀ ਗੱਡੀ ਨੂੰ ਲਿਲੇਸੈਂਡ ਵਿਚ ਹੋਟਲ ਨੌਰਜ ਦੇ ਬਾਹਰ ਚੌਕ ਵਿਚ ਲਿਆ ਖਲ੍ਹਾਰਿਆ। ਸਵਾ ਦਸ ਹੋ ਗਏ ਸਨ। ਉਨ੍ਹਾਂ ਨੂੰ ਟਾਪੂਆਂ ਦੇ ਸਮੂਹ ਵਿਚ ਇੱਕ ਵੱਡੀ ਸਾਰੀ ਧੂਣੀ ਬਲ਼ਦੀ ਵਿਖ ਰਹੀ ਸੀ।

"ਅਸੀਂ ਬੀਅਰਕਲੇ ਨੂੰ ਕਿਵੇਂ ਲੱਭਾਂਗੇ?" ਸੋਫ਼ੀ ਨੇ ਪੁੱਛਿਆ।

"ਬੱਸ ਲੱਭ ਲੱਭ ਕੇ ਹੀ। ਤੈਨੂੰ ਮੇਜਰ ਦੀ ਕੈਬਿਨ ਵਿਚ ਉਹ ਪੇਂਟਿੰਗ ਚੇਤੇ ਹੈ?"

"ਸਾਨੂੰ ਛੇਤੀ ਕਰਨੀ ਪੈਣੀ ਹੈ। ਮੈਂ ਉਸਦੇ ਪੁੱਜਣ ਤੋਂ ਪਹਿਲਾਂ ਓਥੇ ਹੋਣਾ ਚਾਹੁੰਦਾ ਹਾਂ।"

ਉਹ ਨਿੱਕੀਆਂ ਸੜਕਾਂ ਵਿਚੋਂ ਲੰਘੀ ਗਏ ਅਤੇ ਫੇਰ ਪਥਰੀਲੇ ਟਿੱਬਿਆਂ ਅਤੇ ਢਲਾਣਾਂ ਤੋਂ ਦੀ। ਇੱਕ ਫ਼ਾਇਦੇਮੰਦ ਸੂਹ ਇਹ ਸੀ ਕਿ ਬੀਅਰਰਕਲੇ ਪਾਣੀ ਦੇ ਨੇੜ ਤੇੜ ਵਿਚ ਹੈ। ਅਚਾਨਕ ਸੋਫ਼ੀ ਚੀਕ ਕੇ ਬੋਲੀ, "ਅਹੁ ਰਿਹਾ! ਅਸੀਂ ਲੱਭ ਲਿਆ!"

"ਮੇਰਾ ਖ਼ਿਆਲ ਹੈ ਤੂੰ ਸਹੀ ਕਹਿ ਰਹੀ ਹੈਂ, ਪਰ ਏਨੀ ਜ਼ੋਰ ਦੀ ਨਾ ਚੀਕ।"

"ਕਿਉਂ? ਸਾਨੂੰ ਕਿਹੜਾ ਕੋਈ ਸੁਣ ਰਿਹਾ ਹੈ?"

"ਮੇਰੀ ਪਿਆਰੀ ਸੋਫ਼ੀ- ਫ਼ਲਸਫ਼ੇ ਦੇ ਇੱਕ ਪੂਰੇ ਕੋਰਸ ਦੇ ਬਾਅਦ, ਮੈਂ ਬਹੁਤ ਨਿਰਾਸ਼ ਹਾਂ ਕਿ ਤੂੰ ਅਜੇ ਵੀ ਛਾਲਾਂ ਮਾਰ ਕੇ ਨਤੀਜਿਆਂ ਨੂੰ ਅੱਪੜ ਰਹੀ ਹੈਂ।"

"ਹਾਂ, ਪਰ..."

"ਤੂੰ ਕਿਤੇ ਇਹ ਤਾਂ ਨਹੀਂ ਮੰਨੀ ਬੈਠੀ ਕਿ ਇਸ ਥਾਂ ਉੱਕਾ ਕੋਈ ਟ੍ਰੌਲ, ਪਿਕਸੀ, ਜੰਗਲ ਦੇ ਨਿੰਫ਼, ਅਤੇ ਚੰਗੀਆਂ ਪਰੀਆਂ ਨਹੀਂ ਹਨ?"

"ਓਅਅ, ਮੁਆਫ਼ ਕਰਨਾ।"

ਉਹ ਕਾਰ ਵਿਚ ਗੇਟ ਰਾਹੀਂ ਅੰਦਰ ਗਏ ਅਤੇ ਬਜਰੀ ਵਾਲੇ ਰਾਹੋਂ ਘਰ ਤੱਕ ਚਲੇ ਗਏ। ਅਲਬਰਟੋ ਨੇ ਗੱਡੀ ਗਲਾਈਡਰ ਦੇ ਨੇੜੇ ਲਾੱਨ ਵਿਚ ਖਲ੍ਹਾਰ ਦਿੱਤੀ। ਬਗੀਚੇ ਵਿਚ ਥੋੜ੍ਹੀ ਜਿਹੀ ਹੀ ਅੱਗੇ ਜਾ ਕੇ ਤਿੰਨ ਜਣਿਆਂ ਲਈ ਖਾਣੇ ਦਾ ਮੇਜ਼ ਲੱਗਾ ਹੋਇਆ ਸੀ।

"ਮੈਨੂੰ ਉਹ ਦਿਸ ਪਈ ਹੈ!" ਸੋਫ਼ੀ ਫੁਸਫੁਸਾਈ। "ਉਹ ਬੰਦਰਗਾਹ ਵਿਚ ਬੈਠੀ ਹੈ, ਐਨ ਮੇਰੇ ਸੁਫ਼ਨੇ ਵਾਂਗ ਹੀ।"

"ਕੀ ਤੂੰ ਧਿਆਨ ਦਿੱਤਾ ਹੈ ਕਿ ਇਹ ਬਗੀਚਾ ਕਲੋਵਰ ਕਲੋਜ਼ ਵਿਚ ਤੇਰੇ ਆਪਣੇ ਬਗੀਚੇ ਨਾਲ ਮਿਲਦਾ ਜੁਲਦਾ ਹੈ?"

"ਹਾਂ, ਮਿਲਦਾ ਜੁਲਦਾ ਹੈ। ਗਲਾਈਡਰ ਅਤੇ ਸਭ ਕੁਝ ਵੀ ਹੈ। ਕੀ ਮੈਂ ਓਥੇ ਉਸ ਕੋਲ ਚਲੀ ਜਾਵਾਂ?"

"ਕੁਦਰਤੀ ਹੈ। ਮੈਂ ਇੱਥੇ ਰਹਾਂਗਾ।"

ਸੋਫ਼ੀ ਭੱਜੀ ਭੱਜੀ ਬੰਦਰਗਾਹ ਤੱਕ ਗਈ। ਉਹ ਠੇਡਾ ਖਾ ਕੇ ਤਕਰੀਬਨ ਹਿਲਡੇ ਦੇ ਉੱਤ ਹੀ ਡਿੱਗ ਪਈ ਸੀ। ਪਰ ਉਹ ਤਮੀਜ਼ ਨਾਲ ਉਸਦੇ ਨਾਲ ਕਰ ਕੇ ਬੈਠ ਗਈ।

ਹਿਲਡੇ ਐਵੇਂ ਬੈਠੀ ਕਿਸ਼ਤੀ ਨੂੰ ਕਿਨਾਰੇ 'ਤੇ ਬੰਨ੍ਹਣ ਵਾਲੀ ਰੱਸੀ ਨਾਲ ਖੇਡ ਰਹੀ ਸੀ।

ਉਸਦੇ ਖੱਬੇ ਹੱਥ ਵਿਚ ਉਸ ਇੱਕ ਕਾਗਜ਼ ਦੀ ਕਾਤਰ ਫੜੀ ਹੋਈ ਸੀ। ਜ਼ਾਹਿਰ ਸੀ ਕਿ ਉਹ ਉਡੀਕ ਕਰ ਰਹੀ ਸੀ। ਉਸ ਕਈ ਵਾਰ ਆਪਣੀ ਘੜੀ

'ਤੇ ਨਜ਼ਰ ਮਾਰੀ ਸੀ। .

ਸੋਫ਼ੀ ਨੂੰ ਉਹ ਬਹੁਤ ਖੁਸ਼-ਸ਼ਕਲ ਲੱਗੀ। ਉਸਦੇ ਹਲਕੇ ਰੰਗ ਦੇ, ਘੁੰਗਰਾਲੇ ਵਾਲ ਸਨ ਅਤੇ ਚਮਕਦੀਆਂ ਹਰੀਆਂ ਅੱਖਾਂ। ਉਸ ਗਰਮੀਆਂ ਵਾਲੀ ਪੀਲੀ ਪੋਸ਼ਾਕ ਪਹਿਨੀ ਹੋਈ ਸੀ। ਉਹ ਜੋਆਨਾ ਤੋਂ ਵੱਖਰੀ ਜਿਹੀ ਨਾ ਲੱਗੀ।

ਸੋਫ਼ੀ ਨੇ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹਾਲਾਂਕਿ ਉਸ ਨੂੰ ਪਤਾ ਸੀ ਕਿ ਇਸ ਦਾ ਕੋਈ ਫ਼ਾਇਦਾ ਨਹੀਂ ਸੀ। "ਹਿਲਡੇ- ਮੈਂ ਸੋਫ਼ੀ!"

ਹਿਲਡੇ ਨੂੰ ਵੇਖ ਅਜਿਹਾ ਕੁਝ ਨਾ ਲੱਗਾ ਕਿ ਉਸ ਨੇ ਸੁਣ ਲਿਆ ਹੈ।

ਸੋਫ਼ੀ ਨੇ ਆਪਣੇ ਗੋਡਿਆਂ ਭਾਰ ਹੋ ਕੇ ਉਸਦੇ ਕੰਨ ਵਿਚ ਚੀਕ ਕੇ ਆਖਣ ਦੀ ਕੋਸ਼ਿਸ਼ ਕੀਤੀ: "ਤੈਨੂੰ ਸੁਣਦੀ ਹੈ ਮੇਰੀ ਗੱਲ, ਹਿਲਡੇ? ਕਿ ਤੂੰ ਗੂੰਗੀ ਵੀ ਹੈਂ ਅਤੇ ਅੰਨ੍ਹੀਂ ਵੀ?"

"ਕੀ ਉਸ ਆਪਣੀਆਂ ਅੱਖਾਂ ਕੁਝ ਹੋਰ ਚੌੜੀਆਂ ਕਰ ਕੇ ਖੋਲ੍ਹੀਆਂ ਸਨ, ਕਿ ਨਹੀਂ? ਕੀ ਬਹੁਤ ਨਿੱਕਾ ਜਿਹਾ ਵੀ ਕੋਈ ਇਸ਼ਾਰਾ ਨਹੀਂ ਸੀ ਮਿਲ ਰਿਹਾ ਕਿ ਉਸ ਨੇ ਕੁਝ ਸੁਣਿਆ ਹੈ- ਭਾਵੇਂ ਕਿੰਨਾ ਹੀ ਬਰੀਕ ਜਿਹਾ?"

ਉਸ ਆਲੇ ਦੁਆਲੇ ਵੇਖਿਆ। ਫੇਰ ਉਸ ਆਪਣਾ ਸਿਰ ਅਚਾਨਕ ਘੁਮਾਅ ਕੇ ਸਿੱਧਾ ਸੋਫ਼ੀ ਦੀਆਂ ਅੱਖਾਂ ਵਿਚ ਨੂੰ ਟਿਕਟਿਕੀ ਲਾਈ। ਉਸਨੇ ਉਸ ਉੱਤੇ ਪੂਰੀ ਚੰਗੀ ਤਰ੍ਹਾਂ ਨਜ਼ਰ ਨਹੀਂ ਸੀ ਟਿਕਾਈ; ਇਹ ਤਾਂ ਇਓਂ ਸੀ ਜਿਵੇਂ ਉਹ ਐਨ ਉਸਦੇ ਵਿੱਚੋਂ ਦੀ ਤੱਕ ਰਹੀ ਹੋਏ।

"ਏਨੀ ਜ਼ੋਰ ਦੀ ਨਹੀਂ, ਸੋਫ਼ੀ," ਅਲਬਰਟੋ ਨੇ ਕਾਰ ਕੋਲੋਂ ਦੀ ਕਿਹਾ। "ਮੈਂ ਨਹੀਂ ਚਾਹੁੰਦਾ ਸਾਰਾ ਬਗੀਚਾ ਜਲਪਰੀਆਂ ਨਾਲ ਹੀ ਭਰ ਜਾਏ।"

ਸੋਫ਼ੀ ਹੁਣ ਟਿਕ ਕੇ ਬੈਠੀ ਸੀ। ਹਿਲਡੇ ਨੇੜੇ ਬੈਠਣਾ ਹੀ ਚੰਗਾ ਚੰਗਾ ਲੱਗ ਰਿਹਾ ਸੀ। ਫੇਰ ਉਸ ਨੇ ਇੱਕ ਆਦਮੀ ਦੀ ਡੂੰਘੀ ਅਵਾਜ਼ ਸੁਣੀ: "ਹਿਲਡੇ!"

ਇਹ ਤਾਂ ਮੇਜਰ ਸੀ- ਵਰਦੀ ਵਿਚ, ਨੀਲੀ ਬੇਰੇ ਟੋਪੀ ਵਿਚ। ਉਹ ਬਗੀਚੇ ਦੇ ਸਿਖਰ 'ਤੇ ਖਲੋਤਾ ਸੀ।

ਹਿਲਡੇ ਉੱਛਲ ਕੇ ਉਸ ਵੱਲ ਭੱਜ ਪਈ। ਉਹ ਗਲਾਈਡਰ ਅਤੇ ਛੱਤ-ਲੱਥੀ ਲਾਲ ਗੱਡੀ ਦੇ ਵਿਚਾਲੇ ਥਾਂ 'ਤੇ ਮਿਲੇ। ਉਸ ਉਸਨੂੰ ਹਵਾ ਵਿਚ ਚੁੱਕ ਲਿਆ ਅਤੇ ਉਸਨੂੰ ਗੋਲ ਗੋਲ ਝੁਟਾਉਣ ਲੱਗਾ।

ਹਿਲਡੇ ਬੰਦਰਗਾਹ 'ਤੇ ਬੈਠੀ ਆਪਣੇ ਪਿਤਾ ਨੂੰ ਉਡੀਕਦੀ ਰਹੀ ਸੀ। ਜਦੋਂ ਦੇ ਉਹ ਕਾਸਤਰੂਪ ਵਿਚ ਲੈਂਡ ਕੀਤੇ ਸਨ, ਉਸ ਉਨ੍ਹਾਂ ਬਾਰੇ ਹਰ ਪੰਦਰਾਂ ਮਿਨਟਾਂ ਬਾਅਦ ਸੋਚਿਆ, ਇਹ ਕਿਆਸ ਲਾਉਣ ਦੀ ਕੋਸ਼ਿਸ਼ ਕਰਦਿਆਂ ਕਿ ਹੁਣ ਉਹ ਕਿੱਥੇ ਹੋਣਗੇ, ਅਤੇ ਉਨ੍ਹਾਂ ਨੂੰ ਉਹ ਸਭ ਕਿਸ ਤਰ੍ਹਾਂ ਦਾ ਲੱਗ ਰਿਹਾ ਸੀ। ਉਸ ਇਹ ਸਾਰੇ ਸਮੇਂ ਕਾਗਜ਼ ਦੇ ਇੱਕ ਟੁਕੜੇ ਉੱਤੇ ਨੋਟ ਕੀਤੇ ਹੋਏ ਸਨ ਅਤੇ ਇਸਨੂੰ ਸਾਰਾ ਦਿਨ ਆਪਣੇ ਨਾਲ ਹੀ ਰੱਖਿਆ ਸੀ।

ਜੇ ਉਨ੍ਹਾਂ ਨੂੰ ਗੁੱਸਾ ਚੜ੍ਹ ਗਿਆ? ਪਰ ਲਓ, ਉਹ ਇਸਦੀ ਵੀ ਤਾਂ ਨਹੀਂ ਸੀ ਆਸ ਕਰ ਸਕਦੇ ਨਾ ਕਿ ਉਹ ਉਸ ਲਈ ਇੱਕ ਭੇਤਭਰੀ ਕਿਤਾਬ ਲਿਖਣਗੇ - ਅਤੇ ਫੇਰ ਵੀ ਸਭ ਕੁਝ ਪਹਿਲਾਂ ਵਾਂਗ ਹੀ ਰਹੇਗਾ?

ਉਸ ਫੇਰ ਆਪਣੀ ਘੜੀ ਤੱਕੀ। ਹੁਣ ਸਵਾ ਦਸ ਸਨ। ਉਹ ਕਿਸੇ ਵੀ ਮਿਨਟ ਪੁੱਜ ਸਕਦੇ ਸਨ।

ਪਰ ਇਹ ਕੀ ਸੀ? ਉਸਨੂੰ ਲੱਗਾ ਉਸ ਨੇ ਇੱਕ ਬਰੀਕ ਜਿਹਾ ਸਾਹ ਵਰਗਾ ਕੁਝ ਸੁਣਿਆ ਹੈ, ਐਨ ਓਸੇ ਤਰ੍ਹਾਂ ਦਾ ਜਿਸ ਤਰ੍ਹਾਂ ਦਾ ਸੋਫ਼ੀ ਬਾਰੇ ਆਪਣੇ ਸੁਫ਼ਨੇ ਵਿਚ ਸੁਣਿਆ ਸੀ।

ਉਸ ਝੱਟ ਮੁੜ ਕੇ ਵੇਖਿਆ। ਕੁਝ ਹੈ ਸੀ, ਉਸ ਨੂੰ ਪੱਕਾ ਸੀ। ਪਰ ਕੀ? ਸ਼ਾਇਦ ਗਰਮੀਆਂ ਦੀ ਰਾਤ ਹੀ ਸੀ, ਬਸ।

ਕੁਝ ਸਕਿੰਟਾਂ ਲਈ ਉਸਨੂੰ ਇਹ ਡਰ ਲੱਗਾ ਕਿ ਸ਼ਾਇਦ ਉਸ ਨੂੰ ਐਵੇਂ ਅਵਾਜ਼ਾਂ ਆ ਰਹੀਆਂ ਹਨ। "ਹਿਲਡੇ!"

ਹੁਣ ਉਸ ਦੂਸਰੀ ਤਰਫ਼ ਭਉਂ ਕੇ ਵੇਖਿਆ। ਇਹ ਤਾਂ ਡੈਡ ਸੀ! ਉਹ ਬਗੀਚੇ ਦੇ ਸਿਖ਼ਰ 'ਤੇ ਖਲੋਤੇ ਸਨ।

ਹਿਲਡੇ ਉੱਛਲ ਕੇ ਉਨ੍ਹਾਂ ਵੱਲ ਭੱਜੀ ਭੱਜੀ ਗਈ। ਉਹ ਗਲਾਈਡਰ ਨੇੜੇ ਮਿਲੇ। ਉਨ੍ਹਾਂ ਉਸ ਨੂੰ ਹਵਾ ਵਿੱਚ ਚੁੱਕ ਲਿਆ ਅਤੇ ਗੋਲ ਗੋਲ ਘੁਮਾਅ ਕੇ ਝੂਟੇ ਦੇਣ ਲੱਗੇ।

ਹਿਲਡੇ ਰੋ ਰਹੀ ਸੀ, ਅਤੇ ਉਸ ਦੇ ਪਿਤਾ ਨੂੰ ਵੀ ਆਪਣੇ ਹੰਝੂ ਸਾਂਭਣੇ ਪੈ ਰਹੇ ਸਨ। "ਤੂੰ ਤਾਂ ਪੂਰੀ ਵੱਡੀ ਤ੍ਰੀਮਤ ਬਣ ਗਈ ਹੈਂ, ਹਿਲਡੇ!"

"ਅਤੇ ਤੁਸੀਂ ਇੱਕ ਅਸਲੀ ਲੇਖਕ ਬਣ ਗਏ ਹੋ।"

ਹਿਲਡੇ ਨੇ ਆਪਣੇ ਅੱਥਰੂ ਪੂੰਝ ਦਿੱਤੇ। "ਚੱਲ ਇਹ ਆਖ ਲਈਏ ਕਿ ਹੁਣ ਆਪਣਾ ਹਿਸਾਬ ਬਰਾਬਰ ਹੋ ਗਿਆ ਹੈ?" ਹਿਲਡੇ ਨੇ ਪੁੱਛਿਆ।

"ਹਾਂ, ਬਰਾਬਰ ਹੈ।"

ਉਹ ਮੇਜ਼ ਵਾਲੀ ਕੁਰਸੀ 'ਤੇ ਬੈਠ ਗਏ। ਸਭ ਤੋਂ ਪਹਿਲਾਂ ਤਾਂ ਹਿਲਡੇ ਨੇ ਉਹ ਪੂਰੀ ਪੂਰੀ ਤਫ਼ਸੀਲ ਜਾਨਣੀ ਸੀ ਕਿ ਕਾਸਤ੍ਰੂਪ ਤੋਂ ਲੈ ਕੇ ਘਰ ਤੱਕ ਆਉਂਦਿਆਂ ਕੀ ਕੀ ਵਾਪਰਿਆ ਸੀ। ਉਹ ਠਹਾਕੇ ਲਾਈ ਜਾ ਰਹੇ ਸਨ।

"ਤੁਹਾਨੂੰ ਕੈਫ਼ੇਟੇਰੀਆਂ ਵਾਲਾ ਲਿਫ਼ਾਫ਼ਾ ਨਹੀਂ ਸੀ ਦਿਸਿਆ?"

"ਮੈਨੂੰ ਬਹਿ ਕੇ ਕੁਝ ਵੀ ਖਾਣ ਦਾ ਮੌਕਾ ਨਹੀਂ ਮਿਲਿਆ, ਵੈਰਨੇਂ। ਹੁਣ ਮੇਰਾ ਭੁੱਖ ਨਾਲ ਬੁਰਾ ਹਾਲ ਹੈ।""ਵਿਚਾਰੇ ਡੈਡ।"

"ਟਰਕੀ ਵਾਲੀ ਉਹ ਸਾਰੀ ਗੱਲ ਝੂਠਮੂਠ ਹੀ ਸੀ, ਫੇਰ?"

"ਬਿਲਕੁਲ ਵੀ ਨਹੀਂ! ਮੈਂ ਸਭ ਕੁਝ ਬਣਾਇਆ ਹੋਇਆ ਹੈ। ਮੌਮ ਵਰਤਾਏਗੀ।"

ਫੇਰ ਉਨ੍ਹਾਂ ਰਿੰਗ ਬਾਈਂਡਰ ਅਤੇ ਸੋਫ਼ੀ ਅਤੇ ਅਲਬਰਟੋ ਦੀ ਕਹਾਣੀ ਨੂੰ ਸਿਰੇ ਤੋਂ ਸਿਰੇ ਤੱਕ ਦੁਹਰਾਉਣੀ ਸੀ ਅਤੇ ਫੇਰ ਵਾਪਸ ਪਰਤ ਕੇ ਫੇਰ ਅਗਾਂਹ ਨੂੰ ਆਉਣਾ ਸੀ।

ਮੌਮ ਲਿਆਈ ਟਰਕੀ ਅਤੇ ਵਾਲੌਰਫ਼ ਸਲਾਦ, ਗੁਲਾਬ ਦੀ ਵਾਈਨ ਅਤੇ ਹਿਲਡੇ ਦੀ ਘਰ ਬਣਾਈ ਡਬਲਰੋਟੀ।

ਉਸਦਾ ਪਿਤਾ ਪਲੈਟੋ ਬਾਰੇ ਕੁਝ ਕਹਿ ਹੀ ਰਿਹਾ ਸੀ ਕਿ ਹਿਲਡੇ ਨੇ ਅਚਾਨਕ ਟੋਕ ਦਿੱਤਾ: "ਸ਼ਸ਼!" "ਕੀ ਹੋਇਆ?"

"ਕੀ ਤੁਹਾਨੂੰ ਆਵਾਜ਼ ਨਹੀਂ ਆਈ? ਕੋਈ ਚੀਜ਼ ਚੂਹੇ ਵਾਂਗ ਚੀਂ ਚੀਂ ਜਿਹੀ ਕਰਦੀ?" "ਨਹੀਂ।"

"ਮੈਨੂੰ ਯਕੀਨ ਹੈ ਮੈਂ ਕੁਝ ਸੁਣਿਆ ਹੈ। ਸ਼ਾਇਦ ਵੱਡਾ ਚੂਹਾ ਹੀ ਹੋਵੇ।"

ਜਦੋਂ ਉਸਦੀ ਮਾਂ ਵਾਈਨ ਦੀ ਇੱਕ ਹੋਰ ਬੋਤਲ ਲਿਆਉਣ ਲਈ ਅੰਦਰ ਗਈ ਤਾਂ ਉਸਦੇ ਪਿਤਾ ਨੇ ਕਿਹਾ: "ਪਰ ਫ਼ਲਸਫ਼ੇ ਦਾ ਕੋਰਸ ਅਜੇ ਪੂਰਾ ਮੁੱਕਾ ਨਹੀਂ ਹੈ।" "ਨਹੀਂ ਮੁੱਕਾ?"

"ਅੱਜ ਰਾਤੀਂ ਮੈਂ ਤੈਨੂੰ ਬ੍ਰਹਿਮੰਡ ਬਾਰੇ ਦੱਸਾਂਗਾ।"

ਅਜੇ ਖਾਣ ਨਹੀਂ ਸੀ ਲੱਗੇ, ਕਿ ਉਨ੍ਹਾਂ ਆਪਣੀ ਪਤਨੀ ਨੂੰ ਕਿਹਾ, "ਹਿਲਡੇ ਤਾਂ ਹੁਣ ਮੇਰੇ ਪੱਟ 'ਤੇ ਬੈਠਣ ਲਈ ਬਹੁਤੀ ਹੀ ਵੱਡੀ ਹੋ ਗਈ ਹੈ। ਪਰ ਤੂੰ ਤਾਂ ਨਹੀਂ!" ਏਨਾ ਆਖ ਉਨ੍ਹਾਂ ਮਾਰੀਤ ਨੂੰ ਲੱਕ ਤੋਂ ਵਲ਼ ਕੇ ਆਪਣੀ ਝੋਲੀ ਵਿਚ ਖਿੱਚ ਲਿਆ। ਮਸਾਂ ਉਸਨੂੰ ਕੁਝ ਖਾਣ ਦਿੱਤਾ। "ਕੌਣ ਆਖੇਗਾ ਕਿ ਤੂੰ ਚਾਲ੍ਹੀਆਂ ਦੀ ਹੋਣ ਵਾਲੀ ਹੈਂ..."

The Unrolled Bedding

Navtej Singh

Translated by: Nirupama Dutt, Poonam Singh

Why resort to lies in Love...?

One wonders why songsters ever so often resort to lies when talking of their beloved or their country? Will your beloved be dear to you only if she is 'as beautiful as the moon'? Will your country only be precious to you if it is 'the best in the world'?

This must only be true for our songs... let me give the example of my own country __ ah yes, here you will butt in to ask just how is it my country when I am not even allowed there__ anyway, this was my opinion when I had never stepped out of my country, and now too when I know so much of the world outside, and I remain convinced that in no way is my land the best in the world; though, still, it is this very land of mine that most of all lives and breathes in my memories and mind.

Today when my eyes have seen and absorbed the beauty of a whole world, countless faces as 'beautiful as the moon' have left me besotten, it is that very first beloved of those seemingly endless days who remains seated as the dearest in my heart and my life, complete with the acne so common to early youthfulness...

So yes, songs overly stating and glorifying have never ever appealed to me; which maybe why I wish to myself pen a song fresh and new, a different kind of song about my dear simple land; but alas I know not how to write songs. Yes, if I had had the ability to pen one I would surely have said such in my song that had never ever been said before, in any song whatsoever, any song about love for one's own land.

So allow me to just say out what I would have woven into that song, the song that I never shall be able to pen! Many of you are fortunate, and are residing there, my own land, where I am no longer allowed.

As I told you, my country was just an ordinary piece of land in this our whole wide world. Summers there were unbearably hot and the winters exceedingly cold. The flowers there hardly got any window to bloom and dance. *Genda*,

the humble marigold and *gul abbassi*, the all weather periwinkle, are the only flowers in my childhood memories, and yes, of course, the wild *post* flowers, poppies. The only trees there were the *tahlis*, the indian rosewood. To the extent that for me in my childhood, the word *tahli* was for- tree. When I first saw a *beri*, the jujube tree, I had called it a *tahli* of the *ber* fruit, and I also had my other *tahlis*, the *kikars* and those of the *jamun* fruits.

There was that sole *jamun* tree in our backyard. It did not bear the big and juicy fruit sold in the markets, with a sprinkling of salt, our tree bore small and hard *jamuns*, the kind that do not seem to even pass

down your throat. But how I loved that *jamun* of ours!

One night, sleep was eluding me. My Ammi, mother, with her soft hands was lightly soothing my back which was tormentingly itchy from the summer heat blisters, that terrible *pitt*, while narrating for me the tale of the fairy, that was fairer than the moon, and dwelt on the moon too. She wished for me to marry that moon-fairy and go live there with her, also taking my Ammi along of course.

I had asked her, "Ammi, does the moon have *jamun*-fruit *tahlis*?"

My mother had heard about mountains made of silver and diamonds, flowing streams of milk and honey, of fairies and of that old woman with a spinning wheel, on the moon, but she had never ever heard any mention of *jamuns* and *kikars* in any of the tales, so she said, "No."

And it was from that moment onwards, that I had turned away from the moon - why go to such a moon...

The night that my mother told me this story had been a very hot night indeed, but my country would sometimes see even hotter nights. One such hot summer night such a *loo* was blowing, even at night, that strong, dry and hot afternoon wind of the summers, that my mother had to take me indoors and also shut all the doors and windows. I looked out through the glass of a window and saw my calf Lakhi, and her mother, scorching, their tongues hanging out, panting, when, even indoors, I was all hot and desperately thirsting for water; but then the water in the pitchers, and in any container whatsoever, was hot as oil, and none dared venturing outside to the handpump.

And, once, the winds brought such large hordes of locusts that they had devoured everything they possibly could off all the *tahlis*, *ber*s and *jamun* trees, leaving them totally bare. Even the train could not run for many days. Rail tracks had disappeared under those insects, and when the rail engine moved even a little, the crushed insects would turn into such a lot of pulp on the rail tracks that the engine, with a great fuff-fuff, would come to a stop.

Our village stood near the bank of a river. Ours was a very wide river. With a large sand-island in it's middle. This sand-island would grow big in winters, and shrink in summers, appearing nothing more than just a sparkle.

Mushrooms were a-plenty by the river, after the heavy monsoon rains and I would string them in a garland of sorts from the wild-grass. Never ever, anywhere, have I tasted something more delicious than what my Ammi would cook them into.

And there by our river were the watermelons, very big indeed. We would make use of the large stones in our river to hold up some watermelons for us, and when they were nice and cool, we would eat them to our heart's content. Never around here have I found watermelons as cool, as sweet and as red.

My school lay on the other side of the river, a good three miles away from the bank. To reach

it, I first had to cross our river in a boat. I would take my bicycle along too. But cycling those three miles was no easy task as a quarter of the path would be full of little pebbles that our river deposited there. I had to push my cycle very hard through them, heaving a sigh only on the paved road ahead.

Throughout the winters, I had to wake up very early indeed to make it to the school in time. I told you it was just too cold there in the winters. Ammi would first have to warm up my shoes over the *angeetthi's* fire, my socks and my feet too- only then would I be able to wear my socks and shoes. All that warming would be done for my hands and my gloves too.

In our winters there, if you were to leave milk outdoors at night, it would be found all frozen and the *khaals*, those man-made waterways in the fields, would be all frosty. When I got into the boat, the river would be so hidden in a mist, such a mist that 'one could not see one's own outspread hand' as they say .

Once I was in school, I would have to warm my hands on a fire for a long time, with my gloves on, only then would my fingers open up enough to hold the *kalam*, the reed pen.

In the afternoons, returning, the river would still be under a heavy fog.

There were crocodiles in our river. Once or twice I had even seen them resting on the sand-island. Life gives many a fright. But even at this age, the very picture of a crocodile still manages to scare me.

Across the fields of our village, to the north, was a small hill. On a holiday sometimes we would go play at its foot. There would be wild flowers there, *malhe*, the wild *ber*ries, and stones of varied colors. Once we even found a little broken statuette there. My father had then told us that it was a memento from some old civilization, thousands of years ago.

Stepping into my youth, my very first employment was that of a teacher in the same school that I had myself studied in. I would take that same route of crossing the river and cycling three miles to get to my work.

From my first salary, I joyfully bought for myself a bedding that would be all mine. You see, our home there saw a lot of visitors, ever coming and staying for short whiles, and we would always be found short of beddings. As I was the littlest, I had had to often get only what could be spared for me or a make-do by way of bedding, and many were the times that I had to share a bedding with one or the other, so I had understandably yearned long for a fine and proper bedding, all for myself and just mine. The *khes* and *durries* of our land were known far and wide.

When, for the first time, I had slept in my brand new bedding that I had myself purchased, my joy and thrill knew no bounds.

Ah, how sweet had been my sleep that night, and you must believe me when I tell you that it was that very night that I had first in a dream met my *mehbooba* - the girl I so

fancied- she and I were gathering wild poppies at the foot of our hill, when laughing she started to climb the hill, garlands of mushrooms round her neck, with a full moon smiling in the sky, when wings had grown on her shoulders, and on mine, and we were both flying...

Hardly a week or so had I slept on this bedding when I and millions of others had to forever leave this our land and come over to this Side. In the same way millions of people had to flee their land, Side, and cross over to That.

Those were some horrifying days indeed - as if crocodiles, out and beyond the river too, were swarming in every nook and corner everywhere.

I fled with my bedding and as they say, the three clothes I wore. All by myself, somehow or the other, I had come over to this Side.

In *kafilas*, the ever moving large groups, for the first few days, then in camps, in trucks, trains - the conditions had been such that there had been just no place to unroll my bedding-holdall, the *bistar-band*. After that, sometimes, I would be able to find a little space for the night, but even then I would just rest against my unrolled-out *bistar-band*, and rest thus.

With time I got a job in a private school. A kind soul helped me find a room and a cot to sleep on- there too, I did not find it in me to open and spread out my *bistra*, my bedding. Why on earth should I unroll my dear bedding in an unknown land! I will just pass away this time sleeping on this bare *manji*, jute cot. As it is, winter has not yet set in. (and what a very mild winter they have here in this land!). A month, two months, at most four, and the situation will calm down, and all will return to their own homes. The old days will come back and I shall only unroll my *bistra* in my own land, at my home with its *gul abbasis* and *gendas*, on the banks of our big river (why, the rivers here are no better than *nullahs*, mountain streams!) that the winter mists quite hide, by the banks of which, after the rains, mushrooms grow aplenty, and the watermelons are so cool there, so sweet and so red, and there is that hill, at the foot of which we had found the thousands of years old statuette that then rested on the mantelpiece in my drawing-room.... and there still lived my *mehbooba*...the girl I so fancied...

But a month, two months, four months and now from nearly twenty-three years - I have had to be here. I have a family now, a humble house of our own, which too has begun to see visitors, ever on their way in or out. But, even in any shortage of beddings, I never feel like opening and unrolling that *bistra* of mine, the bedding I had bought with my very first salary. That I had planned to only spread-out in my own country — ah, yes, again you will interrupt me, that how is it my country if I can not even go there! — Anyway that *bistra* remains ... unrolled...!

(1971)

SHIVALIK PUBLIC SCHOOL

(Affiliated to Central Board of Secondary Education, New Delhi)

Sector 78, S.A.S Nagar, Mohali 140308

Admission Helpline: 9988090615, 0172-2990615

ADMISSIONS OPEN

FOR ACADEMIC SESSION : 2026-2027 | **CLASSES NURSERY- IX**

Age for Nursery 3+ years (Born between 1st April, 2022 - 31st March, 2023)

Age for LKG 4+ years (Born between 1st April, 2021 - 31st March, 2022)

Age for KG 5+ years (Born between 1st April, 2020 - 31st March, 2021)

NURTURING MINDS, BUILDING LIFELONG LEARNERS

State-of-the Art-Infrastructure | Digital Classrooms | Thematic & Engaging Activities

Safe & Inclusive Environment | Green & Sustainable Practices

Interactive Teaching by Competent and Dedicated Faculty

STEM Learning | Innovative Approach

GPS enabled safe and secure transport is available in Sector 64, 65, 66, 67, 68, 69, 70, 71, 73, 77, 78, 79, 80, 81, 82, 84, 85, 86, 87, 88, 89, 90, 91, 94, 97, 99, 100, 105, 108, 109, 110, 111, 112, 113, 114, 115, 125, 126, Phase 9, Phase 10, Raipur Kalan, Saneta

Reservation is provided under RTE Act, 2009

OUR BRANCHES:

- **Shivalik Public School, Sector- 41 B, Chandigarh**
- **Shivalik Public School, SSST Nagar, Patiala**
- **Shivalik Public School, Phase-6, Mohali**
- **Shivalik Public School, Nawanshahr, Punjab**

Rediscover the pure, natural & nourishing taste of food made with unprocessed ingredients.

At **Back to Source**, we believe that
"Our Food must be our Medicine,
and our Medicine must be our Food."

In a world where the true taste of natural, wholesome food has been forgotten, we are dedicated to bringing back the purity and richness of unprocessed, preservative-free ingredients. Our mission is to help people rediscover the authentic flavors and nourishment that comes from real, thoughtfully prepared food.

We honour ancient traditions by using slow cooking methods in brass and copper utensils, ensuring that every dish is made with care and consciousness. Our ingredients, such as cold-pressed oils, raw sugar (desi khand), pure bilona cow ghee, non-GMO wheat flour, and single-source cow milk, are chosen for their health benefits. Cold-pressed oils support gut health, raw sugar is rich in antioxidants, and pure cow ghee provides essential nutrients for the body.

At **Back to Source**, we are committed to sustainability, rejecting the use of single-use plastics in our operations. We believe that convenience has come at a cost, and it's time to return to mindful, conscious eating that not only nourishes our bodies but also respects the environment.

Join us in experiencing food the way it was meant to be — pure, natural, and nourishing.

BACK TO SOURCE

café well being

BANARAS

BACK TO SOURCE
SCO 10-11-12, First Floor, Sector 17A, Chandigarh, 160017. India

0172 466 8444
https://back2source.in/
back_2_source